WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinews
@wPunjabiNews
@worldpunjabinews
@worldpunjabinews
INDIA AUSTRALIA CANADA NEW-ZEALAND U.S.A. U.K. U.A.E. QATAR ITALY BELGIUM FRANCE GREECE GERMANY AFRICA MALAYSIA PHILIPPINES THAILAND INDONESIA MAURITIUS



# ਕੇਂਦਰ ਵੱਲੋਂ ਕਿਸਾਨ ਆਗੂਆਂ ਨੂੰ ਗੱਲਬਾਤ ਦਾ ਸੱਦਾ

## 14 ਫਰਵਰੀ ਨੂੰ ਸ਼ਾਮ 5 ਵਜੇ ਚੰਡੀਗੜ੍ਹ ਦੇ ਸੈਕਟਰ 26 ਵਿਚ 'MGSIPA' ਵਿਚ ਹੋਵੇਗੀ ਬੈਠਕ

ਪਟਿਆਲਾ: ਕੇਂਦਰ ਸਰਕਾਰ ਨੇ ਪਿਛਲੇ 11 ਮਹੀਨਿਆਂ ਤੋਂ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਪਿਛਲੇ 54 ਦਿਨਾਂ ਤੋਂ ਮਰਨ ਵਰਤ ਉੱਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਨਿੱਘਰਦੀ ਹਾਲਤ ਦੇ ਮੱਦੇਨਜ਼ਰ ਕਿਸਾਨਾਂ ਨੂੰ ਗੱਲਬਾਤ ਦਾ ਸੱਦਾ ਦਿੱਤਾ ਹੈ।

ਇਹ ਗੱਲਬਾਤ 14 ਫਰਵਰੀ ਨੂੰ ਸ਼ਾਮ 5 ਵਜੇ ਚੰਡੀਗੜ੍ਹ ਦੇ ਸੈਕਟਰ 26 ਵਿਚ ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟਰੇਸ਼ਨ (MGSIPA) ਵਿਚ ਹੋਵੇਗੀ। ਕੇਂਦਰੀ ਖੇਤੀ ਮੰਤਰਾਲੇ 'ਚ ਜੁਆਇੰਟ ਸਕੱਤਰ ਪ੍ਰਿਯਾ ਰੰਜਨ ਨੇ ਅੱਜ ਖਨੌਰੀ ਬਾਰਡਰ 'ਤੇ ਕਿਸਾਨ ਆਗੂਆਂ ਨਾਲ ਪੰਜ ਘੰਟੇ ਦੇ ਕਰੀਬ ਚੱਲੀ ਬੈਠਕ ਮਗਰੋਂ ਉਪਰੋਕਤ ਐਲਾਨ ਕੀਤਾ। ਬੈਠਕ ਵਿਚ ਪੰਜਾਬ ਸਰਕਾਰ ਦੇ ਸੀਨੀਅਰ ਪ੍ਰਸ਼ਾਸਨਿਕ ਤੇ ਪੁਲੀਸ ਅਧਿਕਾਰੀ ਵੀ ਮੌਜੂਦ ਸਨ।

ਕੇਂਦਰ ਨਾਲ ਸਹਿਮਤੀ ਬਣਨ ਮਗਰੋਂ ਮਰਨ ਵਰਤ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਸਮੇਤ 122 ਕਿਸਾਨਾਂ ਨੂੰ ਤੁਰੰਤ ਵਰਤ ਖੋਲ੍ਹਣ ਦੀ ਅਪੀਲ ਕੀਤੀ ਗਈ ਹੈ। ਕੇਂਦਰੀ ਖੇਤੀ ਮੰਤਰਾਲੇ ਦੇ ਜੁਆਇੰਟ ਸਕੱਤਰ ਪ੍ਰਿਯਾ ਰੰਜਨ (ਆਈ.ਐੱਫ.ਐੱਸ.) ਅਤੇ ਕੁਝ ਹੋਰ ਅਧਿਕਾਰੀਆਂ ਨੇ ਡੱਲੇਵਾਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਤੁਰੰਤ ਇਲਾਜ ਕਰਾਉਣ ਦੀ ਅਪੀਲ ਕੀਤੀ। ਕੇਂਦਰੀ ਅਧਿਕਾਰੀਆਂ ਅਤੇ ਕਿਸਾਨਾਂ ਵਿਚਕਾਰ ਮੀਟਿੰਗਾਂ ਦਾ ਦੌਰ ਕਰੀਬ ਪੰਜ ਘੰਟਿਆਂ ਤੱਕ ਚੱਲਿਆ। ਮੀਟਿੰਗ ਵਿਚ ਰਿਟਾਇਰਡ ਏ.ਡੀ.ਜੀ.ਪੀ. ਜਸਕਰਨ ਸਿੰਘ, ਰਿਟਾਇਰਡ ਡੀ.ਆਈ.ਜੀ. ਨਰਿੰਦਰ ਭਾਰਗਵ ਸਮੇਤ ਡੀ.ਆਈ.ਜੀ. ਮਨਦੀਪ ਸਿੱਧੂ, ਡੀ.ਸੀ. ਡਾ. ਪ੍ਰੀਤੀ ਯਾਦਵ ਤੇ ਐੱਸ.ਐੱਸ.ਪੀ. ਡਾ. ਨਾਨਕ ਸਿੰਘ ਮੌਜੂਦ ਸਨ। ਕਿਸਾਨਾਂ ਵੱਲੋਂ ਕਾਕਾ ਸਿੰਘ ਕੋਟੜਾ, ਅਭਿਮੰਨਿਊ ਕੋਹਾੜ, ਜਸਵਿੰਦਰ ਲੌਂਗੋਵਾਲ, ਸਰਵਣ ਪੰਧੇਰ, ਲਖਵਿੰਦਰ ਔਲਖ, ਸੁਖਜੀਤ ਹਰਦੋਝੰਡੇ ਅਤੇ ਇੰਦਰਜੀਤ ਕੋਟਬੁੱਢੇ ਆਗੂ ਮੀਟਿੰਗ 'ਚ ਹਾਜ਼ਰ ਸਨ।

ਕਿਸਾਨਾਂ ਨੇ ਕੇਂਦਰ ਸਰਕਾਰ ਤਰਫ਼ੋਂ ਮਿਲੀ ਗੱਲਬਾਤ ਦੀ ਤਜਵੀਜ਼ 'ਤੇ ਵਿਚਾਰ ਵਟਾਂਦਰਾ ਕੀਤਾ, ਜਿਸ ਮਗਰੋਂ ਉਹ 14 ਫਰਵਰੀ ਨੂੰ ਮੀਟਿੰਗ ਲਈ ਰਾਜ਼ੀ ਹੋ ਗਏ। ਕਿਸਾਨਾਂ ਨੇ ਪਹਿਲਾਂ ਖ਼ਦਸ਼ਾ ਪ੍ਰਗਟਾਇਆ ਸੀ ਕਿ ਕਿਤੇ ਕੇਂਦਰ ਜਗਜੀਤ ਸਿੰਘ ਡੱਲੇਵਾਲ ਅਤੇ ਹੋਰ ਕਿਸਾਨਾਂ ਦਾ ਮਰਨ ਵਰਤ ਤੁੜਵਾ ਕੇ ਉਨ੍ਹਾਂ ਦੀਆਂ ਮੰਗਾਂ 'ਤੇ ਵਿਚਾਰ ਹੀ ਨਾ ਕਰੇ।

ਅਧਿਕਾਰੀਆਂ ਵੱਲੋਂ ਭਰੋਸਾ ਦਿੱਤੇ ਜਾਣ ਮਗਰੋਂ ਕਿਸਾਨ ਗੱਲਬਾਤ ਲਈ ਰਾਜ਼ੀ ਹੋ ਗਏ। ਕਿਸਾਨ ਆਗੂ ਅਭਿਮੰਨਿਊ ਕੋਹਾੜ ਅਤੇ ਹੋਰ ਕਿਸਾਨ ਆਗੂਆਂ ਨੇ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਨੂੰ ਕੇਂਦਰ ਵੱਲੋਂ ਭੇਜੇ ਗਈ ਮੀਟਿੰਗ ਦੀ ਤਜਵੀਜ਼ ਬਾਰੇ ਜਾਣਕਾਰੀ ਦਿੱਤੀ ਗਈ ਹੈ ਅਤੇ ਉਹ ਮਰਨ ਵਰਤ ਤੋੜਨ ਬਾਰੇ ਫ਼ੈਸਲਾ ਲੈਣਗੇ। ਉਨ੍ਹਾਂ ਕਿਹਾ ਕਿ ਮਰਨ ਵਰਤ 'ਤੇ ਬੈਠੇ 121 ਹੋਰ ਕਿਸਾਨਾਂ ਦਾ ਮਰਨ ਵਰਤ ਖੁੱਲ੍ਹਵਾਉਣ ਬਾਰੇ ਭਲਕੇ ਮੀਟਿੰਗ ਸੱਦੀ ਗਈ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਜਗਜੀਤ ਸਿੰਘ ਡੱਲੇਵਾਲ ਮਰਨ ਵਰਤ ਖੋਲ੍ਹਣ ਲਈ ਨਾ ਮੰਨੇ ਤਾਂ ਸਾਰੇ ਕਿਸਾਨ ਮਰਨ ਵਰਤ ਉਪਰ ਬੈਠ ਜਾਣਗੇ।



# ਚੋਣ ਲੜਾਈ 'ਚ ਕੇਜਰੀਵਾਲ 'ਤੇ ਪੱਥਰ ਨਾਲ ਹਮਲਾ

## AAP ਨੇ ਭਾਜਪਾ ਦੇ ਪਰਵੇਸ਼ ਵਰਮਾ 'ਤੇ ਲਗਾਇਆ ਇਲਜ਼ਾਮ ਪ੍ਰਵੇਸ਼ ਵਰਮਾ ਖੁਦ ਜ਼ਖਮੀਆਂ ਨੂੰ ਦੇਖਣ ਲਈ ਹਸਪਤਾਲ ਪਹੁੰਚੇ



ਨਵੀਂ ਦਿੱਲੀ: ਵਿਧਾਨ ਸਭਾ ਚੋਣਾਂ 'ਚ ਹੋਟ ਸੀਟ ਬਣੀ ਨਵੀਂ ਦਿੱਲੀ ਖੇਤਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਅਰਵਿੰਦ ਕੇਜਰੀਵਾਲ ਸ਼ਨੀਵਾਰ ਨੂੰ ਜਦੋਂ ਇਲਾਕੇ 'ਚ ਚੋਣ ਪ੍ਰਚਾਰ ਲਈ ਜਾ ਰਹੇ ਸਨ ਤਾਂ ਕੁਝ ਲੋਕਾਂ ਨੇ ਉਨ੍ਹਾਂ ਨੂੰ ਕਾਲੇ ਝੰਡੇ ਦਿਖਾ ਕੇ 'ਹਾਏ-ਹਾਏ ਕੇਜਰੀਵਾਲ' ਦੇ ਨਾਅਰੇ ਲਾਏ 'ਤੇ ਪੱਥਰ ਸੁੱਟੇ। ਕੇਜਰੀਵਾਲ ਦੀ ਕਾਰ ਚਲਾ ਰਹੇ ਡਰਾਈਵਰ ਨੇ ਰਫਤਾਰ ਵਧਾ ਦਿੱਤੀ, ਜਿਸ 'ਚ 2 ਲੋਕ ਜ਼ਖਮੀ ਹੋ ਗਏ। ਇਸ ਮਾਮਲੇ 'ਤੇ ਭਾਜਪਾ ਅਤੇ ਆਮ ਆਦਮੀ ਪਾਰਟੀ ਆਹਮੋ-ਸਾਹਮਣੇ ਆ ਗਈਆਂ ਹਨ। ਹਾਲਾਂਕਿ ਦਿੱਲੀ ਪੁਲਿਸ ਨੇ ਪਥਰਾਅ ਦੀ ਘਟਨਾ ਤੋਂ ਇਨਕਾਰ ਕੀਤਾ ਹੈ। ਭਾਜਪਾ ਉਮੀਦਵਾਰ ਪ੍ਰਵੇਸ਼ ਵਰਮਾ ਨੇ ਕਿਹਾ ਕਿ ਕੇਜਰੀਵਾਲ ਨੇ ਆਪਣੀ ਕਾਰ ਨਾਲ ਜਿਹੜੇ ਲੋਕਾਂ ਨੂੰ ਟੱਕਰ ਮਾਰੀ ਹੈ ਉਹ ਆਮ ਲੋਕ ਸਨ। ਜਦਕਿ ਆਮ ਆਦਮੀ ਪਾਰਟੀ ਨੇ ਭਾਜਪਾ 'ਤੇ ਹਮਲਾ ਬੋਲਦਿਆਂ ਕਿਹਾ ਕਿ ਭਾਜਪਾ ਹਾਰ ਦੇ ਡਰੋਂ ਘਬਰਾ ਗਈ ਹੈ। ਉਨ੍ਹਾਂ ਦੇ ਗੁੰਡਿਆਂ ਨੇ ਕੇਜਰੀਵਾਲ 'ਤੇ ਪੱਥਰ ਸੁੱਟੇ, ਪਾਰਟੀ ਨੇ ਪਰਵੇਸ਼ ਵਰਮਾ 'ਤੇ ਇਲਜ਼ਾਮ ਲਗਾਇਆ ਕਿ ਉਨ੍ਹਾਂ ਦੇ ਗੁੰਡਿਆਂ ਨੇ ਚੋਣ ਪ੍ਰਚਾਰ ਦੌਰਾਨ ਕੇਜਰੀਵਾਲ 'ਤੇ ਪੱਥਰਾਂ ਨਾਲ ਹਮਲਾ ਕਰਵਾਕੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ, ਤਾਂ ਜੋ ਉਹ ਪ੍ਰਚਾਰ ਨਾ ਕਰ ਸਕਣ। ਹਾਲਾਂਕਿ, ਭਾਜਪਾ ਉਮੀਦਵਾਰ ਪ੍ਰਵੇਸ਼ ਵਰਮਾ ਦਾ ਕਹਿਣਾ ਹੈ ਕਿ ਅਰਵਿੰਦ ਕੇਜਰੀਵਾਲ ਨੇ ਆਪਣੀ ਕਾਰ ਨਾਲ ਦੋ ਨੌਜਵਾਨਾਂ ਨੂੰ ਟੱਕਰ ਮਾਰ ਦਿੱਤੀ। ਦੋਵਾਂ ਨੂੰ ਲੇਡੀ ਹਾਰਡਿੰਗ ਹਸਪਤਾਲ ਲਿਜਾਇਆ ਗਿਆ ਹੈ। ਪ੍ਰਵੇਸ਼ ਵਰਮਾ ਖੁਦ ਜ਼ਖਮੀਆਂ ਨੂੰ ਦੇਖਣ ਲਈ ਲੇਡੀ ਹਾਰਡਿੰਗ ਹਸਪਤਾਲ ਪਹੁੰਚੇ।

# ਚੈਂਪੀਅਨਜ਼ ਟਰਾਫ਼ੀ ਲਈ ਭਾਰਤੀ ਟੀਮ ਦਾ ਐਲਾਨ

## ਮੁਹੰਮਦ ਸ਼ਮੀ ਦੀ ਟੀਮ 'ਚ ਵਾਪਸੀ, ਮੁਹੰਮਦ ਸਿਰਾਜ ਦੀ ਛੁੱਟੀ ਯਸ਼ੱਸਵੀ ਜੈਸਵਾਲ ਨੂੰ ਪਲੇਠੇ ਇਕ ਰੋਜ਼ਾ ਮੁਕਾਬਲੇ ਲਈ ਮੌਕਾ




ਅਜੀਤ ਅਗਰਕਰ ਦੀ ਅਗਵਾਈ ਵਾਲੀ ਚੋਣ ਕਮੇਟੀ ਨੇ ਚੈਂਪੀਅਨਜ਼ ਟਰਾਫ਼ੀ ਤੇ ਇੰਗਲੈਂਡ ਖਿਲਾਫ਼ ਤਿੰਨ ਇਕ ਰੋਜ਼ਾ ਘਰੇਲੂ ਮੈਚਾਂ ਦੀ ਲੜੀ ਲਈ ਭਾਰਤੀ ਟੀਮ ਦਾ ਐਲਾਨ ਕਰ ਦਿੱਤਾ ਹੈ। ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੂੰ ਟੀਮ ਦਾ ਹਿੱਸਾ ਬਣਾਇਆ ਗਿਆ ਹੈ, ਪਰ ਉਸ ਦੀ ਉਪਲੱਬਧਤਾ ਫਿਟਨੈਸ 'ਤੇ ਮੁਨੱਸਰ ਕਰੇਗੀ। ਚੋਣਕਾਰਾਂ ਨੇ ਪ੍ਰਤਿਭਾਸ਼ਾਲੀ ਸਲਾਮੀ ਬੱਲੇਬਾਜ਼ ਯਸ਼ੱਸਵੀ ਜੈਸਵਾਲ ਨੂੰ ਵੀ ਇਕ ਰੋਜ਼ਾ ਮੁਕਾਬਲੇ ਖੇਡਣ ਦਾ ਮੌਕਾ ਦਿੱਤਾ ਹੈ ਜਦੋਂਕਿ ਮੁਹੰਮਦ ਸ਼ਮੀ ਦੀ ਕੌਮੀ ਟੀਮ ਵਿਚ ਵਾਪਸੀ ਹੋਈ ਹੈ। ਹਾਲੀਆ ਆਸਟਰੇਲੀਆ ਦੌਰੇ ਦੌਰਾਨ ਸਿਡਨੀ ਟੈਸਟ ਵਿਚ ਬੁਮਰਾਹ ਕੜੱਲ ਦੀ ਸਮੱਸਿਆ ਕਰਕੇ ਟੈਸਟ ਮੈਚ ਦੇ ਆਖਰੀ ਦਿਨ ਗੇਂਦਬਾਜ਼ੀ ਨਹੀਂ ਕਰ ਸਕਿਆ ਸੀ। ਚੈਂਪੀਅਨਜ਼ ਟਰਾਫ਼ੀ 19 ਫਰਵਰੀ ਤੋਂ ਸ਼ੁਰੂ ਹੋਵੇਗੀ। ਮੁਕਾਬਲੇ ਦੀ ਮੇਜ਼ਬਾਨੀ ਪਾਕਿਸਤਾਨ ਵੱਲੋਂ ਕੀਤੀ ਜਾਣੀ ਹੈ, ਭਾਰਤ ਆਪਣੇ ਸਾਰੇ ਮੈਚ ਦੁਬਈ ਵਿਚ ਖੇਡੇਗਾ। ਸ਼ੁਭਮਨ ਗਿੱਲ ਨੂੰ ਭਾਰਤੀ ਟੀਮ ਦਾ ਉਪ ਕਪਤਾਨ ਬਣਾਇਆ ਗਿਆ ਹੈ ਜਦੋਂਕਿ ਤੇਜ਼ ਗੇਂਦਬਾਜ਼ ਮੁਹੰਮਦ ਸਿਰਾਜ ਨੂੰ ਟੀਮ ਵਿਚ ਥਾਂ ਨਹੀਂ ਮਿਲੀ। ਚੈਂਪੀਅਨਜ਼ ਟਰਾਫ਼ੀ ਤੇ ਇੰਗਲੈਂਡ ਖਿਲਾਫ਼ ਇਕ ਰੋਜ਼ਾ ਮੈਚਾਂ ਲਈ ਭਾਰਤੀ ਟੀਮ: ਰੋਹਿਤ ਸ਼ਰਮਾ (ਕਪਤਾਨ), ਸ਼ੁਭਮਨ ਗਿੱਲ (ਉਪ ਕਪਤਾਨ), ਵਿਰਾਟ ਕੋਹਲੀ, ਸ਼੍ਰੇਅਸ ਅੱਈਅਰ, ਕੇਐੱਲ ਰਾਹੁਲ, ਹਾਰਦਿਕ ਪੰਡਿਆ, ਅਕਸ਼ਰ ਪਟੇਲ, ਵਾਸ਼ਿੰਗਟਨ ਸੁੰਦਰ, ਕੁਲਦੀਪ ਯਾਦਵ, ਜਸਪ੍ਰੀਤ ਬੁਮਰਾਹ, ਮੁਹੰਮਦ ਸ਼ਮੀ, ਅਰਸ਼ਦੀਪ ਸਿੰਘ, ਯਸ਼ੱਸਵੀ ਜੈਸ਼ਵਾਲ, ਰਿਸ਼ਭ ਪੰਤ, ਰਵਿੰਦਰ ਜਡੇਜਾ, ਹਰਸ਼ਿਤ ਰਾਣਾ (ਸਿਰਫ਼ ਇੰਗਲੈਂਡ ਖਿਲਾਫ ਲੜੀ ਲਈ)।

## CONTENT


Front Page Page-01
Editorial Page-02
News Page-03
News Page-04
News Page-05
News Page-06
News Page-07
News Page-08
News Page-09
News Page-10
Crime, Law & Order Page-11
Literature Page-12
News Archives (Friday) Page-13
News Archives (Thursday) Page-15
News Archives (Wednesday) Page-17
News Archives (Tuesday) Page-19
News Archives (Monday) Page-21
News Archives (Sunday) Page-23


## CONNECT


Rupinder Singh Arora
(Chief Editor)

Like Us —» Follow Us —»
@worldpunjabinews facebook
@worldpunjabinews instagram
@worldpunjabinews youtube
@wpunjabinews twitter

Join Us —» Subscribe Us —»
@worldpunjabinews youtube
@worldpunjabinews telegram
WhatsApp Channel whatsapp
wa.me/channel/0029VaCugakCRs1iGjmFzbOg/

Reach Us —» Contact Us —»
+91 98155 88388 whatsapp, mobile
worldpunjabinews@gmail.com e-mail
www.worldpunjabinews.com website

Advertise with Us —»
+91 82839 16789 whatsapp, mobile
worldpunjabinews@outlook.com e-mail


# ਅਮਰੀਕਾ ਵਿੱਚ ਬੀਮਾ ਕੰਪਨੀਆਂ ਦਾ ਅਨੈਤਿਕ ਵਰਤਾਰਾ



WORLD PUNJABI NEWS NETWORK ਪਿਛਲੇ ਕੁਝ ਸਾਲਾਂ ਵਿੱਚ ਅਮਰੀਕਾ ਵਿੱਚ ਦੱਖਣੀ ਕੈਲੀਫੋਰਨੀਆ ਨੇ ਵਧੀਆਂ ਹੋਈਆਂ ਅੱਗਾਂ ਦੇ ਕਾਰਨ ਕਾਫ਼ੀ ਮੁਸ਼ਕਿਲਾਂ ਦਾ ਸਾਹਮਣਾ ਕੀਤਾ ਹੈ, ਖ਼ਾਸ ਤੌਰ 'ਤੇ ਲਾਸ ਏਂਜਲਸ ਖੇਤਰ ਵਿੱਚ। ਇਨ੍ਹਾਂ ਕੁਦਰਤੀ ਆਫ਼ਤਾਂ ਦੇ ਵਾਧੇ ਨਾਲ ਬਹੁਤ ਸਾਰੇ ਨਾਗਰਿਕਾਂ ਨੂੰ ਜਿਸ ਨਤੀਜੇ ਦਾ ਸਾਹਮਣਾ ਕਰਨਾ ਪਿਆ ਹੈ: ਉਹ ਹੈ ਉਹਨਾਂ ਦੇ ਘਰਾਂ ਦੀਆਂ ਬੀਮਾ ਪਾਲਿਸੀਆਂ ਦੀ ਰੱਦਗੀ (ਕੈਂਸਲੇਸ਼ਨ)। ਬੀਮਾ ਕੰਪਨੀਆਂ ਜੋ ਆਰਥਿਕ ਜੋਖ਼ਿਮ ਦੇ ਪ੍ਰਬੰਧ ਲਈ ਤਿਆਰ ਕੀਤੀਆਂ ਗਈਆਂ ਹਨ, ਨੇ ਉੱਚ-ਜੋਖ਼ਿਮ ਵਾਲੇ ਖੇਤਰਾਂ ਲਈ ਕਵਰੇਜ ਘਟਾਉਣ ਦਾ ਫੈਸਲਾ ਲਿਆ ਹੈ ਜਿਸ ਕਾਰਨ ਬਹੁਤ ਸਾਰੇ ਘਰਾਂ ਦੇ ਮਾਲਕ ਆਰਥਿਕ ਅਸਮਾਨਤਾ ਦਾ ਸਾਹਮਣਾ ਕਰ ਰਹੇ ਹਨ। ਇਨ੍ਹਾਂ ਪਾਲਿਸੀਆਂ ਨੂੰ ਰੱਦ ਕਰਨ ਦੇ ਕਾਰਨ ਕੀ ਹਨ, ਇਸ ਦੇ ਰਿਹਾਇਸ਼ੀਆਂ ਲਈ ਕੀ ਅਸਰ ਹਨ ਅਤੇ ਇਸ ਵਧਦੇ ਸੰਕਟ ਨੂੰ ਹੱਲ ਕਰਨ ਲਈ ਸੰਭਾਵੀ ਉਪਾਅ ਕੀ ਹੋ ਸਕਦੇ ਹਨ, ਇਸ ਬਾਰੇ ਵਿਚਾਰ ਕੀਤੀ ਜਾਵੇਗੀ।

ਜਲਵਾਯੂ ਚਿਤਾਵਨੀ, ਸ਼ਹਿਰੀ ਵਿਸਥਾਰ ਅਤੇ ਜੰਗਲਾਂ ਦੇ ਮਾੜੇ ਪ੍ਰਬੰਧਨ ਕਾਰਨ ਕੈਲੀਫੋਰਨੀਆ ਵਿੱਚ ਅੱਗਾਂ ਦੀ ਗਿਣਤੀ ਅਤੇ ਤੀਬਰਤਾ ਵਿੱਚ ਵਾਧਾ ਹੋਇਆ ਹੈ। ਵਧਦੇ ਗਲੋਬਲ ਤਾਪਮਾਨ ਨੇ ਸੁੱਕੇ ਸਮਿਆਂ ਨੂੰ ਲੰਮਾ ਕੀਤਾ ਹੈ, ਸੁੱਕੇ ਪੌਦਿਆਂ ਅਤੇ ਘਾਹ-ਫੂਸ ਦੀ ਗਿਣਤੀ ਵਧਾ ਦਿੱਤੀ ਹੈ ਜਿਸ ਨੇ ਗਰਮੀ ਦੀਆਂ ਲਹਿਰਾਂ ਨੂੰ ਵਧਾ ਦਿੱਤਾ ਹੈ। ਇਸ ਵਰਤਾਰੇ ਨੇ ਵਿਸ਼ਾਲ ਇਲਾਕੇ ਵਿੱਚ ਹੋਰ ਜ਼ਿਆਦਾ ਅਤੇ ਲੰਮੇ ਸਮੇਂ ਤੱਕ ਚਲਣ ਵਾਲੀਆਂ ਅੱਗਾਂ ਲਈ ਕਾਰਨ ਪੈਦਾ ਕੀਤੇ ਹਨ ਅਤੇ ਨਿਵਾਸੀਆਂ ਲਈ ਬੇਹੱਦ ਖ਼ਤਰਨਾਕ ਹਾਲਾਤ ਪੈਦਾ ਕੀਤੇ ਹਨ। ਇਹੀ ਵਰਤਾਰਾ ਪੱਛਮੀ ਕੈਨੇਡਾ ਵਿਚਲੇ ਜੰਗਲਾਂ ਵਿੱਚ ਵੀ ਲਗਭਗ ਹਰ ਸਾਲ ਵਾਪਰਦਾ ਹੈ। ਜੰਗਲੀ ਅੱਗਾਂ ਨਾਲ ਨਜਿੱਠਣਾ ਕੋਈ ਬੱਚਿਆਂ ਦੀ ਖੇਡ ਨਹੀਂ ਹੁੰਦੀ। ਸੜਕੀ ਆਵਾਜਾਈ ਹੁੰਦੀ ਨਹੀਂ ਅਤੇ ਹੈਲੀਕਾਪਟਰ ਰਾਹੀਂ ਪਾਣੀ ਤੇ ਹੋਰ ਘੋਲਾਂ ਦਾ ਛਿੜਕਾਓ ਬਹੁਤ ਔਖਾ ਹੋ ਜਾਂਦਾ ਹੈ ਪਰ ਲਾਸ ਏਂਜਲਸ ਦੇ ਮਹਿੰਗੇ ਇਲਾਕੇ ਵਿੱਚ ਅੱਗ ਨੇ ਬਹੁਤ ਭਾਰੀ ਘਰਾਂ ਅਤੇ ਵਪਾਰਕ ਥਾਵਾਂ ਦਾ ਨੁਕਸਾਨ ਕੀਤਾ ਹੈ ਜੋ ਅਜੇ ਵੀ ਜਾਰੀ ਹੈ। ਲਾਸ ਏਂਜਲਸ ਖੇਤਰ ਆਪਣੇ ਅੱਗ ਪ੍ਰਭਾਵਿਤ ਪਹਾੜੀ ਖੇਤਰਾਂ ਅਤੇ ਸ਼ਹਿਰੀ ਵਿਕਾਸ ਦੇ ਨਾਲ ਖ਼ਾਸ ਤੌਰ 'ਤੇ ਖਤਰਨਾਕ ਬਣ ਗਿਆ ਹੈ। ਸਿਰਫ 2023 ਵਿੱਚ ਕੈਲੀਫੋਰਨੀਆ ਨੇ 4000 ਤੋਂ ਵੱਧ ਅੱਗਾਂ ਦਾ ਸਾਹਮਣਾ ਕੀਤਾ ਜਿਸ ਨਾਲ ਹਜ਼ਾਰਾਂ ਘਰ ਨਸ਼ਟ ਹੋਏ ਅਤੇ ਅਰਬਾਂ ਡਾਲਰ ਦਾ ਨੁਕਸਾਨ ਹੋਇਆ। ਇਨ੍ਹਾਂ ਨੂੰ ਘਟਾਉਣ ਲਈ ਰਾਜ ਤੇ ਕੇਂਦਰੀ ਏਜੰਸੀਆਂ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ ਪਰ ਟਾਊਨਸ਼ਿਪ ਦੀ ਦੁਬਾਰਾ ਰਚਨਾ ਦੀ ਲਾਗਤ ਨੇ ਬੀਮਾ ਕੰਪਨੀਆਂ 'ਤੇ ਭਾਰੀ ਦਬਾਅ ਪਾਇਆ ਹੈ। ਹਰ ਬੀਮਾ ਕੰਪਨੀ ਲਾਭ ਪ੍ਰਾਪਤ ਕਰਨ ਲਈ ਕਾਰੋਬਾਰ ਵਿੱਚ ਉਤਰਦੀ ਹੈ। ਉਹ ਕਿਸੇ ਵੀ ਜਾਇਦਾਦ ਦੀ ਕੀਮਤ ਨੂੰ ਆਧਾਰ ਬਣਾ ਕੇ ਕਿਸ਼ਤਾਂ (ਈਐੱਮਆਈ) ਵਸੂਲਦੀ ਹੈ। ਕੋਈ ਵੀ ਕਲੇਮ ਨਾ ਆਉਣ ਦੀ ਸੂਰਤ ਵਿੱਚ ਸਾਲ ਬਾਅਦ ਨੋ ਕਲੇਮ ਬੋਨਸ ਦੀ ਰਿਆਇਤ ਦੇ ਦਿੰਦੀ ਹੈ। ਜਦੋਂ ਕਿਸੇ ਜਾਇਦਾਦ ਦੇ ਬੀਮੇ ਦਾ ਜੋਖ਼ਿਮ ਬਹੁਤ ਵਧ ਜਾਂਦਾ ਹੈ ਤਾਂ ਉਹ ਪ੍ਰੀਮੀਅਮ (ਕਿਸ਼ਤ) ਵਧਾ ਸਕਦੀਆਂ ਹਨ, ਸਖ਼ਤ ਨਿਯਮ ਲਾਗੂ ਕਰ ਸਕਦੀਆਂ ਹਨ ਜਾਂ ਪਾਲਿਸੀਆਂ ਰੱਦ ਕਰ ਸਕਦੀਆਂ ਹਨ, (ਜੇਕਰ ਪਾਲਿਸੀ ਸ਼ਰਤਾਂ ਵਿੱਚ ਇਹ ਨੁਕਤਾ ਲਿਖਿਆ ਹੋਵੇ)। ਅਜਿਹੇ ਖੇਤਰਾਂ ਜਿਵੇਂ ਲਾਸ ਏਂਜਲਸ ਵਿੱਚ ਅੱਗ ਨਾਲ ਸਬੰਧਿਤ ਨੁਕਸਾਨਾਂ ਦੀ ਭਾਰੀ ਮਾਤਰਾ ਨੇ ਬੀਮਾ ਕੰਪਨੀਆਂ ਲਈ ਮੁਨਾਫ਼ੇ ਵਿੱਚ ਬਣੇ ਰਹਿਣ ਅਤੇ ਅੱਗੇ ਤੋਂ ਕਵਰੇਜ ਦੇਣ ਨੂੰ ਮੁਸ਼ਕਿਲ ਬਣਾ ਦਿੱਤਾ ਹੈ। ਕੈਲੀਫੋਰਨੀਆ ਕਾਨੂੰਨ ਬੀਮਾ ਕੰਪਨੀਆਂ ਨੂੰ ਮਜਬੂਰ ਕਰਦਾ ਹੈ ਕਿ ਉਹ ਸੰਭਾਵੀ ਦਾਅਵਿਆਂ ਨੂੰ ਕਵਰ ਕਰਨ ਲਈ ਪ੍ਰਾਪਤ ਰਾਖਵਾਂ ਫੰਡ ਰੱਖਣ ਹਾਲਾਂਕਿ ਅੱਗ ਦੇ ਜੋਖ਼ਿਮਾਂ ਦੀ ਵਧੀ ਲਾਗਤ ਨੇ ਪ੍ਰੀਮੀਅਮ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਰਕਮ ਨੂੰ ਪਾਰ ਕਰ ਦਿੱਤਾ ਹੈ ਜਿਸ ਨਾਲ ਕਈ ਕੰਪਨੀਆਂ ਦੀ ਆਰਥਿਕ ਸਥਿਰਤਾ ਖ਼ਤਰੇ ਵਿੱਚ ਪਈ ਹੈ। ਨਤੀਜੇ ਵਜੋਂ ਬੀਮਾਕਰਤਾਵਾਂ ਨੇ ਉੱਚ-ਜੋਖ਼ਿਮ ਵਾਲੇ ਖੇਤਰਾਂ ਵਿੱਚ ਆਪਣੀ ਕਵਰੇਜ ਬਾਰੇ ਪੁਨਰ-ਵਿਚਾਰ ਕੀਤਾ ਹੈ ਜਿਸ ਨਾਲ ਘਰ ਦੇ ਮਾਲਕਾਂ ਲਈ ਪਾਲਿਸੀਆਂ ਦੀ ਵਿਆਪਕ ਰੱਦਗੀ (ਕੈਂਸਲੇਸ਼ਨ) ਹੋਈ ਹੈ।

ਪ੍ਰਾਈਵੇਟ ਬੀਮਾ ਕੰਪਨੀਆਂ ਦੁਆਰਾ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਪਾਲਿਸੀਆਂ ਰੱਦ ਕਰਨ ਲਈ ਕਈ ਕਾਰਕ ਜ਼ਿੰਮੇਵਾਰ ਹਨ। ਬਿਨਾਂ ਬੀਮੇ ਦੇ, ਘਰ ਦੇ ਮਾਲਕਾਂ ਨੂੰ ਅੱਗ ਦੇ ਘਟਨਾ ਵਿੱਚ ਆਪਣੇ ਘਰ ਦੀ ਦੁਬਾਰਾ ਮੁਰੰਮਤ ਜਾਂ ਨਿਰਮਾਣ ਦੀ ਲਾਗਤ ਖੁਦ ਹੀ ਉਠਾਉਣੀ ਪੈਂਦੀ ਹੈ। ਇਹ ਬੋਝ ਕਈਆਂ ਲਈ ਅਸਹਿ ਹੈ ਜੋ ਉਨ੍ਹਾਂ ਦੀ ਆਰਥਿਕ ਸਥਿਰਤਾ ਅਤੇ ਭਵਿੱਖ ਦੀ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ ਅਤੇ ਬਸ ਇਹੀ ਨਹੀਂ, ਬਿਨਾਂ ਬੀਮੇ ਦੇ ਘਰ ਵੇਚਣਾ ਜਾਂ ਗਿਰਵੀ ਲੈਣਾ ਵੀ ਕਾਫ਼ੀ ਮੁਸ਼ਕਿਲ ਬਣ ਜਾਂਦਾ ਹੈ। ਬਹੁਤ ਸਾਰੇ ਵਪਾਰਕ ਬੈਂਕ ਅਤੇ ਫਾਇਨੈਂਸਿੰਗ ਸਥਾਨ ਘਰੇਲੂ ਬੀਮੇ ਦੇ ਬਿਨਾਂ ਗਿਰਵੀ ਨੂੰ ਮਨਜ਼ੂਰੀ ਨਹੀਂ ਦਿੰਦੇ। ਇਸ ਕਾਰਨ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਜਾਇਦਾਦਾਂ ਦੀਆਂ ਕੀਮਤਾਂ ਡਿੱਗ ਰਹੀਆਂ ਹਨ। ਕਿਰਾਏਦਾਰਾਂ ਲਈ ਵੀ ਬੀਮਾ ਦੀ ਰੱਦਗੀ ਨਾਲ ਕਿਰਾਏ ਵਧ ਰਹੇ ਹਨ ਕਿਉਂਕਿ ਮਕਾਨ ਮਾਲਕ ਆਪਣੇ ਵਧੇ ਹੋਏ ਖ਼ਰਚੇ ਜਾਂ ਜੋਖ਼ਿਮਾਂ ਨੂੰ ਕਿਰਾਏਦਾਰਾਂ 'ਤੇ ਪਾ ਰਹੇ ਹਨ। ਇਸ ਨਾਲ ਲਾਸ ਏਂਜਲਸ ਵਿੱਚ ਮੌਜੂਦਾ ਮਕਾਨ ਮਾਲਕਾਂ (ਬਿਲਡਰ ਕੰਪਨੀਆਂ) ਅਤੇ ਕਿਰਾਏਦਾਰਾਂ ਨੂੰ ਰਿਹਾਇਸ਼ੀ ਸੰਕਟ ਵਿੱਚ ਹੋਰ ਡੂੰਘਾ ਸੁੱਟ ਦਿੱਤਾ ਹੈ ਪਰ ਬੀਮਾ ਕੰਪਨੀਆਂ ਦਾ ਆਪਣੇ ਤੌਰ 'ਤੇ ਹੀ ਮਕਾਨ ਪਾਲਸੀਆਂ ਨੂੰ ਰੱਦ ਕਰਨਾ ਅਨੈਤਿਕ ਕਦਮ ਹੈ। ਆਖ਼ਿਰ ਕੋਈ ਵਿਅਕਤੀ ਬੀਮਾ ਕਰਵਾਉਂਦਾ ਹੀ ਕਿਉਂ ਹੈ?

ਚਿੰਤਾ ਮੁਕਤ ਹੋਣ ਲਈ ਕਿ ਕਿਸੇ ਵੀ ਅਣਸੁਖਾਵੀਂ ਘਟਨਾ ਦਾ ਬੋਝ ਉਸ ਦੇ ਪਰਿਵਾਰ ਨੂੰ ਦੀਵਾਲੀਆ ਨਾ ਬਣਾ ਦੇਵੇ। ਕਿਸੇ ਵੀ ਜੋਖ਼ਿਮ ਨੂੰ ਆਂਕਣ ਦਾ ਜ਼ਿੰਮਾ ਬੀਮਾ ਕੰਪਨੀ ਦਾ ਹੈ। ਸਥਾਨਕ ਸਰਕਾਰ ਦੇ ਕਾਨੂੰਨ ਨੂੰ ਇਸ ਤਰ੍ਹਾਂ ਦੀ ਮਨਮਰਜ਼ੀ ਨਹੀਂ ਚੱਲਣ ਦੇਣੀ ਚਾਹੀਦੀ। ਕੰਪਨੀਆਂ ਸਟੇਟ ਜਾਂ ਫੈਡਰਲ ਸਰਕਾਰ ਤੋਂ ਵਿੱਤੀ ਹਾਲਾਤ ਦੱਸ ਕੇ ਮਦਦ ਲਵੇ ਪਰ ਹਰ ਹਾਲਤ ਵਿੱਚ ਨਾਗਰਿਕਾਂ ਦੇ ਨਾਲ ਖੜ੍ਹੇ।

ਰੀਇੰਸ਼ੋਰੈਂਸ ਕੰਪਨੀਆਂ ਨੂੰ ਵੀ ਆਪਣੇ ਪ੍ਰੀਮੀਅਮ ਰਿਵਿਊ ਕਰਨ ਦੀ ਲੋੜ ਪੈ ਸਕਦੀ ਹੈ। ਕੈਲੀਫੋਰਨੀਆ ਦੇ ਗਵਰਨਰ ਗੈਵਨ ਨਿਊਸਮ ਨੇ ਨਵੇਂ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਸੂਬੇ ਦਾ ਦੌਰਾ ਕਰਨ ਦੀ ਬੇਨਤੀ ਕੀਤੀ ਹੈ ਤਾਂ ਕਿ ਲੋਕਾਂ ਦੇ ਜ਼ਖ਼ਮਾਂ ਉੱਤੇ ਮਲ੍ਹਮ ਲਾਈ ਜਾ ਸਕੇ। ਅੱਗ ਪ੍ਰਭਾਵਿਤ ਖੇਤਰਾਂ ਵਿੱਚ ਬੀਮੇ ਦੀ ਰੱਦਗੀ ਨੇ ਨਿੱਜੀ ਉਦਯੋਗ ਅਤੇ ਜਨਤਕ ਸੁਰੱਖਿਆ ਦੇ ਵਿਚਕਾਰ ਵਧਦੇ ਤਣਾਅ ਨੂੰ ਉਜਾਗਰ ਕੀਤਾ ਹੈ। ਮਸਲਾ ਹੱਲ ਕਰਨ ਲਈ ਬਹੁ-ਪੱਖੀ ਵਿਧੀਆਂ ਦੀ ਲੋੜ ਹੈ ਜਿਹੜੀਆਂ ਬੀਮਾ ਕੰਪਨੀਆਂ, ਘਰੇਲੂ ਮਾਲਕਾਂ ਅਤੇ ਸਮਾਜ ਦੇ ਵਿਆਪਕ ਹਿੱਸੇ ਦੀਆਂ ਲੋੜਾਂ ਨੂੰ ਸਾਰਿਆਂ ਦੇ ਭਲੇ ਲਈ ਸਮਝਦਾਰੀ ਨਾਲ ਸੰਤੁਲਿਤ ਕਰ ਸਕਣ। ਕੁਝ ਸੰਭਾਵੀ ਹੱਲ ਹੇਠਾਂ ਦਿੱਤੇ ਗਏ ਹਨ:

**1)** ਸਟੇਟ ਫੰਡਿਡ ਬੀਮਾ ਪ੍ਰੋਗਰਾਮ: ਕੈਲੀਫੋਰਨੀਆ ਦੀ 'ਫੇਅਰ ਐਕਸੈਸ ਟੂ ਇਨਸ਼ੋਰੈਂਸ ਰਿਕੁਆਇਰਮੈਂਟਸ' ਯੋਜਨਾ ਉਨ੍ਹਾਂ ਮਾਲਕਾਂ ਲਈ ਆਖ਼ਿਰੀ ਬਦਲ ਵਜੋਂ ਕੰਮ ਕਰਦੀ ਹੈ ਜਿਹਨਾਂ ਨੂੰ ਨਿੱਜੀ ਮਾਰਕੀਟ ਵਿੱਚ ਕਵਰੇਜ ਨਹੀਂ ਮਿਲਦਾ। ਇਸ ਯੋਜਨਾ ਨੂੰ ਵਧਾਉਣਾ ਅਤੇ ਵਾਧੂ ਫੰਡ ਮੁਹੱਈਆ ਕਰਨਾ ਯਕੀਨੀ ਬਣਾ ਸਕਦਾ ਹੈ ਕਿ ਸਾਰੇ ਨਿਵਾਸੀਆਂ ਨੂੰ ਘੱਟੋ-ਘੱਟ ਬੁਨਿਆਦੀ ਕਵਰੇਜ ਮਿਲੇ।

**2)** ਜੋਖ਼ਿਮ ਘਟਾਉਣ ਲਈ ਪ੍ਰੇਰਨਾ: ਸਰਕਾਰ ਅਤੇ ਬੀਮਾ ਕੰਪਨੀਆਂ ਘਰੇਲੂ ਮਾਲਕਾਂ ਨੂੰ ਅੱਗ ਰੋਕੂ ਉਪਕਰਨ ਲਾਗੂ ਕਰਨ ਲਈ ਪ੍ਰੇਰ ਸਕਦੀਆਂ ਹਨ, ਜਿਵੇਂ ਸੁੱਕੀ ਵਸਤਾਂ ਜਾਂ ਘਾਹ ਨੂੰ ਹਟਾਉਣਾ, ਅੱਗ ਰੋਕੂ ਛੱਤਾਂ ਬਣਾਉਣੀਆਂ ਅਤੇ ਘਰ ਦੇ ਆਲੇ-ਦੁਆਲੇ ਸੁਰੱਖਿਆ ਵਾਲੇ ਖਾਲੀ ਖੇਤਰ ਬਣਾਉਣਾ।

**3)** ਘਰਾਂ ਦੇ ਨਕਸ਼ੇ ਨੂੰ ਹਵਾ ਦੇ ਰੁਖ਼ ਮੁਤਾਬਕ ਬਣਾਉਣਾ।

**4)** ਹਰੇ ਰੁੱਖਾਂ ਦਾ ਘੇਰਾ, ਅੱਗ ਨੂੰ ਅੱਗੇ ਵਧਣ ਤੋਂ ਰੋਕਣ ਦੀ ਰਫ਼ਤਾਰ ਨੂੰ ਘੱਟ ਕਰਨਾ। ਸਭ ਤੋਂ ਵੱਧ ਹੈਰਾਨੀ ਸਰਦੀਆਂ ਦੇ ਮੌਸਮ ਵਿੱਚ ਅੱਗ ਦੀਆਂ ਘਟਨਾਵਾਂ ਦਾ ਵਾਪਰਨਾ ਹੈ। ਇਸ ਦੀ ਗਹਿਰਾਈ ਨਾਲ ਛਾਣਬੀਣ ਹੋਣੀ ਚਾਹੀਦੀ ਹੈ। ਇਨ੍ਹਾਂ ਪ੍ਰਬੰਧਾਂ ਨਾਲ ਬੀਮੇ ਦੇ ਵਧੇ ਖ਼ਰਚਿਆਂ ਨੂੰ ਕਾਫੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

**5)** ਜਲਵਾਯੂ ਐਕਸ਼ਨ ਪਲਾਨ: ਇਸ ਚਿਤਾਵਨੀ ਦੇ ਮੂਲ ਕਾਰਨਾਂ ਨੂੰ ਹੱਲ ਕਰਨਾ, ਅੱਗ ਘਟਨਾਵਾਂ ਦੀ ਗਿਣਤੀ ਅਤੇ ਤੀਬਰਤਾ ਨੂੰ ਘਟਾਉਣ ਲਈ ਅਤਿ ਜ਼ਰੂਰੀ ਹੈ। ਇਸ ਵਿੱਚ ਨਵੀਨੀਕਰਨ ਯੋਗ ਊਰਜਾ ਵਿੱਚ ਨਿਵੇਸ਼, ਗ੍ਰੀਨਹਾਊਸ ਗੈਸਾਂ ਦੀ ਨਿਕਾਸੀ ਘਟਾਉਣਾ ਹੈ।

**6)** ਜੰਗਲ ਪ੍ਰਬੰਧਨ ਵਿੱਚ ਸੁਧਾਰ: ਜੰਗਲਾਂ ਦਾ ਸਹੀ ਪ੍ਰਬੰਧਨ ਅੱਗ ਨੂੰ ਫੈਲਣ ਤੋਂ ਰੋਕਣ ਲਈ ਬਹੁਤ ਮਹੱਤਵਪੂਰਨ ਹੈ।

ਸਰਕਾਰਾਂ, ਬੀਮਾ ਕੰਪਨੀਆਂ ਅਤੇ ਸਥਾਨਕ ਭਾਈਚਾਰਿਆਂ ਨੂੰ ਇੱਕਠੇ ਹੋਣ ਅਤੇ ਅਜਿਹੇ ਨਵੇਂ ਹੱਲ ਖੋਜਣ ਦੀ ਲੋੜ ਹੈ ਜਿਹੜੇ ਜੋਖ਼ਿਮ ਪ੍ਰਬੰਧਨ ਅਤੇ ਸਸਤੀ ਤੇ ਸਹੀ ਬੀਮਾ ਕਵਰੇਜ ਦੀ ਲੋੜ ਨੂੰ ਸੰਤੁਲਿਤ ਕਰ ਸਕਣ। ਲਾਸ ਏਂਜਲਸ ਨਿਵਾਸੀਆਂ ਲਈ ਬੀਮਾ ਪਾਲਿਸੀਆਂ ਦੀ ਰੱਦਗੀ, ਜਲਵਾਯੂ ਚਿਤਾਵਨੀ ਅਤੇ ਕੁਦਰਤੀ ਆਫ਼ਤਾਂ ਦੇ ਵਧਦੇ ਕਹਿਰ ਦੀ ਖੁਲ੍ਹੀ ਯਾਦ ਦਿੰਦੀ ਹੈ; ਬੀਮਾ ਕੰਪਨੀਆਂ ਲਈ ਆਰਥਿਕ ਟਿਕਾਊਪਣ ਦੀ ਲੋੜ ਜ਼ਰੂਰੀ ਹੈ, ਕਵਰੇਜ ਨੂੰ ਵਾਪਸ ਲੈਣਾ ਘਰ ਦੇ ਮਾਲਕਾਂ ਨੂੰ ਅਸੁਰੱਖਿਅਤ ਛੱਡ ਰਿਹਾ ਹੈ ਅਤੇ ਸਮਾਜਿਕ ਨਿਆਂ ਤੇ ਸਮਰੱਥ ਹੱਲਾਂ ਲਈ ਸਵਾਲ ਉਠਾ ਰਿਹਾ ਹੈ। ਅਸੰਭਵ ਨੁਕਸਾਨ ਅਨੁਪਾਤ ਬੀਮਾ ਕੰਪਨੀਆਂ ਲਈ ਅੱਗ ਪ੍ਰਭਾਵਿਤ ਖੇਤਰਾਂ ਵਿੱਚ ਨੁਕਸਾਨ ਅਨੁਪਾਤ ਲਗਭਗ ਅਸੰਭਵ ਹੋ ਸਕਦੇ ਹਨ।

ਰੀਇੰਸ਼ੋਰੈਂਸ ਜੋ ਬੀਮਾ ਕੰਪਨੀਆਂ ਲਈ ਬੀਮਾ ਹੈ, ਉਹਨਾਂ ਨੂੰ ਐਮਰਜੈਂਸੀ ਹਾਲਾਤ ਦੇ ਜੋਖ਼ਿਮ ਨੂੰ ਸਾਂਝਾ ਕਰਨ ਦਿੰਦਾ ਹੈ ਹਾਲਾਂਕਿ ਜਿਵੇਂ ਅੱਗਾਂ ਜ਼ਿਆਦਾ ਤਬਾਹੀ ਵਾਲੀਆਂ ਹੋ ਰਹੀਆਂ ਹਨ, ਰੀਇੰਸ਼ੋਰੈਂਸ ਦੀ ਲਾਗਤ ਵੀ ਵਧ ਰਹੀ ਹੈ। ਇਸ ਵਾਧੂ ਖ਼ਰਚ ਨੇ ਬੀਮਾ ਕੰਪਨੀਆਂ ਦੀ ਸਮਰੱਥਾ ਨੂੰ ਹੋਰ ਘਟਾ ਦਿੱਤਾ ਹੈ। ਕੈਲੀਫੋਰਨੀਆ ਦੇ ਕਾਨੂੰਨ ਬੀਮਾ ਪ੍ਰੀਮੀਅਮ ਵਧਾਉਣ ਵਿੱਚ ਸੀਮਿਤ ਕਰਨ ਵਿੱਚ ਬਹੁਤ ਸਖ਼ਤ ਹਨ ਹਾਲਾਂਕਿ ਇਹ ਨਿਯਮ ਗ੍ਰਾਹਕਾਂ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਇਸ ਨਾਲ ਬੀਮਾ ਕੰਪਨੀਆਂ ਲਈ ਜੋਖ਼ਿਮਾਂ ਦੀ ਅਸਲੀ ਲਾਗਤ ਨੂੰ ਦਰਸਾਉਣ ਵਾਲੇ ਦਰਾਂ ਵਿੱਚ ਸੋਧ ਕਰਨਾ ਮੁਸ਼ਕਿਲ ਬਣਦਾ ਹੈ। ਜੋਖ਼ਿਮ ਵਿਸ਼ਲੇਸ਼ਣ ਟੈਕਨੋਲੋਜੀ ਜਿਵੇਂ ਸੈਟੇਲਾਈਟ ਇਮੇਜਿੰਗ ਅਤੇ ਏਆਈ ਮਾਡਲਿੰਗ ਵਰਗੀਆਂ ਜੋਖ਼ਿਮ ਅਨੈਲਸਿਸ ਟੂਲਾਂ ਦੀ ਕਾਢ ਨੇ ਬੀਮਾ ਕੰਪਨੀਆਂ ਨੂੰ ਉੱਚ-ਜੋਖ਼ਿਮ ਜਾਇਦਾਦਾਂ ਦੀ ਪਛਾਣ ਕਰਨ ਵਿੱਚ ਸਹਾਇਤਾ ਕੀਤੀ ਹੈ। ਕਾਨੂੰਨੀ ਅਤੇ ਆਰਥਿਕ ਦਬਾਅ ਅਧੀਨ ਬੀਮਾ ਕੰਪਨੀਆਂ ਨੂੰ ਅੱਗ ਦੇ ਨੁਕਸਾਨਾਂ ਨਾਲ ਜੁੜੇ ਮੁਕੱਦਮਿਆਂ ਅਤੇ ਹੋਰ ਕਾਨੂੰਨੀ ਚੁਣੌਤੀਆਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਕੈਲੀਫੋਰਨੀਆਂ ਵਿੱਚ ਪੁਰਾਣੇ ਪੰਜਾਬੀ ਅਤੇ ਹੋਰ ਏਸ਼ੀਅਨ ਭਾਈਚਾਰਿਆਂ ਦੀ ਕਾਫੀ ਵੱਡੀ ਗਿਣਤੀ ਹੈ। ਆਸ ਕਰਦੇ ਹਾਂ ਕਿ ਸਰਕਾਰ, ਬੀਮਾ ਕੰਪਨੀਆਂ ਅਤੇ ਸਥਾਨਕ ਸੋਸ਼ਲ ਵਿਗਿਆਨੀ ਮਿਲ ਕੇ ਇਸ ਸਮੱਸਿਆ ਨੂੰ ਆਉਣ ਵਾਲੇ ਸਮੇਂ ਲਈ ਭਾਂਪਣਗੇ ਅਤੇ ਇੱਕ ਰਿਜ਼ਰਵ ਫੰਡ ਵੀ ਰੱਖਣਗੇ ਤਾਂ ਕਿ ਦੁਨੀਆ ਦੇ ਵਿਕਸਤ ਦੇਸ਼ ਵਿੱਚ ਨਿਹੱਥੇਪਨ ਦੀ ਤਸਵੀਰ ਨਜ਼ਰ ਨਾ ਆਏ।

**- ਕੇਵਲ ਸਿੰਘ ਰੱਤੜਾ**

# ਸੋਨਾ-ਚਾਂਦੀ ਹੋਇਆ ਮਹਿੰਗਾ

WORLD PUNJABI NEWS NETWORK ਸੋਨੇ ਦੀਆਂ ਕੀਮਤਾਂ 17 ਜਨਵਰੀ ਨੂੰ ਵਧੀਆਂ ਹਨ। ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ ਦੇ ਅਨੁਸਾਰ, 24 ਕੈਰਟ ਸੋਨੇ ਦਾ 10 ਗ੍ਰਾਮ 115 ਰੁਪਏ ਵਧ ਕੇ 79,299 ਰੁਪਏ ਹੋ ਗਿਆ ਹੈ। ਪਹਿਲਾਂ ਸੋਨੇ ਦੀ ਕੀਮਤ 79,184 ਰੁਪਏ ਪ੍ਰਤੀ ਦਸ ਗ੍ਰਾਮ ਸੀ। ਇਸ ਦੇ ਨਾਲ ਹੀ, ਇੱਕ ਕਿਲੋ ਚਾਂਦੀ ਦੀ ਕੀਮਤ 1,029 ਰੁਪਏ ਘਟ ਕੇ 90,755 ਰੁਪਏ ਪ੍ਰਤੀ ਕਿਲੋ ਹੋ ਗਈ ਹੈ। ਪਹਿਲਾਂ ਇਹ 91,784 ਰੁਪਏ ਪ੍ਰਤੀ ਕਿਲੋਗ੍ਰਾਮ ਸੀ। ਪਿਛਲੇ ਸਾਲ 30 ਅਕਤੂਬਰ ਨੂੰ ਸੋਨੇ ਨੇ 79,681 ਰੁਪਏ ਪ੍ਰਤੀ 10 ਗ੍ਰਾਮ ਦਾ ਸਭ ਤੋਂ ਉੱਚਾ ਪੱਧਰ ਬਣਾਇਆ ਸੀ। ਉਸੇ ਸਮੇਂ, ਚਾਂਦੀ 23 ਅਕਤੂਬਰ 2024 ਨੂੰ 99,151 ਰੁਪਏ ਪ੍ਰਤੀ ਕਿਲੋਗ੍ਰਾਮ ਤੱਕ ਪਹੁੰਚ ਗਈ ਸੀ।

## ਮੈਟਰੋ ਸ਼ਹਿਰਾਂ ਵਿੱਚ ਸੋਨੇ ਦੀ ਕੀਮਤ

**ਦਿੱਲੀ:**
22 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 74,650 ਰੁਪਏ ਹੈ।
24 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 81,420 ਰੁਪਏ ਹੈ।

**ਮੁੰਬਈ:**
22 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 74,500 ਰੁਪਏ ਹੈ।
24 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 81,270 ਰੁਪਏ ਹੈ।

**ਕੋਲਕਾਤਾ:**
22 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 74,500 ਰੁਪਏ ਹੈ।
24 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 81,270 ਰੁਪਏ ਹੈ।

**ਚੇਨਈ:**
22 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 74,500 ਰੁਪਏ ਹੈ।
24 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 81,270 ਰੁਪਏ ਹੈ।

WORLD PUNJABI NEWS NETWORK

DISCLAIMER TO OUR READERS
ਵਰਲਡ ਪੰਜਾਬੀ ਨਿਊਜ਼ ਵਿਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ ਵਰਲਡ ਪੰਜਾਬੀ ਨਿਊਜ਼ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ - ਸੰਪਾਦਕ
ਵਰਲਡ ਪੰਜਾਬੀ ਨਿਊਜ਼ ਵਿਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਜਾਂਚ-ਪਰਖ ਪਾਠਕ ਆਪਣੇ ਪੱਧਰ 'ਤੇ ਕਰਨ। ਵਰਲਡ ਪੰਜਾਬੀ ਨਿਊਜ਼ ਅਦਾਰਾ ਇਹਨਾਂ ਪ੍ਰਤੀ ਕਿਸੇ ਵੀ ਤਰਾਂ ਨਾਲ ਜ਼ਿੰਮੇਵਾਰ ਨਹੀਂ ਹੋਵੇਗਾ - ਸੰਪਾਦਕ

# ਇਮਰਾਨ ਤੇ ਬੁਸ਼ਰਾ ਬੀਬੀ ਨੂੰ 14 ਤੇ 7 ਸਾਲ ਕੈਦ ਦੀ ਸਜ਼ਾ



ਇਸਲਾਮਾਬਾਦ: ਪਾਕਿਸਤਾਨ ਦੀ ਅਦਾਲਤ ਨੇ ਅੱਜ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਤੇ ਉਨ੍ਹਾਂ ਦੀ ਪਤਨੀ ਬੁਸ਼ਰਾ ਬੀਬੀ ਨੂੰ 19 ਕਰੋੜ ਪੌਂਡ ਦੇ ਅਲ-ਕਾਦਿਰ ਟਰੱਸਟ ਭ੍ਰਿਸ਼ਟਾਚਾਰ ਮਾਮਲੇ 'ਚ ਦੋਸ਼ੀ ਕਰਾਰ ਦਿੰਦਿਆਂ ਦੋਵਾਂ ਨੂੰ ਕ੍ਰਮਵਾਰ 14 ਤੇ 7 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਭ੍ਰਿਸ਼ਟਾਚਾਰ ਰੋਕੂ ਅਦਾਲਤ ਦੇ ਜੱਜ ਨਾਸਿਰ ਜਾਵੇਦ ਰਾਣਾ ਨੇ ਫ਼ੈਸਲਾ ਸੁਣਾਇਆ, ਜਿਸ ਨੂੰ ਵੱਖ ਵੱਖ ਕਾਰਨਾਂ ਕਰਕੇ ਪਹਿਲਾਂ ਤਿੰਨ ਵਾਰ ਟਾਲਿਆ ਜਾ ਚੁੱਕਾ ਸੀ। ਆਖਰੀ ਵਾਰ ਇਹ ਫ਼ੈਸਲਾ 13 ਜਨਵਰੀ ਨੂੰ ਟਾਲਿਆ ਗਿਆ ਸੀ। ਜੱਜ ਨੇ ਆਦਿਲਾ ਜੇਲ੍ਹ 'ਚ ਬਣਾਈ ਗਈ ਆਰਜ਼ੀ ਅਦਾਲਤ 'ਚ ਇਮਰਾਨ ਤੇ ਉਨ੍ਹਾਂ ਦੀ ਪਤਨੀ ਨੂੰ ਇਹ ਸਜ਼ਾ ਸੁਣਾਈ। ਜੇਲ੍ਹ ਦੀ ਸਜ਼ਾ ਤੋਂ ਇਲਾਵਾ ਖਾਨ ਨੂੰ 10 ਲੱਖ ਪਾਕਿਸਤਾਨੀ ਰੁਪਏ ਅਤੇ ਬੁਸ਼ਰਾ ਬੀਬੀ ਨੂੰ ਪੰਜ ਲੱਖ ਪਾਕਿਸਤਾਨੀ ਰੁਪਏ ਦਾ ਜੁਰਮਾਨਾ ਵੀ ਲਾਇਆ ਗਿਆ ਹੈ। ਜੁਰਮਾਨਾ ਨਾ ਭਰਨ ਦੀ ਸੂਰਤ 'ਚ ਖਾਨ ਨੂੰ ਛੇ ਮਹੀਨੇ ਤੇ ਬੁਸ਼ਰਾ ਬੀਬੀ ਨੂੰ ਤਿੰਨ ਮਹੀਨੇ ਦੀ ਹੋਰ ਸਜ਼ਾ ਭੁਗਤਨੀ ਪਵੇਗੀ। ਅਦਾਲਤ ਨੇ ਉਨ੍ਹਾਂ ਵੱਲੋਂ ਸਥਾਪਤ ਅਲ-ਕਾਦਿਰ ਯੂਨੀਵਰਸਿਟੀ ਦੀ ਜ਼ਮੀਨ ਜ਼ਬਤ ਕਰਨ ਦੇ ਹੁਕਮ ਵੀ ਦਿੱਤੇ ਹਨ। ਖਾਨ ਪਹਿਲਾਂ ਤੋਂ ਹੀ ਜੇਲ੍ਹ ਵਿੱਚ ਹਨ ਜਦਕਿ ਬੁਸ਼ਰਾ ਨੂੰ ਅਦਾਲਤ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਸਾਬਕਾ ਪ੍ਰਧਾਨ ਮੰਤਰੀ ਦੇ ਹਵਾਲੇ ਨਾਲ ਉਨ੍ਹਾਂ ਦੀ ਪਾਰਟੀ ਨੇ ਕਿਹਾ, 'ਅੱਜ ਦੇ ਫ਼ੈਸਲੇ ਨਾਲ ਨਿਆਂਪਾਲਿਕਾ ਦਾ ਅਕਸ ਖਰਾਬ ਹੋਇਆ ਹੈ। ਇਸ ਮਾਮਲੇ 'ਚ ਨਾ ਤਾਂ ਮੈਨੂੰ ਕੋਈ ਲਾਭ ਹੋਇਆ ਸੀ ਤੇ ਨਾ ਹੀ ਸਰਕਾਰ ਨੂੰ ਕੋਈ ਘਾਟਾ ਹੋਇਆ ਸੀ। ਮੈਂ ਕਿਸੇ ਤਰ੍ਹਾਂ ਦੀ ਰਾਹਤ ਨਹੀਂ ਚਾਹੁੰਦਾ ਅਤੇ ਮੈਂ ਸਾਰੇ ਮਾਮਲਿਆਂ ਦਾ ਸਾਹਮਣਾ ਕਰਾਂਗਾ।'

# ਰੂਸੀ ਫ਼ੌਜ ਨਾਲ ਲੜ ਰਹੇ 12 ਭਾਰਤੀਆਂ ਦੀ ਮੌਤ, 16 ਲਾਪਤਾ



ਨਵੀਂ ਦਿੱਲੀ : ਰੂਸ ਦੀ ਫ਼ੌਜ ਵੱਲੋਂ ਯੂਕ੍ਰੇਨ ਖ਼ਿਲਾਫ਼ ਲੜਾਈ ਵਿਚ ਸ਼ਾਮਲ 12 ਭਾਰਤੀਆਂ ਦੀ ਮੌਤ ਹੋ ਚੁੱਕੀ ਹੈ ਜਦਕਿ 16 ਭਾਰਤੀਆਂ ਦਾ ਕੋਈ ਪਤਾ ਨਹੀਂ ਹੈ। ਰੂਸ ਦੀ ਫ਼ੌਜ ਨੇ ਭਾਰਤ ਸਰਕਾਰ ਨੂੰ ਦੱਸਿਆ ਹੈ ਕਿ 16 ਭਾਰਤੀ ਉਸ ਦੀ ਫ਼ੌਜ ਵਿਚੋਂ ਲਾਪਤਾ ਹਨ ਅਤੇ ਉਨ੍ਹਾਂ ਦੀ ਖੋਜ ਕਰਨ ਦੀ ਕੋਸ਼ਿਸ਼ ਜਾਰੀ ਹੈ। ਇਹ ਜਾਣਕਾਰੀ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜਾਇਸਵਾਲ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਰੂਸ ਦੀ ਫ਼ੌਜ ਵਿਚ ਭਰਤੀ ਕੀਤੇ ਗਏ ਕੁੱਲ 126 ਭਾਰਤੀਆਂ ਦੀ ਜਾਣਕਾਰੀ ਸਾਨੂੰ ਮਿਲੀ ਸੀ, ਜਿਸ ਦੀ ਸੂਚਨਾ ਰੂਸ ਨਾਲ ਸਾਂਝੀ ਕੀਤੀ ਗਈ ਸੀ। ਇਸ ਵਿਚੋਂ 96 ਭਾਰਤੀ ਵਾਪਸ ਪਰਤ ਆਏ ਹਨ ਜਦਕਿ 12 ਭਾਰਤੀਆਂ ਦੀ ਮੌਤ ਦੀ ਪੁਸ਼ਟੀ ਹੋ ਚੁੱਕੀ ਹੈ। ਬਾਕੀ ਬਚੇ 18 ਵਿਚੋਂ 16 ਲਾਪਤਾ ਹੋਣ ਦੀ ਸੂਚਨਾ ਰੂਸ ਨੇ ਦਿੱਤੀ ਹੈ। ਰੂਸੀ ਅਧਿਕਾਰੀਆਂ ਕੋਲ ਇਨ੍ਹਾਂ ਬਾਰੇ ਕੋਈ ਸੂਚਨਾ ਨਹੀਂ ਹੈ। ਦੋਵਾਂ ਦੇਸ਼ਾਂ ਵਿਚਾਲੇ ਇਨ੍ਹਾਂ ਦਾ ਪਤਾ ਲਾਉਣ ਨੂੰ ਲੈ ਕੇ ਸਹਿਯੋਗ ਕੀਤਾ ਜਾ ਰਿਹਾ ਹੈ। ਇਹ ਸੂਚਨਾ ਉਦੋਂ ਆਈ ਹੈ ਜਦੋਂ ਪਿਛਲੇ ਹਫ਼ਤੇ ਹੀ ਰੂਸ-ਯੂਕ੍ਰੇਨ ਜੰਗ ਵਿਚ ਕੇਰਲ ਦੇ ਇਕ ਨੌਜਵਾਨ ਦੀ ਮੌਤ ਅਤੇ ਇਕ ਹੋਰ ਨੌਜਵਾਨ ਦੇ ਜ਼ਖ਼ਮੀ ਹੋਣ ਦੀ ਸੂਚਨਾ ਮਿਲੀ ਹੈ। ਭਾਰਤ ਨੇ ਉਸ ਨੌਜਵਾਨ ਦੀ ਹੱਤਿਆ ਤੋਂ ਬਾਅਦ ਇਸ ਮੁੱਦੇ ਨੂੰ ਰੂਸ ਦੇ ਅਧਿਕਾਰੀਆਂ ਦੇ ਸਾਹਮਣੇ ਕਾਫੀ ਸਖ਼ਤੀ ਨਾਲ ਚੁੱਕਿਆ ਹੈ। ਪੀਐੱਮ ਨਰਿੰਦਰ ਮੋਦੀ ਨੇ ਪਿਛਲੇ ਸਾਲ ਆਪਣੀ ਮਾਸਕੋ ਯਾਤਰਾ ਦੌਰਾਨ ਰੂਸ ਦੇ ਰਾਸ਼ਟਰਪੀਤ ਵਲਾਦੀਮੀਰ ਪੁਤਿਨ ਦੇ ਸਾਹਮਣੇ ਇਸ ਮੁੱਦੇ ਨੂੰ ਚੁੱਕਿਆ ਸੀ। ਉਦੋਂ ਰੂਸ ਨੇ ਕਿਹਾ ਸੀ ਕਿ ਉਸ ਦੀ ਫ਼ੌਜ ਵਿਚ ਜਿੰਨੇ ਵੀ ਭਾਰਤੀ ਹਨ ਸਾਰਿਆਂ ਨੂੰ ਵਾਪਸ ਭੇਜਿਆ ਜਾਵੇਗਾ। ਹਾਲਾਂਕਿ ਉਸ ਤੋਂ ਬਾਅਦ ਵੀ ਚਾਰ ਭਾਰਤੀਆਂ ਦੇ ਮਾਰੇ ਜਾਣ ਦੀ ਸੂਚਨਾ ਆ ਗਈ ਹੈ। ਯੂਕ੍ਰੇਨ ਨਾਲ ਜੰਗ ਤੋਂ ਬਾਅਦ ਰੂਸ ਨੇ ਨਾ ਸਿਰਫ਼ ਭਾਰਤ ਬਲਕਿ ਕਈ ਦੇਸ਼ਾਂ ਤੋਂ ਲੋਕਾਂ ਨੂੰ ਭਰਤੀ ਕੀਤਾ ਹੈ। ਰੂਸ ਤੋਂ ਵਤਨ ਪਰਤੇ ਭਾਰਤੀਆਂ ਨੇ ਦੱਸਿਆ ਕਿ ਉਨ੍ਹਾਂ ਨੂੰ ਠੇਕੇ 'ਤੇ ਕੰਮ ਕਰਨ ਲਈ ਬੁਲਾਇਆ ਗਿਆ ਸੀ। ਇਹ ਜਾਣਕਾਰੀ ਨਹੀਂ ਦਿੱਤੀ ਗਈ ਸੀ ਕਿ ਉਨ੍ਹਾਂ ਨੂੰ ਯੂਕ੍ਰੇਨ ਨਾਲ ਚੱਲ ਰਹੀ ਜੰਗ ਵਿਚ ਇਸਤੇਮਾਲ ਕੀਤਾ ਜਾਵੇਗਾ। ਕਈ ਭਾਰਤੀਆਂ ਨੇ ਜਦੋਂ ਆਪਣੇ ਘਰ ਵਾਲਿਆਂ ਨੂੰ ਵੀਡੀਓ ਕਾਲ ਕਰ ਕੇ ਮਦਦ ਮੰਗੀ ਤਾਂ ਇਸ ਗੱਲ ਦਾ ਪਤਾ ਲੱਗਾ ਕਿ ਇਕ ਪੂਰਾ ਗੈਂਗ ਹੈ ਜੋ ਭਾਰਤੀਆਂ ਨੂੰ ਗ਼ਲਤ ਸੂਚਨਾ ਦੇ ਕੇ ਭਰਤੀ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਰੂਸ ਦੀ ਫ਼ੌਜ ਵਿਚ ਭੇਜ ਰਿਹਾ ਹੈ। ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਨੇ ਉਦੋਂ ਕਿਹਾ ਸੀ ਕਿ ਜਿਹੜੇ ਵੀ ਏਜੰਟ ਭਾਰਤੀਆਂ ਨੂੰ ਭਰਤੀ ਕਰ ਕੇ ਉਨ੍ਹਾਂ ਨੂੰ ਰੂਸ ਦੀ ਫ਼ੌਜ ਵਿਚ ਲੜਨ ਲਈ ਭੇਜ ਰਹੇ ਹਨ, ਉਨ੍ਹਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

# ਭਾਰਤੀ ਮੂਲ ਦੀ ਸੁਨੀਤਾ ਵਿਲੀਅਮਜ਼ ਨੇ 12 ਸਾਲ ਬਾਅਦ ਕੀਤੀ ਸਪੇਸਵਾਕ



ਨਵੀਂ ਦਿੱਲੀ: ਨਾਸਾ ਨੇ ਕਿਹਾ ਕਿ ਸੁਨੀਤਾ ਵਿਲੀਅਮਸ ਤੇ ਨਿਕ ਹੇਗ ਨਿਊਟ੍ਰਾਨ ਸਟਾਰ ਇੰਟੀਰੀਅਰ ਕੰਪੋਜ਼ਿਸ਼ਨ ਐਕਸਪਲੋਰਰ ਐਕਸ ਰੇਅ ਟੈਲੀਸਕੋਪ ਦੀ ਮੁਰੰਮਤ ਸਮੇਤ ਸਟੇਸ਼ਨ ਦੇ ਅਪਡੇਸ਼ਨ ਲਈ ਸਪੇਸ ਸਟੇਸ਼ਨ ਦੇ ਬਾਹਰ ਕਦਮ ਰੱਖ ਰਹੇ ਹਨ। ਵਿਲੀਅਮਸ ਤੇ ਹੇਗ ਇਕ ਰੇਟ ਜਾਇਰੋ ਅਸੈਂਬਲੀ ਨੂੰ ਬਦਲਣ ਲਈ ਕੰਮ ਕਰਨਗੇ ਜਿਹੜੇ ਸਟੇਸ਼ਨ ਲਈ ਓਰੀਐਂਟੇਸ਼ਨ ਕੰਟਰੋਲ ਮੁਹੱਈਆ ਕਰਨ 'ਚ ਮਦਦ ਕਰਦਾ ਹੈ। ਉਹ ਅੰਤਰਰਾਸ਼ਟਰੀ ਡਾਕਿੰਗ ਅਡਾਪਟਰਾਂ 'ਚੋਂ ਇਕ 'ਤੇ ਨੇਵੀਗੇਸ਼ਨਲ ਡਾਟਾ ਲਈ ਵਰਤੇ ਜਾਣ ਵਾਲੇ ਰਿਫਲੈਕਟਰ ਡਿਵਾਈਸ ਨੂੰ ਵੀ ਬਦਲਣਗੇ। ਇਹ ਜੋੜੀ ਕੁਨੈਕਟਰ ਟੂਲ ਦੀ ਜਾਂਚ ਕਰੇਗੀ, ਜਿਨ੍ਹਾਂ ਦੀ ਵਰਤੋਂ ਅਲਫਾ ਮੈਗਨੇਟਿਕ ਸਪੇਸਟ੍ਰੋਮੀਟਰ 'ਤੇ ਭਵਿੱਖ ਦੇ ਰੱਖ-ਰਖਾਅ ਕੰਮ ਲਈ ਕੀਤਾ ਜਾਵੇਗਾ। ਨਾਸਾ ਨੇ ਕਿਹਾ ਕਿ ਇਕ ਹੋਰ ਸਪੇਸਵਾਕ 23 ਫਰਵਰੀ ਨੂੰ ਸਵੇਰੇ 8.15 ਵਜੇ ਸ਼ੁਰੂ ਹੋਵੇਗਾ।

ਭਾਰਤਵੰਸ਼ੀ ਸੁਨੀਤਾ ਵਿਲੀਅਮਸ ਨੇ ਸਾਥੀ ਮੁਲਾਜ਼ਮ ਨਿਕ ਹੇਗ ਨਾਲ ਸਪੇਸਵਾਕ ਲਈ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ ਤੋਂ ਬਾਹਰ ਕਦਮ ਰੱਖਿਆ। ਇਹ ਵਿਲੀਅਮਸ ਦਾ 12ਵਾਂ ਸਾਲਾਂ 'ਚ ਪਹਿਲਾ ਤੇ ਕਰੀਅਰ ਦਾ ਅੱਠਵਾਂ ਸਪੇਸਵਾਕ ਹੈ। ਨਾਸਾ ਨੇ ਕਿਹਾ ਕਿ ਦੋਵੇਂ ਰੱਖ-ਰਖਾਅ ਕਾਰਜ ਕਰਨ ਤੇ ਹਾਰਡਵੇਅਰ ਬਦਲਣ ਦਾ ਕੰਮ ਕਰਨਗੇ। ਇਸ ਦੌਰਾਨ ਵਿਲੀਅਮਸ ਤੇ ਵਿਲਮੋਰ ਦੀ ਧਰਤੀ 'ਤੇ ਵਾਪਸੀ ਮਿਸ਼ਨ 'ਚ ਮੁੜ ਦੇਰੀ ਹੋਵੇਗੀ, ਕਿਉਂਕਿ ਸਪੇਸਐਕਸ ਕਰੂ 10 ਦੇ ਲਾਂਚ 'ਚ ਮਾਰਚ 2025 ਦੇ ਅੰਤ ਤੱਕ ਦੀ ਦੇਰੀ ਹੋ ਗਈ ਹੈ। ਦੋਵਾਂ ਨੇ ਫਰਵਰੀ 'ਚ ਸਪੇਸਐਕਸ ਡ੍ਰੈਗਨ ਕੈਪਸੂਲ ਰਾਹੀਂ ਧਰਤੀ 'ਤੇ ਪਰਤਣਾ ਸੀ।

# ਰੁਪਿੰਦਰ ਕੌਰ ਦੀ ਦੇਹ ਭਾਰਤ ਲਿਆਉਣ ਲਈ ਸਰਕਾਰ ਨੂੰ ਲਗਾਈ ਗੁਹਾਰ



ਵਲਟੋਹਾ: ਥਾਣਾ ਵਲਟੋਹਾ ਅਧੀਨ ਪੈਂਦੇ ਪਿੰਡ ਬਹਾਦਰ ਨਗਰ ਨਾਲ ਸਬੰਧਤ ਧੀ ਰੁਪਿੰਦਰ ਕੌਰ ਪੁੱਤਰੀ ਸਤਨਾਮ ਸਿੰਘ ਫ਼ੌਜੀ ਜਿਸਦੀ ਕੈਨੇਡਾ ਦੇ ਸ਼ਹਿਰ ਬਰੈਂਪਟਨ 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪਰਿਵਾਰ ਵਾਲਿਆਂ ਨੇ ਦੇਹ ਭਾਰਤ ਲਿਆਉਣ ਲਈ ਸਰਕਾਰ ਕੋਲ ਗੁਹਾਰ ਲਗਾਈ ਹੈ। ਦੂਜੇ ਪਾਸੇ ਰੁਪਿੰਦਰ ਕੌਰ ਦੀ ਮੌਤ ਨਾਲ ਸਮੁੱਚੇ ਇਲਾਕੇ ਵਿਚ ਸੋਗ ਦੀ ਲਹਿਰ ਬਣੀ ਹੋਈ ਹੈ ਤੇ ਲੜਕੀ ਦਾ ਪਰਿਵਾਰ ਡੂੰਘੇ ਸਦਮੇ ਵਿਚ ਹੈ। ਪਰਿਵਾਰ ਨੇ ਕਿਹਾ ਕਿ ਉਨ੍ਹਾਂ ਦੀ ਲੜਕੀ ਹੁਣ ਇਸ ਦੁਨੀਆ 'ਚ ਨਹੀਂ ਰਹੀ, ਉਸਦੀ ਦੇਹ ਨੂੰ ਭਾਰਤ ਲਿਆਉਣ ਲਈ ਸਰਕਾਰ ਉਨ੍ਹਾਂ ਦੀ ਸਹਾਇਤਾ ਕਰੇ। ਵਿਦੇਸ਼ ਦੀ ਧਰਤੀ 'ਤੇ ਨੌਜਵਾਨ ਲੜਕੇ ਲੜਕੀਆਂ ਦੀਆਂ ਲਗਾਤਾਰ ਹੋ ਰਹੀਆਂ ਮੌਤਾਂ ਕਾਰਨ ਕਈ ਪਰਿਵਾਰ ਚਿੰਤਾ ਦੇ ਆਲਮ 'ਚ ਹਨ।

# ਚੀਨ ਸਮੇਤ ਕਈ ਮੁਲਕਾਂ ਦੀ ਅਬਾਦੀ 'ਚ ਗਿਰਾਵਟ



ਪੇਈਚਿੰਗ: ਵੱਡੀ ਗਿਣਤੀ 'ਚ ਦੇਸ਼ ਅਬਾਦੀ 'ਚ ਗਿਰਾਵਟ ਤੇ ਉਮਰ ਵਧਣ ਦੀਆਂ ਦੋਹਰੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ ਕਿਉਂਕਿ ਨੌਜਵਾਨ ਪੀੜ੍ਹੀ ਘੱਟ ਬੱਚੇ ਪੈਦਾ ਕਰਨ ਦਾ ਰੁਝਾਨ ਰੱਖ ਰਹੀ ਹੈ ਅਤੇ ਸਿਹਤ ਸੰਭਾਲ 'ਚ ਪ੍ਰਗਤੀ ਨਾਲ ਉਮਰ ਲੰਮੀ ਹੋ ਰਹੀ ਹੈ। ਚੀਨ ਨੇ ਅੱਜ ਕਿਹਾ ਕਿ ਪਿਛਲੇ ਸਾਲ ਲਗਾਤਾਰ ਤੀਜੇ ਸਾਲ ਉਨ੍ਹਾਂ ਦੀ ਅਬਾਦੀ 'ਚ ਗਿਰਾਵਟ ਦਰਜ ਕੀਤੀ ਗਈ ਹੈ। ਚੀਨ ਦੀ ਅਬਾਦੀ 2024 ਦੇ ਅੰਤ 'ਚ ਤਕਰੀਬਨ ਇੱਕ ਅਰਬ 40 ਕਰੋੜ ਸੀ ਜੋ ਪਿਛਲੇ ਸਾਲ ਮੁਕਾਬਲੇ ਤਕਰੀਬਨ 14 ਲੱਖ ਘੱਟ ਹੈ। ਉੱਧਰ ਏਸ਼ੀਆ ਵਿੱਚ ਜਪਾਨ ਦੀ ਅਬਾਦੀ ਪਿਛਲੇ 15 ਸਾਲਾਂ ਤੋਂ ਘੱਟ ਰਹੀ ਹੈ ਜਦਕਿ 2021 ਵਿੱਚ ਦੱਖਣੀ ਕੋਰੀਆ ਵਿੱਚ ਅਬਾਦੀ 'ਚ ਗਿਰਾਵਟ ਦਰਜ ਕੀਤੀ ਗਈ ਸੀ। ਇਟਲੀ ਵਿੱਚ ਪਹਿਲੀ ਵਾਰ 19ਵੀਂ ਸਦੀ 'ਚ ਅਬਾਦੀ 'ਚ ਗਿਰਾਵਟ ਦਰਜ ਕੀਤੀ ਗਈ ਸੀ ਜਦੋਂ ਚਾਰ ਲੱਖ ਦੇ ਕਰੀਬ ਅਬਾਦੀ ਘਟੀ ਸੀ। ਸੰਯੁਕਤ ਰਾਸ਼ਟਰ ਨੇ ਕਿਹਾ ਕਿ 63 ਮੁਲਕਾਂ ਤੇ ਪ੍ਰਦੇਸ਼ਾਂ ਦੀ ਅਬਾਦੀ ਸਿਖਰ 'ਤੇ ਹੈ। ਸੰਯੁਕਤ ਰਾਸ਼ਟਰ ਨੇ ਕਿਹਾ ਕਿ ਅਗਲੇ 30 ਸਾਲਾਂ ਅੰਦਰ 48 ਹੋਰ ਮੁਲਕ ਅਬਾਦੀ ਦੇ ਸਿਖਰ 'ਤੇ ਹੋਣਗੇ। ਆਲਮੀ ਸੰਸਥਾ ਨੇ ਕਿਹਾ ਕਿ ਦੁਨੀਆ ਦੀ ਅਬਾਦੀ ਇਸ ਸਮੇਂ 8.2 ਅਰਬ ਹੈ ਜੋ ਆਉਂਦੇ 60 ਸਾਲਾਂ ਅੰਦਰ 10.3 ਅਰਬ ਨੇੜੇ ਪਹੁੰਚ ਸਕਦੀ ਹੈ ਤੇ ਇਸ ਮਗਰੋਂ ਇਸ ਵਿੱਚ ਗਿਰਾਵਟ ਸ਼ੁਰੂ ਹੋਵੇਗੀ। ਘਟਦੀ ਅਬਾਦੀ ਵਾਲੇ ਕਈ ਮੁਲਕਾਂ 'ਚ ਸਰਕਾਰਾਂ ਨੇ ਬਜ਼ੁਰਗਾਂ ਦੀ ਗਿਣਤੀ ਵਧਣ ਕਾਰਨ ਲੋਕਾਂ ਨੂੰ ਬੱਚੇ ਪੈਦਾ ਕਰਨ ਲਈ ਵਿੱਤੀ ਮਦਦ ਦੇਣੀ ਸ਼ੁਰੂ ਕੀਤੀ ਹੈ।

# ਗਾਜ਼ਾ 'ਚ ਭਲਕ ਤੋਂ ਗੋਲੀਬੰਦੀ ਦਾ ਰਾਹ ਪੱਧਰਾ



ਤਲ ਅਵੀਵ: ਇਜ਼ਰਾਇਲੀ ਸੁਰੱਖਿਆ ਕੈਬਨਿਟ ਨੇ ਗਾਜ਼ਾ ਪੱਟੀ 'ਚ ਗੋਲੀਬੰਦੀ ਅਤੇ ਹਮਾਸ ਵੱਲੋਂ ਬੰਧਕ ਬਣਾਏ ਗਏ ਲੋਕਾਂ ਨੂੰ ਰਿਹਾਅ ਕਰਨ ਸਬੰਧੀ ਸਮਝੌਤੇ ਨੂੰ ਅੱਜ ਪ੍ਰਵਾਨਗੀ ਦੇ ਦਿੱਤੀ। ਸੁਰੱਖਿਆ ਕੈਬਨਿਟ ਵੱਲੋਂ ਦਿੱਤੀ ਪ੍ਰਵਾਨਗੀ ਮਗਰੋਂ ਹੁਣ ਇਹ ਮਤਾ ਕੇਂਦਰੀ ਕੈਬਨਿਟ 'ਚ ਲਿਆਂਦਾ ਜਾਵੇਗਾ ਜਿਸ ਮਗਰੋਂ 15 ਮਹੀਨੇ ਤੋਂ ਜਾਰੀ ਜੰਗ ਐਤਵਾਰ ਤੋਂ ਰੁਕ ਜਾਵੇਗੀ ਅਤੇ ਸ਼ਾਂਤੀ ਵਾਰਤਾ ਦਾ ਰਾਹ ਪੱਧਰਾ ਹੋਵੇਗਾ। ਗੋਲੀਬੰਦੀ ਹੋਣ ਕਾਰਨ ਜੰਗ 'ਚ ਉਜੜੇ ਲੱਖਾਂ ਫਲਸਤੀਨੀਆਂ ਨੂੰ ਆਪਣੇ ਘਰਾਂ ਵੱਲ ਮੁੜਨ ਦਾ ਵੀ ਮੌਕਾ ਮਿਲੇਗਾ। ਉਂਜ ਇਜ਼ਰਾਈਲ ਦੀ ਸੁਰੱਖਿਆ ਕੈਬਨਿਟ 'ਚ ਸ਼ਾਮਲ ਦੋ ਕੱਟੜਪੰਥੀ ਮੰਤਰੀਆਂ ਇਤਾਮਰ ਬੇਨ-ਗਵੀਰ ਅਤੇ ਬੇਜ਼ਾਲੇਲ ਸਮੋਤਰਿਚ ਨੇ ਸਮਝੌਤੇ ਖ਼ਿਲਾਫ਼ ਵੋਟ ਪਾਈ। ਦੋਵੇਂ ਮੰਤਰੀਆਂ ਨੇ ਮੰਗ ਕੀਤੀ ਕਿ ਜਿਵੇਂ ਹੀ ਹਮਾਸ ਵੱਲੋਂ ਪਹਿਲੇ ਪੜਾਅ ਤਹਿਤ 33 ਬੰਧਕਾਂ ਨੂੰ ਰਿਹਾਅ ਕੀਤਾ ਜਾਵੇ ਤਾਂ ਸਰਕਾਰ ਗਾਜ਼ਾ 'ਚ ਮੁੜ ਹਮਲੇ ਸ਼ੁਰੂ ਕਰ ਦੇਵੇ। ਉਨ੍ਹਾਂ ਵੀਰਵਾਰ ਨੂੰ ਕਿਹਾ ਸੀ ਕਿ ਜੇ ਮੰਗਾਂ ਨਾ ਮੰਨੀਆਂ ਗਈਆਂ ਤਾਂ ਉਹ ਗੱਠਜੋੜ ਤੋਂ ਲਾਂਭੇ ਹੋ ਜਾਣਗੇ। ਇਸ ਨਾਲ ਨੇਤਨਯਾਹੂ ਸਰਕਾਰ ਖ਼ਤਰੇ 'ਚ ਪੈ ਸਕਦੀ ਹੈ। ਅਮਰੀਕਾ ਅਤੇ ਕਤਰ ਨੇ ਬੁੱਧਵਾਰ ਨੂੰ ਹੀ ਐਲਾਨ ਕਰ ਦਿੱਤਾ ਸੀ ਕਿ ਇਜ਼ਰਾਈਲ ਅਤੇ ਹਮਾਸ ਵਿਚਾਲੇ ਸਮਝੌਤਾ ਹੋ ਗਿਆ ਹੈ। ਕੈਬਨਿਟ ਮੀਟਿੰਗ ਤੋਂ ਪਹਿਲਾਂ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਐਲਾਨ ਕੀਤਾ ਕਿ ਹਮਾਸ ਵੱਲੋਂ ਬੰਦੀ ਬਣਾਏ ਗਏ ਲੋਕਾਂ ਨੂੰ ਰਿਹਾਅ ਕਰਨ ਸਬੰਧੀ ਸਮਝੌਤੇ 'ਤੇ ਸਹਿਮਤੀ ਬਣ ਗਈ ਹੈ। ਇਕ ਦਿਨ ਪਹਿਲਾਂ ਨੇਤਨਯਾਹੂ ਦੇ ਦਫ਼ਤਰ ਨੇ ਕਿਹਾ ਸੀ ਕਿ ਗਾਜ਼ਾ 'ਚ ਜੰਗਬੰਦੀ ਅਤੇ ਫਲਸਤੀਨੀ ਕੈਦੀਆਂ ਦੀ ਰਿਹਾਈ ਦੇ ਬਦਲੇ ਬੰਦੀਆਂ ਨੂੰ ਰਿਹਾਅ ਕਰਨ ਲਈ ਗੱਲਬਾਤ 'ਚ ਆਖਰੀ ਸਮੇਂ 'ਚ ਅੜਿੱਕਾ ਪਿਆ ਸੀ। ਨੇਤਨਯਾਹੂ ਨੇ ਕਿਹਾ ਕਿ ਉਨ੍ਹਾਂ ਗਾਜ਼ਾ ਤੋਂ ਬੰਦੀਆਂ ਦੀ ਵਾਪਸੀ ਲਈ ਇਕ ਵਿਸ਼ੇਸ਼ ਕਾਰਜ ਬਲ ਤਿਆਰ ਕਰਨ ਦਾ ਨਿਰਦੇਸ਼ ਦਿੱਤਾ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਜਾਣਕਾਰੀ ਦੇ ਦਿੱਤੀ ਗਈ ਹੈ ਕਿ ਸਮਝੌਤਾ ਹੋ ਗਿਆ ਹੈ। ਉਨ੍ਹਾਂ ਬੰਦੀਆਂ ਦੇ ਰਿਹਾਅ ਹੋਣ ਮਗਰੋਂ ਇਲਾਜ ਲਈ ਹਸਪਤਾਲਾਂ ਨੂੰ ਤਿਆਰ ਰਹਿਣ ਦੇ ਨਿਰਦੇਸ਼ ਦਿੱਤੇ ਹਨ। ਉਧਰ ਫਲਸਤੀਨੀ ਸਿਹਤ ਮੰਤਰਾਲੇ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਹੁਣ ਤੱਕ ਜੰਗ 'ਚ 46,876 ਫਲਸਤੀਨੀ ਮਾਰੇ ਜਾ ਚੁੱਕੇ ਹਨ ਅਤੇ 110,642 ਜ਼ਖ਼ਮੀ ਹੋਏ ਹਨ। ਗੋਲੀਬੰਦੀ ਦੇ ਸਮਝੌਤੇ ਦੇ ਤਿੰਨ ਪੜਾਅ ਹਨ ਅਤੇ ਪਹਿਲਾ ਪੜਾਅ ਐਤਵਾਰ ਤੋਂ ਸ਼ੁਰੂ ਹੋ ਜਾਵੇਗਾ। ਵਾਰਤਾਕਾਰ ਕਤਰ ਮੁਤਾਬਕ ਛੇ ਹਫ਼ਤਿਆਂ ਤੱਕ ਜੰਗ ਰੋਕੀ ਜਾਵੇਗੀ ਅਤੇ ਜੰਗ ਖ਼ਤਮ ਕਰਨ ਲਈ ਗੱਲਬਾਤ ਦਾ ਰਾਹ ਖੋਲ੍ਹਿਆ ਜਾਵੇਗਾ। ਇਸ ਸਮੇਂ ਦੌਰਾਨ ਕਰੀਬ 100 ਬੰਦੀਆਂ 'ਚੋਂ 33 ਨੂੰ ਰਿਹਾਅ ਕੀਤਾ ਜਾਵੇਗਾ। ਇਹ ਸਪੱਸ਼ਟ ਨਹੀਂ ਕਿ ਉਹ ਸਾਰੇ ਜ਼ਿੰਦਾ ਹਨ ਜਾਂ ਨਹੀਂ। ਅਮਰੀਕਾ ਨੇ ਕਿਹਾ ਹੈ ਕਿ ਪਹਿਲੇ ਪੜਾਅ ਤਹਿਤ ਇਜ਼ਰਾਇਲੀ ਫੌਜ ਗਾਜ਼ਾ ਦੇ ਸੰਘਣੇ ਅਬਾਦੀ ਵਾਲੇ ਇਲਾਕਿਆਂ 'ਚੋਂ ਹਟੇਗੀ। ਦੂਜਾ ਪੜਾਅ ਗੋਲੀਬੰਦੀ ਦੇ 16ਵੇਂ ਦਿਨ ਸ਼ੁਰੂ ਹੋਵੇਗਾ ਤੇ ਇਸ ਤਹਿਤ ਸਾਰੇ ਬੰਦੀਆਂ ਨੂੰ ਰਿਹਾਅ ਕੀਤਾ ਜਾਵੇਗਾ। ਤੀਜੇ ਪੜਾਅ ਤਹਿਤ ਮਾਰੇ ਗਏ ਬੰਦੀਆਂ ਦੀਆਂ ਲਾਸ਼ਾਂ ਸੌਂਪੀਆਂ ਜਾਣਗੀਆਂ ਤੇ ਗਾਜ਼ਾ ਦੀ ਪੁਨਰ ਉਸਾਰੀ ਦਾ ਕੰਮ ਸ਼ੁਰੂ ਹੋਵੇਗਾ।

# ਸ਼ਾਦਮਾਨ ਚੌਂਕ ਲਾਹੌਰ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਪਟੀਸ਼ਨ ਖਾਰਜ



ਲਾਹੌਰ: ਪਾਕਿਸਤਾਨ ਅਦਾਲਤ ਨੇ ਸ਼ਾਦਮਾਨ ਚੌਂਕ ਲਾਹੌਰ ਦਾ ਨਾਮ ਬਦਲ ਕੇ ਆਜ਼ਾਦੀ ਘੁਲਾਟੀਏ ਭਗਤ ਸਿੰਘ ਦੇ ਨਾਮ 'ਤੇ ਰੱਖਣ ਅਤੇ ਉੱਥੇ ਉਨ੍ਹਾਂ ਦਾ ਬੁੱਤ ਲਾਉਣ ਦੀ ਮੰਗ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ ਹੈ। ਅਦਾਲਤ ਨੇ ਦੱਸਿਆ, 'ਲਾਹੌਰ ਹਾਈ ਕੋਰਟ ਦੇ ਜਸਟਿਸ ਸ਼ਮਸ ਮਹਿਮੂਦ ਮਿਰਜ਼ਾ ਨੇ ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੀ ਉਸ ਪਟੀਸ਼ਨ ਦਾ ਨਿਬੇੜਾ ਕੀਤਾ, ਜਿਸ ਵਿੱਚ ਸ਼ਾਦਮਾਨ ਚੌਂਕ ਲਾਹੌਰ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਦੀ ਮੰਗ ਕੀਤੀ ਗਈ ਸੀ ਅਤੇ ਉਸ ਜਗ੍ਹਾ 'ਤੇ ਉਨ੍ਹਾਂ ਦਾ ਬੁੱਤ ਲਾਉਣ ਦੀ ਅਪੀਲ ਕੀਤੀ ਗਈ ਸੀ. ਜਿੱਥੇ ਉਨ੍ਹਾਂ ਨੂੰ ਫਾਂਸੀ ਦਿੱਤੀ ਗਈ ਸੀ।'

ਜੱਜ ਨੇ ਲਾਹੌਰ ਕਾਰਪੋਰੇਸ਼ਨ ਅਤੇ ਫਾਊਂਡੇਸ਼ਨ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਮਗਰੋਂ ਪਟੀਸ਼ਨ ਖਾਰਜ ਕਰ ਦਿੱਤੀ। ਫਾਊਂਡੇਸ਼ਨ ਦੇ ਚੇਅਰਮੈਨ ਐਡਵੋਕੇਟ ਇਮਤਿਆਜ਼ ਰਾਸ਼ਿਦ ਕੁਰੈਸ਼ੀ ਨੇ ਕਿਹਾ ਕਿ ਉਹ ਲਾਹੌਰ ਹਾਈ ਕੋਰਟ ਦੇ ਫ਼ੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦੇਣਗੇ। ਇਸ ਤੋਂ ਪਹਿਲਾਂ ਕਾਰਪੋਰੇਸ਼ਨ ਨੇ ਲਾਹੌਰ ਹਾਈ ਕੋਰਟ ਨੂੰ ਦੱਸਿਆ ਸੀ ਕਿ ਉਸ ਨੇ ਸ਼ਾਦਮਾਨ ਚੌਂਕ ਦਾ ਨਾਮ ਭਗਤ ਸਿੰਘ ਦੇ ਨਾਮ 'ਤੇ ਰੱਖਣ ਅਤੇ ਉਨ੍ਹਾਂ ਦਾ ਬੁੱਤ ਉਸ ਜਗ੍ਹਾ 'ਤੇ ਲਾਉਣ ਦੀ ਪ੍ਰਸਤਾਵਿਤ ਯੋਜਨਾ ਰੱਦ ਕਰ ਦਿੱਤੀ ਹੈ, ਜਿੱਥੇ ਉਨ੍ਹਾਂ ਨੂੰ 94 ਸਾਲ ਪਹਿਲਾਂ ਫਾਂਸੀ ਦਿੱਤੀ ਗਈ ਸੀ।

# ਅਦਾਕਾਰ ਸੈਫ਼ ਅਲੀ ਖ਼ਾਨ 'ਤੇ ਘਰ 'ਚ ਚਾਕੂ ਨਾਲ ਹਮਲਾ

## ਅਦਾਕਾਰ ਦੀ ਹਾਲਤ ਖ਼ਤਰੇ ਤੋਂ ਬਾਹਰ, ਹਮਲਾਵਰ ਵੱਲੋਂ 1 ਕਰੋੜ ਰੁਪਏ ਮੰਗਣ ਦਾ ਦਾਅਵਾ



WORLD PUNJABI NEWS NETWORK

ਮੁੰਬਈ। ਇਥੇ ਬਾਂਦਰਾ ਇਲਾਕੇ ਵਿਚ ਅੱਜ ਵੱਡੇ ਤੜਕੇ ਅਣਪਛਾਤੇ ਨੇ ਬੌਲੀਵੁੱਡ ਅਦਾਕਾਰ ਸੈਫ਼ ਅਲੀ ਖ਼ਾਨ ਦੇ 'ਸਤਗੁਰੂ ਸ਼ਰਨ' ਇਮਾਰਤ ਦੀ 12ਵੀਂ ਮੰਜ਼ਿਲ ਵਿਚਲੇ ਅਪਾਰਟਮੈਂਟ ਵਿਚ ਦਾਖ਼ਲ ਹੋ ਕੇ ਅਦਾਕਾਰ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਤੜਕੇ ਢਾਈ ਵਜੇ ਦੀ ਇਸ ਘਟਨਾ ਮਗਰੋਂ ਹਮਲਾਵਰ ਮੌਕੇ ਤੋਂ ਫ਼ਰਾਰ ਹੋ ਗਿਆ। ਖ਼ਾਨ ਨੂੰ ਫੌਰੀ ਲੀਲਾਵਤੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਦੀ ਐਮਰਜੈਂਸੀ ਸਰਜਰੀ ਕੀਤੀ। ਡਾਕਟਰਾਂ ਮੁਤਾਬਕ ਖ਼ਾਨ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਇਸ ਦੌਰਾਨ ਸੈਫ ਦੇ ਘਰ ਕੰਮ ਕਰਦੀ ਮਹਿਲਾ ਨੇ ਪੁਲੀਸ ਥਾਣੇ 'ਚ ਦਰਜ ਐੱਫਆਈਆਰ ਵਿੱਚ ਹਮਲਾਵਰ ਵੱਲੋਂ ਇੱਕ ਕਰੋੜ ਰੁਪਏ ਮੰਗੇ ਜਾਣ ਦਾ ਦਾਅਵਾ ਕੀਤਾ ਹੈ। ਲੀਲਾਵਤੀ ਹਸਪਤਾਲ ਦੇ ਨਿਊਰੋ ਸਰਜਨ ਡਾ. ਨਿਤਿਨ ਡਾਂਗੇ ਨੇ ਕਿਹਾ ਕਿ ਚਾਕੂ ਨਾਲ ਕੀਤੇ ਹਮਲੇ ਕਰਕੇ ਖ਼ਾਨ ਦੀ ਛਾਤੀ ਦੇ ਬਿਲਕੁਲ ਪਿੱਛੇ ਰੀੜ ਦੀ ਹੱਡੀ ਉੱਤੇ ਗੰਭੀਰ ਸੱਟ ਲੱਗੀ। ਡਾ. ਡਾਂਗੇ ਨੇ ਕਿਹਾ, ''ਚਾਕੂ ਕੱਢਣ ਤੇ ਰੀੜ ਦੀ ਹੱਡੀ ਦੇ ਲੀਕ ਕਰਦੇ ਫਲੂਡ ਨੂੰ ਠੀਕ ਕਰਨ ਸਰਜਰੀ ਕਰਨੀ ਪਈ...ਖਾਨ ਦੀ ਹਾਲਤ ਬਿਲਕੁਲ ਸਥਿਰ ਹੈ। ਅਸੀਂ ਭਲਕੇ ਸਵੇਰੇ ਉਨ੍ਹਾਂ ਨੂੰ ਆਈਸੀਯੂ ਵਿਚ ਸ਼ਿਫਟ ਕਰ ਦੇਵਾਂਗੇ।'' ਉਂਝ ਅਦਾਕਾਰ ਦੇ ਨੇੜਲਿਆਂ ਨੇ ਇਸ ਘਟਨਾ ਨੂੰ 'ਚੋਰੀ ਦੀ ਕੋਸ਼ਿਸ਼' ਦੱਸਿਆ ਹੈ ਹਾਲਾਂਕਿ ਪੁਲੀਸ ਨੇ ਹਾਲੇ ਤੱਕ ਕੋਈ ਟਿੱਪਣੀ ਨਹੀਂ ਕੀਤੀ। ਸੀਨੀਅਰ ਪੁਲੀਸ ਅਧਿਕਾਰੀ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਅੱਜ ਦਿਨੇਂ ਲੀਲਾਵਤੀ ਹਸਪਤਾਲ ਦੇ ਸੀਓਓ ਡਾ. ਨੀਰਜ ਉੱਤਾਮਨੀ ਨੇ ਬਿਆਨ ਵਿਚ ਕਿਹਾ ਸੀ ਕਿ ਅਣਪਛਾਤੇ ਨੇ ਖ਼ਾਨ ਦੇ ਬਾਂਦਰਾ ਸਥਿਰ ਘਰ ਵਿਚ ਉਸ ਉੱਤੇ ਹਮਲਾ ਕੀਤਾ ਤੇ ਅਦਾਕਾਰ ਨੂੰ ਤੜਕੇ ਸਾਢੇ ਤਿੰਨ ਵਜੇ ਹਸਪਤਾਲ ਲਿਆਂਦਾ ਗਿਆ। ਡਾ. ਉੱਤਾਮਨੀ ਨੇ ਇਸ ਖ਼ਬਰ ਏਜੰਸੀ ਨੂੰ ਦੱਸਿਆ, ''ਸੈਫ਼ ਦੇ ਸਰੀਰ 'ਤੇ ਚਾਕੂ ਦੇ ਛੇ ਵਾਰ ਸਨ ਤੇ ਇਨ੍ਹਾਂ ਵਿਚੋਂ ਦੋ ਬਹੁਤ ਡੂੰਘੇ ਸਨ। ਇਕ ਤਾਂ ਰੀੜ ਦੀ ਹੱਡੀ ਦੇ ਬਹੁਤ ਨੇੜੇ ਸੀ। ਨਿਊਰੋਸਰਜਨ ਡਾ. ਨਿਤਿਨ ਡਾਂਗੇ ਦੀ ਅਗਵਾਈ ਵਾਲੀ ਡਾਕਟਰਾਂ ਦੀ ਟੀਮ, ਜਿਸ ਵਿਚ ਕੌਸਮੈਟਿਕ ਸਰਜਨ ਡਾ. ਲੀਨਾ ਜੈਨ ਤੇ ਐਨਸਥੀਸੀਆ ਮਾਹਿਰ ਡਾ. ਨਿਸ਼ਾ ਗਾਂਧੀ ਸ਼ਾਮਲ ਸਨ, ਨੇ ਅਦਾਕਾਰ ਦੀ ਸਰਜਰੀ ਕੀਤੀ। ਉਨ੍ਹਾਂ ਕਿਹਾ, ''ਅਦਾਕਾਰ ਦੇ ਛੇ ਜ਼ਖ਼ਮ ਸਨ, ਦੋ ਹਲਕੇ, ਦੋ ਦਰਮਿਆਨੇ ਤੇ ਦੋ ਬਹੁਤ ਡੂੰਘੇ ਸਨ। ਇਨ੍ਹਾਂ ਵਿਚੋਂ ਇਕ ਜ਼ਖ਼ਮ ਪਿੱਠ ਉੱਤੇ ਰੀੜ ਦੀ ਹੱਡੀ ਦੇ ਬਹੁਤ ਨੇੜੇ ਸੀ। ਇਸੇ ਕਰਕੇ ਸਰਜਰੀ ਦੌਰਾਨ ਨਿਊਰੋਸਰਜਨ ਵੀ ਮੌਜੂਦ ਸੀ।'' ਖ਼ਾਨ ਦੇ ਗੁੱਟ ਦਾ ਜ਼ਖ਼ਮ ਵੀ ਡੂੰਘਾ ਹੈ। ਖੱਬੇ ਹੱਥ ਦੇ ਇਸ ਜ਼ਖ਼ਮ ਲਈ ਪਲਾਸਟਿਕ ਸਰਜਨ ਦੀ ਲੋੜ ਪਏਗੀ। ਉਧਰ ਖ਼ਾਨ ਦੀ ਪਤਨੀ ਅਦਾਕਾਰਾ ਕਰੀਨਾ ਕਪੂਰ ਦੀ ਟੀਮ ਨੇ ਬਿਆਨ ਵਿਚ ਕਿਹਾ, ''ਪਿਛਲੀ ਰਾਤ ਸੈਫ਼ ਅਲੀ ਖ਼ਾਨ ਤੇ ਕਰੀਨਾ ਕਪੂਰ ਖ਼ਾਨ ਦੀ ਰਿਹਾਇਸ਼ ਉੱਤੇ ਚੋਰੀ ਦੀ ਕੋਸ਼ਿਸ਼ ਕੀਤੀ ਗਈ। ਸੈਫ਼ ਦੀ ਬਾਂਹ ਉੱਤੇ ਸੱਟ ਲੱਗੀ ਹੈ, ਜਿਸ ਕਰਕੇ ਉਹ ਹਸਪਤਾਲ ਵਿਚ ਹੈ। ਅਸੀਂ ਮੀਡੀਆ ਤੇ ਅਦਾਕਾਰ ਦੇ ਪ੍ਰਸ਼ੰਸਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਸੰਜਮ ਨਾਲ ਕੰਮ ਲੈਣ ਤੇ ਕਿਸੇ ਤਰ੍ਹਾਂ ਦੀ ਅਫ਼ਵਾਹ ਫੈਲਾਉਣ ਤੋਂ ਬਚਣ ਕਿਉਂਕਿ ਪੁਲੀਸ ਆਪਣੀ ਜਾਂਚ ਕਰ ਰਹੀ ਹੈ।" ਇਸ ਦੌਰਾਨ ਪੁਲੀਸ ਅਧਿਕਾਰੀ ਨੇ ਕਿਹਾ ਕਿ ਮੁੱਢਲੀ ਜਾਣਕਾਰੀ ਮੁਤਾਬਕ ਅਣਪਛਾਤਾ ਸੈਫ਼ ਅਲੀ ਖ਼ਾਨ ਦੇ ਅਪਾਰਟਮੈਂਟ ਵਿਚ ਦਾਖ਼ਲ ਹੋਇਆ ਤੇ ਇਸ ਦੌਰਾਨ ਦੋਵਾਂ ਵਿਚਾਲੇ ਖਿੱਚਧੂਹ ਹੋਈ। ਘਟਨਾ ਦਾ ਪਤਾ ਲੱਗਦੇ ਹੀ ਬਾਂਦਰਾ ਪੁਲੀਸ ਮੌਕੇ 'ਤੇ ਪਹੁੰਚ ਗਈ। ਇਸ ਦੌਰਾਨ ਫ਼ਿਲਮੀ ਹਸਤੀਆਂ ਤੇ ਸਿਆਸਤਦਾਨਾਂ, ਜਿਨ੍ਹਾਂ ਵਿਚ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ, ਅਰਵਿੰਦ ਕੇਜਰੀਵਾਲ ਤੇ ਚਿਰੰਜੀਵੀ ਸ਼ਾਮਲ ਹਨ, ਨੇ ਸੈਫ਼ ਅਲੀ ਖ਼ਾਨ ਉੱਤੇ ਘਰ ਵਿਚ ਹੀ ਹੋਏ ਹਮਲੇ 'ਤੇ ਹੈਰਾਨੀ ਜਤਾਈ ਹੈ। ਉਨ੍ਹਾਂ ਮੁੰਬਈ ਸ਼ਹਿਰ ਵਿਚ ਅਮਨ ਤੇ ਕਾਨੂੰਨ ਦੀ ਮੌਜੂਦਾ ਹਾਲਤ ਨੂੰ ਲੈ ਕੇ ਸਵਾਲ ਚੁੱਕੇ ਹਨ। ਬੈਨਰਜੀ ਤੇ ਕੇਜਰੀਵਾਲ ਨੇ ਆਪੋ ਆਪਣੀਆਂ ਸੋਸ਼ਲ ਮੀਡੀਆ ਪੋਸਟਾਂ ਵਿਚ ਅਦਾਕਾਰ ਦੇ ਛੇਤੀ ਸਿਹਤਯਾਬ ਹੋਣ ਦੀ ਦੁਆ ਕੀਤੀ ਹੈ। ਮਹਾਰਾਸ਼ਟਰ ਕਾਂਗਰਸ ਦੇ ਮੁਖੀ ਨਾਨਾ ਪਟੋਲੇ ਨੇ ਕਿਹਾ ਕਿ ਮਹਾਰਾਸ਼ਟਰ ਵਿਚ ਅਮਨ ਤੇ ਕਾਨੂੰਨ ਵਿਵਸਥਾ ਦਾ ਬੁਰਾ ਹਾਲ ਹੈ।

# 'ਐਮਰਜੈਂਸੀ' ਫਿਲਮ 'ਤੇ ਬੈਨ ਨੂੰ ਲੈ ਕੇ ਭੜਕੀ ਕੰਗਨਾ ਰਣੌਤ



WORLD PUNJABI NEWS NETWORK

ਚੰਡੀਗੜ੍ਹ: ਕੰਗਨਾ ਰਣੌਤ ਦੀ ਫਿਲਮ 'ਐਮਰਜੈਂਸੀ' ਨੂੰ ਲੈ ਕੇ ਪੰਜਾਬ ਭਰ ਵਿੱਚ ਭਾਰੀ ਵਿਰੋਧ ਦੇਖਣ ਨੂੰ ਮਿਲ ਰਿਹਾ ਹੈ, ਪੰਜਾਬ ਦੇ ਕਈ ਜ਼ਿਲ੍ਹਿਆਂ ਵਿੱਚ ਸਿਨੇਮਾ ਮਾਲਕਾਂ ਨੇ ਸਾਫ਼ ਕਹਿ ਦਿੱਤਾ ਹੈ ਕਿ ਫਿਲਮ ਰਿਲੀਜ਼ ਨਹੀਂ ਕੀਤੀ ਜਾਵੇਗੀ। ਉਥੇ ਹੀ ਇਸ ਵਿਰੋਧ ਵਿਚਾਲੇ ਕੰਗਣਾ ਰਣੌਤ ਨੇ ਪਹਿਲਾ ਵੱਡਾ ਬਿਆਨ ਜਾਰੀ ਕੀਤਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਫਿਲਮ ਐਮਰਜੈਂਸੀ ਨੂੰ ਲੈਕੇ ਸ਼੍ਰੋਮਣੀ ਕਮੇਟੀ ਵੱਲੋਂ ਜ਼ਬਰਦਸਤ ਵਿਰੋਧ ਕੀਤਾ ਜਾ ਰਿਹਾ ਹੈ। ਜਿਸ ਸਬੰਧੀ ਸਮਰਥਨ ਦਿੰਦੇ ਹੋਏ ਕਾਂਗਰਸੀ ਆਗੂ ਸੁਖਪਾਲ ਖਹਿਰਾ ਕੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕਰਦਿਆਂ ਕਿਹਾ ਕਿ ਫਿਲਮ ਐਮਰਜੈਂਸੀ 'ਤੇ ਬੈਨ ਦੀ ਮੰਗ ਦਾ ਮੈਂ ਸਮਰਥਨ ਕਰਦਾ ਹਾਂ ਅਤੇ ਕੰਗਨਾ ਰਣੌਤ ਦੀ ਬਣਾਈ ਫਿਲਮ ਉੱਤੇ ਪਾਬੰਦੀ ਲਾਈ ਜਾਵੇ ਕਿਉਂਕਿ ਕੰਗਣਾ ਕਿਸਾਨ ਅਤੇ ਸਿੱਖਾਂ ਦੇ ਸਾਡੇ ਦੇਸ਼ ਪ੍ਰਤੀ ਯੋਗਦਾਨ ਨੂੰ ਜਾਣੇ ਬਿਨਾਂ ਇੱਕ ਜਾਣੀ-ਪਛਾਣੀ ਆਲੋਚਕ ਹੈ। ਇਸ ਫਿਲਮ 'ਤੇ ਪਾਬੰਦੀ ਲਗਾਉਣ ਲਈ ਤੁਰੰਤ ਕਦਮ ਚੁੱਕਣੇ ਚਾਹੀਦੇ ਹਨ ਜੋ ਸਿੱਖਾਂ ਨੂੰ ਦੇ ਅਕਸ ਨੂੰ ਢਾਅ ਲਾਉਣ ਦਾ ਕੰਮ ਕਰ ਰਹੀ ਹੈ।

ਸ਼੍ਰੋਮਣੀ ਕਮੇਟੀ ਨੇ ਪੰਜਾਬ ਵਿੱਚ ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਭਾਜਪਾ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਦੀ ਭੂਮਿਕਾ ਵਾਲੀ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ 'ਤੇ ਆਧਾਰਿਤ ਫਿਲਮ ਐਮਰਜੈਂਸੀ 'ਤੇ ਪਾਬੰਦੀ ਲਗਾਉਣ ਦੀ ਮੰਗ ਕੀਤੀ ਹੈ, ਜਿਸ ਦਾ ਕਾਂਗਰਸ ਦੇ ਸੀਨੀਅਰ ਆਗੂ ਅਤੇ ਪੰਜਾਬ ਦੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਫਿਲਮ ਉੱਤੇ ਬੈਨ ਲਾਉਣ ਦੀ ਮੰਗ ਕੀਤੀ ਹੈ। ਫਿਲਮ ਐਮਰਜੈਂਸੀ ਦੀ ਰਿਲੀਜ਼ ਨੂੰ ਲੈ ਕੇ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ ਹਨ। ਸੂਬੇ ਵਿੱਚ ਨਾਜ਼ੁਕ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਦੇਖਦੇ ਹੋਏ, ਪੰਜਾਬ ਸਰਕਾਰ ਨੂੰ ਪੰਜਾਬ ਵਿੱਚ ਫਿਲਮ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਬਾਰੇ ਵਿਚਾਰ ਕਰਨਾ ਚਾਹੀਦਾ ਹੈ। ਇਹ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਕਿ ਉਹ ਜਨਤਾ ਦੀਆਂ ਭਾਵਨਾਵਾਂ ਦੀ ਰੱਖਿਆ ਕਰੇ ਅਤੇ ਇਹ ਯਕੀਨੀ ਬਣਾਏ ਕਿ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਪਹਿਲ ਦਿੱਤੀ ਜਾਵੇ।

# ਲਾਸ ਏਂਜਲਸ 'ਚ ਜੰਗਲ ਦੀ ਭਿਆਨਕ ਅੱਗ ਕਾਰਨ ਹੋਈ ਤਬਾਹੀ

## ਨੂੰ ਦੇਖ ਕੇ ਭਾਵੁਕ ਹੋਈ ਪ੍ਰਿਅੰਕਾ ਚੋਪੜਾ, ਕਿਹਾ - ਮੇਰੇ ਦੋਸਤਾਂ ਨੇ ਬਹੁਤ ਕੁਝ ਗੁਆ ਦਿੱਤਾ

WORLD PUNJABI NEWS NETWORK

ਅਮਰੀਕਾ: ਲਾਸ ਏਂਜਲਸ ਦੇ ਕਈ ਇਲਾਕਿਆਂ ਵਿਚ ਜੰਗਲ ਦੀ ਭਿਆਨਕ ਅੱਗ ਨੇ ਸ਼ਹਿਰ ਵਿਚ ਤਬਾਹੀ ਮਚਾਈ ਹੋਈ ਹੈ। ਇਸ ਅੱਗ ਕਾਰਨ ਜਾਨੀ ਤੇ ਮਾਲੀ ਨੁਕਸਾਨ ਹੋਇਆ ਹੈ। 25 ਲੋਕਾਂ ਦੀ ਮੌਤ ਹੋ ਚੁੱਕੀ ਹੈ। 40,600 ਏਕੜ ਤੋਂ ਵੱਧ ਰਕਬਾ ਨੁਕਸਾਨਿਆ ਗਿਆ ਹੈ। ਕਈ ਮਸ਼ਹੂਰ ਹਸਤੀਆਂ ਦੇ ਘਰ ਸੜ ਕੇ ਸੁਆਹ ਹੋ ਗਏ ਹਨ। ਇਸ ਭਿਆਨਕ ਘਟਨਾ ਨੂੰ ਲੈ ਕੇ ਹੁਣ ਤੱਕ ਕਈ ਮਸ਼ਹੂਰ ਹਸਤੀਆਂ ਨੇ ਸੋਸ਼ਲ ਮੀਡੀਆ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ ਹੈ।ਹੁਣ ਪ੍ਰਿਅੰਕਾ ਚੋਪੜਾ ਨੇ ਕਿਹਾ ਕਿ ਇਹ ਸਭ ਦੇਖ ਕੇ ਉਨ੍ਹਾਂ ਦਾ ਦਿਲ ਬਹੁਤ ਭਰਿਆ ਪਿਆ ਹੈ। ਪਤਾ ਲੱਗਾ ਹੈ ਕਿ ਪ੍ਰਿਯੰਕਾ ਦਾ ਲ਼ਅ ਵਿੱਚ ਇੱਕ ਆਲੀਸ਼ਾਨ ਘਰ ਵੀ ਹੈ। ਕੈਲੀਫ਼ੋਰਨੀਆ ਵਿਚ ਭਿਆਨਕ ਅੱਗ ਅਜੇ ਵੀ ਤਬਾਹੀ ਮਚਾ ਰਹੀ ਹੈ। ਇਸ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਹਨ ਅਤੇ ਅਣਗਿਣਤ ਘਰ ਸੜ ਕੇ ਸੁਆਹ ਹੋ ਗਏ ਹਨ। ਲਾਸ ਏਂਜਲਸ 'ਚ ਆਪਣੇ ਪਰਿਵਾਰ ਨਾਲ ਰਹਿ ਰਹੀ ਪ੍ਰਿਅੰਕਾ ਚੋਪੜਾ ਨੇ ਸੋਸ਼ਲ ਮੀਡੀਆ 'ਤੇ ਆਪਣਾ ਦੁੱਖ ਜ਼ਾਹਰ ਕੀਤਾ ਅਤੇ ਪ੍ਰਭਾਵਿਤ ਲੋਕਾਂ ਨੂੰ ਆਪਣਾ ਸਮਰਥਨ ਦਿੱਤਾ। ਤਬਾਹੀ ਦੀਆਂ ਤਸਵੀਰਾਂ ਸਾਂਝੀਆਂ ਕਰਦੇ ਹੋਏ ਪ੍ਰਿਅੰਕਾ ਨੇ ਅੱਗ ਬੁਝਾਉਣ ਵਾਲੇ ਕਰਮਚਾਰੀਆਂ ਦਾ ਧੰਨਵਾਦ ਕੀਤਾ। ਪ੍ਰਿਅੰਕਾ ਚੋਪੜਾ ਨੇ ਲਿਖਿਆ, 'ਮੇਰਾ ਦਿਲ LA ਲਈ ਬਹੁਤ



ਦੁਖੀ ਹੈ। ਜਦੋਂ ਕਿ ਮੈਂ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਬਹੁਤ ਸ਼ੁਕਰਗੁਜ਼ਾਰ ਹਾਂ। ਸਾਡੇ ਬਹੁਤ ਸਾਰੇ ਦੋਸਤ, ਸਹਿਕਰਮੀ ਅਤੇ ਸਾਥੀ ਐਂਜਲੇਨਸ ਬਹੁਤ ਕੁਝ ਗੁਆ ਚੁੱਕੇ ਹਨ। ਇਸ ਅੱਗ ਨੇ ਅਣਗਿਣਤ ਪਰਿਵਾਰਾਂ ਨੂੰ ਉਜਾੜ ਦਿੱਤਾ ਹੈ ਅਤੇ ਸਾਰੇ ਭਾਈਚਾਰਿਆਂ ਨੂੰ ਤਬਾਹ ਕਰ ਦਿੱਤਾ ਹੈ, ਜਿਸ ਨਾਲ ਮੁਰੰਮਤ ਅਤੇ ਸਹਾਇਤਾ ਦੀ ਸਖ਼ਤ ਲੋੜ ਹੈ। ਅੱਗ ਬੁਝਾਉਣ ਵਾਲੇ ਕਰਮਚਾਰੀਆਂ ਨੇ ਆਪਣੀ ਜਾਨ ਜੋਖ਼ਮ ਵਿੱਚ ਪਾ ਕਿ ਸਾਡੀ ਜਾਨ ਬਚਾਈ, ਇਹ ਅਸਲ ਹੀਰੋ ਹਨ। ਪ੍ਰਿਅੰਕਾ ਨੇ ਆਪਣੇ ਪੈਰੋਕਾਰਾਂ ਨੂੰ ਰਾਹਤ ਕਾਰਜਾਂ ਲਈ ਦਾਨ ਦੇਣ ਦੀ ਅਪੀਲ ਵੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਰਪਾ ਕਰਕੇ ਉਨ੍ਹਾਂ ਲੋਕਾਂ ਨੂੰ ਦਾਨ ਕਰੋ ਜਿਨ੍ਹਾਂ ਨੇ ਆਪਣਾ ਸਭ ਕੁਝ ਗੁਆ ਦਿੱਤਾ ਹੈ। ਉਨ੍ਹਾਂ ਲਿਖਿਆ ਕਿ 'ਹਰ ਯੋਗਦਾਨ, ਭਾਵੇਂ ਕਿੰਨਾ ਵੀ ਵੱਡਾ ਹੋਵੇ, ਅਸਲ ਵਿੱਚ ਮਦਦ ਕਰਦਾ ਹੈ।

# ਪੰਜਾਬ ਦਾ ਪ੍ਰਤੀ ਵਿਅਕਤੀ GDP 19ਵੇਂ ਸਥਾਨ 'ਤੇ ਹੋਣਾ ਫਰਜ਼ੀ ਅੰਕੜਾ

WORLD PUNJABI NEWS NETWORK

ਲੁਧਿਆਣਾ: WMF ਦੀ ਰਿਪੋਰਟ ਅਨੁਸਾਰ ਪੰਜਾਬ ਅੰਦਰ ਟੈਕਸ ਚੋਰੀ ਦਾ ਅੰਕੜਾ 40 ਹਜ਼ਾਰ ਕਰੋੜ ਤੋਂ ਵੀ ਜ਼ਿਆਦਾ ਹੋਣ ਦਾ ਦਾਅਵਾ ਕੀਤਾ ਗਿਆ ਹੈ। ਪੰਜਾਬ ਦਾ ਪ੍ਰਤੀ ਵਿਅਕਤੀ GDP ਦੇਸ਼ 'ਚ 19ਵੇਂ ਸਥਾਨ 'ਤੇ ਹੋਣਾ ਵੀ ਫ਼ਰਜ਼ੀ ਅੰਕੜਾ ਹੈ। ਇਹ ਪ੍ਰਗਟਾਵਾ ਵਿਸ਼ਵ MSME ਫੋਰਮ ਦੇ ਪ੍ਰਧਾਨ ਤੇ ਆਲ ਇੰਡਸਟਰੀਜ਼ ਐਂਡ ਟਰੇਡ ਫੋਰਮ ਦੇ ਪ੍ਰਧਾਨ ਬਦੀਸ਼ ਜਿੰਦਲ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਲਿਖੀ ਚਿੱਠੀ 'ਚ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਪਿਛਲੇ 15 ਸਾਲਾਂ ਤੋਂ ਟੈਕਸ ਚੋਰੀ ਲਗਾਤਾਰ ਵੱਧ ਰਹੀ ਹੈ। ਅੰਕੜਿਆਂ ਅਨੁਸਾਰ ਪੰਜਾਬ ਦੀ GDP 8 ਲੱਖ 2 ਹਜ਼ਾਰ ਕਰੋੜ ਹੈ ਪਰ ਅਸਲ 'ਚ ਇਹ ਪੰਜਾਬ ਦੀ GDP 11 ਲੱਖ ਤੋਂ ਵੱਧ ਹੋਵੇਗੀ। ਇਸ ਲਈ ਪ੍ਰਤੀ ਵਿਅਕਤੀ GDP 'ਚ ਪੰਜਾਬ ਦੀ ਅਸਲ ਦਰਜਾਬੰਦੀ 19ਵੇਂ ਸਥਾਨ ਦੀ ਬਜਾਏ 6ਵੀਂ ਹੋਵੇਗੀ। ਮੌਜੂਦਾ ਅੰਕੜਿਆਂ ਅਨੁਸਾਰ ਪੰਜਾਬ ਦੀ ਪ੍ਰਤੀ ਵਿਅਕਤੀ GDP 2 ਲੱਖ 61 ਹਜ਼ਾਰ ਰੁਪਏ ਹੈ ਪਰ ਜੇ ਅਸਲ ਖਰਚੇ ਨਾਲ ਹਿਸਾਬ ਲਾਇਆ ਜਾਵੇ ਤਾਂ ਪੰਜਾਬ ਦੀ ਪ੍ਰਤੀ ਵਿਅਕਤੀ GDP 3 ਲੱਖ 58 ਹਜ਼ਾਰ ਹੋਵੇਗੀ। ਇਸ ਨਾਲ GDP 'ਚ ਪੰਜਾਬ ਦਾ ਸ਼ਰਮਨਾਕ 19ਵਾਂ ਸਥਾਨ ਹੋਣ ਦੀ ਬਜਾਏ ਦੇਸ਼ 'ਚ 6ਵੇਂ ਸਥਾਨ 'ਤੇ ਪਹੁੰਚ ਜਾਵੇਗਾ ਪਰ ਟੈਕਸ ਚੋਰੀ ਕਾਰਨ ਪੰਜਾਬ ਦੇ GDP ਦੇ ਸਹੀ ਅੰਕੜਿਆਂ ਦਾ ਖੁਲਾਸਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੰਜਾਬੀ ਸ਼ਾਨਦਾਰ ਜੀਵਨ ਸ਼ੈਲੀ ਤੇ ਅਮੀਰ ਖਰਚਿਆਂ ਲਈ ਜਾਣੇ ਜਾਂਦੇ ਹਨ, ਜੇ ਅਸੀਂ ਔਸਤ ਮਾਲਕੀ ਬਾਰੇ ਗੱਲ ਕਰਦੇ ਹਾਂ ਤਾਂ ਕਾਰਾਂ ਦੀ ਮਾਲਕੀ 'ਚ ਪੰਜਾਬੀ ਦੇਸ਼ 'ਚੋਂ ਤੀਜੇ ਸਥਾਨ 'ਤੇ ਆਉਂਦੇ ਹਨ। ਦੇਸ਼ 'ਚ ਹਰ 100 ਪਰਿਵਾਰਾਂ 'ਚੋਂ ਔਸਤਨ 7.5 ਪਰਿਵਾਰਾਂ ਕੋਲ ਕਾਰ ਹੈ ਪਰ ਪੰਜਾਬ 'ਚ 100 ਪਰਿਵਾਰਾਂ 'ਚੋਂ 21.9 ਪਰਿਵਾਰਾਂ ਕੋਲ ਇੱਕ ਕਾਰ ਹੈ, ਜਦੋਂ ਕਿ ਇਹ ਔਸਤ ਹਰਿਆਣਾ 'ਚ 15.3 ਤੇ ਦਿੱਲੀ 'ਚ 19.4 ਹੈ। ਭਾਰਤ 'ਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ 'ਚ ਵੀ ਪੰਜਾਬ ਦੀ ਸਥਿਤੀ ਬਿਹਤਰ ਹੈ, ਜਦਕਿ ਦੇਸ਼ 'ਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿ ਰਹੇ ਲੋਕਾਂ ਦੀ ਗਿਣਤੀ 11.28 ਫ਼ੀਸਦੀ ਹੈ, ਜਦਕਿ ਸਿਰਫ਼ ਪੰਜਾਬ 'ਚ 4.35 ਫ਼ੀਸਦੀ ਲੋਕ ਗ਼ਰੀਬੀ ਰੇਖਾ ਤੋਂ ਹੇਠਾਂ ਹਨ। ਹਰਿਆਣਾ 'ਚ ਇਹ ਅੰਕੜਾ 5.30 ਫੀਸਦੀ ਹੈ। ਸ਼ਹਿਰੀ ਖੇਤਰਾਂ 'ਚ ਪੱਕੇ ਘਰ (ਰਿਹਾਇਸ਼) ਦੇ ਮਾਮਲੇ 'ਚ ਵੀ ਪੰਜਾਬ ਦੇਸ਼ ਭਰ 'ਚ ਪਹਿਲੇ ਨੰਬਰ 'ਤੇ ਹੈ। ਦੇਸ਼ 'ਚ ਔਸਤਨ 85 ਫ਼ੀਸਦੀ ਹੈ ਜਦਕਿ ਪੰਜਾਬ 'ਚ ਇਹ 98 ਫ਼ੀਸਦੀ ਹੈ ਪਰ ਇਸ ਸਭ ਦੇ ਬਾਵਜੂਦ ਪੰਜਾਬ ਨੂੰ ਗ਼ਰੀਬਾਂ ਦਾ ਨਾਂ ਦੇ ਕੇ ਪ੍ਰਤੀ ਵਿਅਕਤੀ GDP 'ਚ 19ਵੇਂ ਸਥਾਨ 'ਤੇ ਰੱਖਿਆ ਗਿਆ ਹੈ। ਜਦਕਿ ਤੱਥਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਦੇ ਖਰਚੇ ਦੇ ਅੰਕੜੇ ਸਹੀ ਢੰਗ ਨਾਲ ਖੁਲਾਸਾ ਨਹੀਂ ਕੀਤਾ ਗਿਆ। ਸਭ ਤੋਂ ਵੱਡੀ ਚੋਰੀ GST 'ਚ ਪੰਜਾਬ 'ਚ 21000 ਕਰੋੜ ਤੋਂ ਵੱਧ ਦੀ ਚੋਰੀ ਦਾ ਘਪਲਾ 15000 ਕਰੋੜ ਦੀ GST ਚੋਰੀ ਵਸਤੂਆਂ 'ਚ ਹੈ ਤੇ 6000 ਕਰੋੜ ਤੋਂ ਵੱਧ GST ਚੋਰੀ ਸੇਵਾਵਾਂ 'ਚ ਹੈ। ਉਂਝ ਜੇਕਰ ਪ੍ਰਤੀ ਵਿਅਕਤੀ GST ਕੁਲੈਕਸ਼ਨ ਦੀ ਗੱਲ ਕਰੀਏ ਤਾਂ ਪੰਜਾਬ 'ਚ ਇਹ 8379 ਰੁਪਏ ਹੈ, ਜਦਕਿ 12,416 ਰੁਪਏ ਹਰਿਆਣਾ ਤੇ ਦਿੱਲੀ 'ਚ 15,918 ਰੁਪਏ ਹੈ। ਪੰਜਾਬ 'ਚ 2024-25 ਲਈ GST ਮਾਲੀਏ ਦਾ ਟੀਚਾ 25,750 ਕਰੋੜ ਰੁਪਏ ਹੈ, ਜਦਕਿ ਹਰਿਆਣਾ 'ਚ 37,498 ਕਰੋੜ ਰੁਪਏ ਤੇ ਦਿੱਲੀ 'ਚ ਘੱਟ ਆਬਾਦੀ ਤੋਂ ਬਾਅਦ ਵੀ GST ਮਾਲੀਆ 37,498 ਕਰੋੜ ਤੇ ਦਿੱਲੀ 'ਚ ਇਹ 34000 ਕਰੋੜ ਰੁਪਏ ਹੈ। ਪੰਜਾਬ 'ਚ ਹਾਊਸਿੰਗ ਖੇਤਰ 'ਚ 90 ਫ਼ੀਸਦੀ ਤੱਕ GST ਚੋਰੀ ਹੋ ਰਹੀ ਹੈ। ਦੇਸ਼ 'ਚ ਹਾਊਸਿੰਗ ਖੇਤਰ ਨੇ GDP 'ਚ ਸਭ ਤੋਂ ਵੱਧ ਖ਼ਰਚਿਆਂ 'ਚ ਯੋਗਦਾਨ ਪਾਇਆ ਪਰ ਪੰਜਾਬ 'ਚ 90




ਫ਼ੀਸਦੀ ਬਿੱਲ ਟੀਐੱਮਟੀ ਰਾਊਂਡ, ਸੀਮਿੰਟ, ਰੇਤ, ਬੱਜਰੀ, ਫਰਨੀਚਰ, ਲੱਕੜ, ਹਾਰਡਵੇਅਰ ਤੇ ਦੀ ਵਿਕਰੀ ਦੇ ਵਿਰੁੱਧ ਜਾਰੀ ਨਹੀਂ ਕੀਤੇ ਜਾਂਦੇ। ਭਾਰਤ ਦੇ ਮੁਕਾਬਲੇ ਪੰਜਾਬ 'ਚ ਮਕਾਨਾਂ ਦਾ ਖ਼ਰਚਾ ਬਹੁਤ ਘੱਟ ਹੈ। ਇਸੇ ਤਰ੍ਹਾਂ ਫਰਨੀਚਰਿੰਗ ਦਾ ਕੰਮ ਵੀ ਨੰ. 2 'ਚ ਠੇਕੇ 'ਤੇ ਦਿੱਤਾ ਜਾਂਦਾ ਹੈ। ਪੰਜਾਬ 'ਚ ਸਾਲਾਨਾ GST ਬਿਲਿੰਗ ਚੋਰੀ ਇਸ ਖੇਤਰ 'ਚ 80000 ਕਰੋੜ ਤੋਂ ਵੱਧ ਹੈ, ਜਿਸ ਦੇ ਨਤੀਜੇ ਵਜੋਂ 10000 ਕਰੋੜ ਦੀ ਆਮਦਨ ਦੀ ਚੋਰੀ ਹੋਈ ਹੈ। ਪੰਜਾਬ 'ਚ ਦੂਜਾ ਸਭ ਤੋਂ ਵੱਡਾ ਖਰਚ ਵਿਆਹਾਂ 'ਤੇ ਕੀਤਾ ਜਾਂਦਾ ਹੈ ਪਰ ਬਿਲਿੰਗ ਇਸ ਤੋਂ ਵੀ ਘੱਟ ਹੈ। ਉਨ੍ਹਾਂ ਕਿਹਾ ਕਿ 10 ਫ਼ੀਸਦੀ ਮੈਰਿਜ ਪੈਲੇਸ ਤੇ ਹੋਟਲ ਕੁੱਲ ਖਰਚੇ ਦਾ ਸਿਰਫ 10 ਫ਼ੀਸਦੀ ਹੀ ਦਿੰਦੇ ਹਨ। ਉਨ੍ਹਾਂ ਕਿਹਾ ਕਿ 10,000 ਕਰੋੜ ਦਾ ਕੈਟਰਿੰਗ ਕਾਰੋਬਾਰ ਪੰਜਾਬ 'ਚ ਲਗਭਗ ਦੂਜੇ ਨੰਬਰ 'ਤੇ ਹੈ। ਇਸੇ ਤਰ੍ਹਾਂ ਮਹਿੰਗੇ ਕੱਪੜੇ, ਫੋਟੋਸ਼ੂਟ, ਮੇਕਅੱਪ ਦਾ ਵੀ ਪੰਜਾਬ 'ਚ ਕੋਈ ਬਿੱਲ ਨਹੀਂ ਕੱਟਿਆ ਜਾਂਦਾ ਹੈ। ਪੰਜਾਬ 'ਚ ਆਟੋ ਪਾਰਟਸ, ਹਾਰਡਵੇਅਰ ਤੇ ਸਕਰੈਪ 'ਚ ਟੈਕਸ ਚੋਰੀ 80 ਫ਼ੀਸਦੀ ਦੇ ਕਰੀਬ ਹੁੰਦੀ ਹੈ। ਹਾਰਡਵੇਅਰ, ਆਟੋ ਪਾਰਟਸ ਤੇ ਸਕ੍ਰੈਪ ਦੇ ਰਿਟੇਲ ਬਿੱਲਾਂ 'ਚ GST ਇਹ ਸਾਰਾ ਸਾਮਾਨ ਜਾਂ ਤਾਂ ਖਰੀਦਿਆ ਜਾਂ ਵੇਚਿਆ ਜਾਂਦਾ ਹੈ। ਬਿਨਾਂ ਬਿੱਲ ਜਾਂ ਉਨ੍ਹਾਂ ਦੇ ਬਿੱਲਾਂ ਨੂੰ ਦੂਜੇ ਵਪਾਰੀਆਂ ਜਾਂ ਨਿਰਯਾਤਕਾਂ ਨੂੰ ਬਦਲ ਦਿੱਤਾ ਜਾਂਦਾ ਹੈ। ਇਸ ਅਦਲਾ-ਬਦਲੀ ਨਾਲ ਪੰਜਾਬ 'ਚ GST ਦੀ ਬੋਗਸ ਬਿਲਿੰਗ ਹੋਣਾ ਇੱਕ ਹੋਰ ਘਪਲਾ ਹੈ। ਇਹ ਘਪਲਾ ਸਾਲਾਨਾ 20,000 ਕਰੋੜ ਦੀ ਜਾਅਲੀ ਬਿਲਿੰਗ ਨਾਲ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਅੰਕੜੇ ਦੱਸਦੇ ਹਨ ਕਿ ਪੰਜਾਬ 'ਚ ਸ਼ਰਾਬ ਘਪਲੇ ਦੀਆਂ ਸੰਭਾਵਨਾਵਾਂ ਹਨ। ਪ੍ਰਤੀ ਵਿਅਕਤੀ ਪੰਜਾਬ 'ਚ ਸ਼ਰਾਬ ਦੀ ਖਪਤ ਦੇਸ਼ 'ਚ ਤੀਜੇ ਨੰਬਰ 'ਤੇ ਹੈ। ਅਲਕੋਹਲ ਦੀ ਔਸਤ ਸੰਖਿਆ ਦੇਸ਼ 'ਚ ਖਪਤਕਾਰ 14.6 ਫ਼ੀਸਦੀ ਹਨ ਜਦਕਿ ਪੰਜਾਬ 'ਚ ਇਹ 28.50 ਫ਼ੀਸਦੀ ਹੈ। ਹਰਿਆਣਾ 'ਚ ਸਿਰਫ਼ 21.60 ਫ਼ੀਸਦੀ ਹੈ। ਪੰਜਾਬ 'ਚ ਵਿਦਿਆਰਥੀਆਂ 'ਚ ਸ਼ਰਾਬ ਦਾ ਸੇਵਨ ਵੀ 6 ਫ਼ੀਸਦੀ ਹੈ, ਜੋ ਕਿ ਰਾਸ਼ਟਰੀ ਔਸਤ ਦਾ 3 ਗੁਣਾ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਦੇ ਨਾਲ ਹਰਿਆਣਾ ਸਰਕਾਰ ਨੂੰ 12,605 ਕਰੋੜ ਦੀ ਕਮਾਈ ਹੁੰਦੀ ਹੈ, ਜਦਕਿ ਪੰਜਾਬ ਨੇ 2024-25 ਲਈ ਸਿਰਫ 10350 ਕਰੋੜ ਦਾ ਟੀਚਾ ਰੱਖਿਆ ਹੈ। ਇਸ ਲਈ ਅੰਕੜੇ ਦਰਸਾਉਂਦੇ ਹਨ ਕਿ ਸ਼ਰਾਬ ਤੋਂ ਰਾਜ ਦੀ ਸੰਭਾਵਿਤ ਆਮਦਨ 15000 ਕਰੋੜ ਤੋਂ ਵੱਧ ਹੋਵੇਗੀ ਤੇ ਇਸ ਤਰ੍ਹਾਂ ਸ਼ਰਾਬ ਦੇ ਮਾਲੀਏ 'ਚ 10,000 ਕਰੋੜ ਰੁਪਏ ਦਾ ਅੰਤਰ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਰੇਤ ਤੇ ਬੱਜਰੀ ਘਪਲਾ ਲੰਬੇ ਸਮੇਂ ਤੋਂ ਚੱਲ ਰਿਹਾ ਹੈ। ਚੋਣਾਂ ਤੋਂ ਪਹਿਲਾਂ 'ਆਪ' ਦੀ ਸਰਕਾਰ ਨੇ ਰੇਤ ਤੋਂ ਆਮਦਨ ਦਾ ਟੀਚਾ 20,000 ਕਰੋੜ ਰੱਖਿਆ ਸੀ ਪਰ ਪਿਛਲੇ ਸਾਲ ਇਹ ਸਿਰਫ 248 ਕਰੋੜ ਹੀ ਹਾਸਲ ਕੀਤੇ ਤੇ ਹੁਣ 400 ਕਰੋੜ ਦਾ ਟੀਚਾ ਰੱਖਿਆ ਗਿਆ ਹੈ ਪਰ ਹਰਿਆਣਾ ਕੋਲ ਰੇਤ ਦੇ ਬਹੁਤ ਭੰਡਾਰ ਹਨ, ਫਿਰ ਵੀ ਰੇਤ ਤੋਂ ਇਸ ਦੀ ਆਮਦਨ 955 ਕਰੋੜ ਰੁਪਏ ਹੈ, ਜੋ ਸਾਬਤ ਕਰਦਾ ਹੈ ਕਿ ਸਭ ਕੁੱਝ ਠੀਕ ਨਹੀਂ ਹੈ। ਇਸ ਖੇਤਰ 'ਚ 3 ਹਜ਼ਾਰ ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ।

## ਗੈਰ ਕਾਨੂੰਨੀ ਮਾਈਨਿੰਗ ਨੂੰ ਲੈ ਕੇ ਨਿਸ਼ਾਨੇ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ



ਖੰਨਾ: ਪੰਜਾਬ ਅੰਦਰ ਗੈਰ ਕਾਨੂੰਨੀ ਮਾਈਨਿੰਗ ਨੂੰ ਲੈ ਕੇ ਇੱਕ ਵਾਰ ਮੁੜ ਤੋਂ ਕਾਂਗਰਸ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਉਪਰ ਸਿਆਸੀ ਹਮਲੇ ਕੀਤੇ ਹਨ। ਲੁਧਿਆਣਾ ਜਿਲ੍ਹੇ ਦੇ ਪਾਇਲ ਵਿਧਾਨ ਸਭਾ ਹਲਕੇ ਅੰਦਰ ਨਹਿਰ ਪੁਲ ਰੌਲ ਨੇੜੇ ਗੈਰ-ਕਾਨੂੰਨੀ ਮਾਈਨਿੰਗ ਦਾ ਮੁੱਦਾ ਗਰਮਾ ਗਿਆ ਹੈ। ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਭੁਲੱਥ ਤੋਂ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਐਕਸ ਹੈਂਡਲ (ਪਹਿਲਾਂ ਟਵਿੱਟਰ) 'ਤੇ ਵੀਡੀਓ ਸਾਂਝੀ ਕੀਤੀ ਅਤੇ ਪ੍ਰਸ਼ਾਸਨ ਅਤੇ ਸਰਕਾਰ 'ਤੇ ਸਵਾਲ ਖੜ੍ਹੇ ਕੀਤੇ। ਜਦਕਿ, ਵਾਤਾਵਰਣ ਪ੍ਰੇਮੀਆਂ ਨੇ ਵੀ ਇਸ ਮਾਮਲੇ ਵਿੱਚ ਕਾਰਵਾਈ ਦੀ ਮੰਗ ਕੀਤੀ ਹੈ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।
ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਪਣੇ ਟਵਿੱਟਰ ਹੈਂਡਲ 'ਤੇ ਇੱਕ ਵੀਡੀਓ ਪੋਸਟ ਕਰਕੇ ਲਿਖਿਆ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਦੇ ਗੈਰ-ਕਾਨੂੰਨੀ ਮਾਈਨਿੰਗ ਨੂੰ ਰੋਕਣ ਦੇ ਦਾਅਵੇ ਖੋਖਲੇ ਸਾਬਤ ਹੋਏ ਹਨ। ਪਾਇਲ ਦੇ ਪਿੰਡ ਰੌਲ ਵਿੱਚ ਦਿਨ-ਦਿਹਾੜੇ ਨਹਿਰ ਚੋਂ ਗੈਰ-ਕਾਨੂੰਨੀ ਮਾਈਨਿੰਗ ਚੱਲ ਰਹੀ ਹੈ। ਸਰਕਾਰ ਅਤੇ ਪ੍ਰਸ਼ਾਸਨ ਦੋਵੇਂ ਹੀ ਇਸਨੂੰ ਰੋਕਣ ਵਿੱਚ ਅਸਫਲ ਰਹੇ ਹਨ।

## ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਲਈ ਵੋਟਾਂ ਅੱਜ

ਚੰਡੀਗੜ੍ਹ: HSGPC ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਐਤਵਾਰ ਨੂੰ ਹੋਣਗੀਆਂ, ਜਿਸ ਲਈ ਰਾਜ ਚੋਣ ਕਮਿਸ਼ਨ ਨੇ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਹਰਿਆਣਾ ਦੇ 22 ਜ਼ਿਲ੍ਹਿਆਂ ਵਿੱਚ 40 ਸੀਟਾਂ 'ਤੇ ਹੋਣ ਵਾਲੀ ਚੋਣ ਲਈ ਪੋਲਿੰਗ ਪਾਰਟੀਆਂ ਆਪੋ-ਆਪਣੇ ਬੂਥਾਂ ਲਈ ਰਵਾਨਾ ਹੋ ਗਈਆਂ ਸਨ। ਸੂਬੇ ਦੇ ਕਰੀਬ 4 ਲੱਖ ਵੋਟਰਾਂ ਵੱਲੋਂ 164 ਉਮੀਦਵਾਰਾਂ ਦੀ ਕਿਸਮਤ ਦਾ ਫੈਸਲਾ ਕੀਤਾ ਜਾਵੇਗਾ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿੱਚ ਚਾਰ ਪ੍ਰਮੁੱਖ ਸਿੱਖ ਆਗੂ ਬਲਜੀਤ ਸਿੰਘ ਦਾਦੂਵਾਲ, ਜਗਦੀਸ਼ ਸਿੰਘ ਝੀਂਡਾ, ਬਲਦੇਵ ਸਿੰਘ ਕਿਆਮਪੁਰੀ ਅਤੇ ਦੀਦਾਰ ਸਿੰਘ ਨਲਵੀ ਦਾ ਵਕਾਰ ਦਾਅ ਉੱਤੇ ਹੈ। ਬਲਜੀਤ ਸਿੰਘ ਦਾਦੂਵਾਲ ਦੀ ਟੀਮ ਸ਼੍ਰੋਮਣੀ ਅਕਾਲੀ ਦਲ (ਹਰਿਆਣਾ) ਦੇ ਬੈਨਰ ਹੇਠ ਚੋਣ ਲੜ ਰਹੀ ਹੈ, ਜਦੋਂ ਕਿ ਜਗਦੀਸ਼ ਸਿੰਘ ਝੀਂਡਾ ਨੇ ਪੰਥਕ ਦਲ (ਝੀਂਡਾ) ਦੇ ਬੈਨਰ ਹੇਠ, ਬਲਦੇਵ ਸਿੰਘ ਕਿਆਮਪੁਰੀ ਦੀ ਟੀਮ ਹਰਿਆਣਾ ਸਿੱਖ ਪੰਥਕ ਦਲ ਦੇ ਬੈਨਰ ਹੇਠ ਅਤੇ ਦੀਦਾਰ ਸਿੰਘ ਨਲਵੀ ਦੇ ਉਮੀਦਵਾਰ ਸਿੱਖ ਸਮਾਜ ਸੰਗਠਨ




ਦੇ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। HSGPC ਚੋਣਾਂ ਵਿੱਚ ਚੁਣੇ ਗਏ ਮੈਂਬਰਾਂ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ। ਨਵੇਂ ਚੁਣੇ ਗਏ 40 ਮੈਂਬਰਾਂ ਵਲੋਂ ਨੌਂ ਮੈਂਬਰ ਨਾਮਜ਼ਦ ਕੀਤੇ ਜਾਣਗੇ, ਜਿਨ੍ਹਾਂ ਵਿੱਚ ਦੋ BC, ਦੋ SC, ਦੋ ਔਰਤਾਂ ਅਤੇ ਤਿੰਨ ਜਨਰਲ ਮੈਂਬਰ ਸ਼ਾਮਲ ਹੋਣਗੇ। HSGPC ਦੇ ਨਵੇਂ ਚੁਣੇ ਗਏ ਮੈਂਬਰਾਂ ਵੱਲੋਂ ਸੂਬੇ ਦੇ 51 ਗੁਰਦੁਆਰਿਆਂ ਦਾ ਪ੍ਰਬੰਧ, ਅਤੇ ਸਮਾਜਿਕ ਤੇ ਮੈਡੀਕਲ ਸੰਸਥਾਵਾਂ ਦਾ ਕੰਮਕਾਜ ਵੇਖਿਆ ਜਾਵੇਗਾ।

## SAD ਦੇ ਕਾਰਜਕਾਰੀ ਪ੍ਰਧਾਨ ਭੂੰਦੜ ਨੇ ਗ਼ਲਤ ਵੋਟਾਂ ਨੂੰ ਲੈ ਕੇ 21 ਨੂੰ ਸੱਦੀ ਮੀਟਿੰਗ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਪਾਰਟੀ ਨਾਲ ਸਬੰਧਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਦੇ ਮੈਂਬਰਾਂ ਦੀ ਮੀਟਿੰਗ 21 ਜਨਵਰੀ ਨੂੰ ਚੰਡੀਗੜ੍ਹ ਵਿਖੇ ਬੁਲਾਈ ਹੈ। ਮੀਟਿੰਗ 'ਚ ਸ਼੍ਰੋਮਣੀ ਕਮੇਟੀ ਦੀਆਂ ਵੋਟਰ ਸੂਚੀਆਂ 'ਚ ਵੱਡੇ ਪੱਧਰ 'ਤੇ ਗ਼ੈਰ-ਸਿੱਖਾਂ ਅਤੇ ਹੋਰ ਜਾਅਲੀ ਵੋਟਾਂ ਦੇ ਦਰਜ ਹੋਣ ਦੇ ਮਾਮਲੇ 'ਤੇ ਚਰਚਾ ਕੀਤੀ ਜਾਵੇਗੀ। ਡਾ. ਚੀਮਾ ਨੇ ਦੱਸਿਆ ਕਿ ਮੀਟਿੰਗ 'ਚ ਪਾਰਲੀਮੈਂਟਰੀ ਬੋਰਡ ਦੇ ਸਾਰੇ ਮੈਂਬਰ ਸਾਹਿਬਾਨ, SGPC ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ। ਚੀਮਾ ਨੇ ਦੱਸਿਆ ਕਿ SGPC ਦੀਆਂ ਵੋਟਰ ਲਿਸਟਾਂ ਵਿਚ ਆਪ ਸਰਕਾਰ ਵਲੋਂ ਵੱਡੇ ਪੱਧਰ ਤੇ ਧਾਂਦਲੀਆਂ ਕੀਤੇ ਜਾਣ ਦੀਆਂ ਖਬਰਾਂ ਮਿਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜੋ ਵੋਟਾਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਤੇ ਵਰਕਰਾਂ ਵੱਲੋਂ ਜਮ੍ਹਾਂ ਕਰਵਾਈਆਂ ਗਈਆਂ ਸਨ, ਉਹ ਵੋਟਰ ਸੂਚੀਆਂ 'ਚੋਂ ਗਾਇਬ ਹਨ ਅਤੇ ਇਸਦੀ ਥਾਂ ਬਿਨਾਂ 'ਸਿੰਘ' ਅਤੇ 'ਕੌਰ' ਤੋਂ ਫ਼ਰਜ਼ੀ



ਵੋਟਾਂ ਬਿਨਾਂ ਕਿਸੇ ਫੋਟੋ ਦੇ ਵੱਡੇ ਪੱਧਰ 'ਤੇ ਦਰਜ ਕੀਤੀਆਂ ਗਈਆਂ ਹਨ। 23 ਜਨਵਰੀ ਨੂੰ ਦਾਅਵੇ ਅਤੇ ਇਤਰਾਜ਼ ਦੀ ਅੰਤਿਮ ਮਿਤੀ ਹੋਣ ਕਰਕੇ ਪਾਰਟੀ ਸਾਰੇ ਪੰਜਾਬ ਦੇ ਕੇਸ ਨੂੰ ਇਕੱਠਾ ਕਰ ਕੇ ਗੁਰਦੁਆਰਾ ਚੋਣ ਕਮਿਸ਼ਨ ਕੋਲ ਸਬੂਤਾਂ ਸਮੇਤ ਉਠਾ ਕੇ ਗ਼ਲਤ ਵੋਟਾਂ ਰੱਦ ਕਰਵਾਏਗੀ। ਉਨ੍ਹਾਂ ਪਾਰਟੀ ਨਾਲ ਸਬੰਧਤ ਸਾਰੇ SGPC ਦੇ ਮੈਂਬਰ ਸਹਿਬਾਨ ਨੂੰ ਆਪਣੇ ਹਲਕੇ ਦੀਆਂ ਵੋਟਰ ਸੂਚੀਆਂ ਚੈੱਕ ਕਰ ਕੇ ਗੜਬੜ ਵੋਟਾਂ ਦੀ ਤਫਸੀਲ ਨਾਲ ਲੈਕੇ ਆਉਣ ਦੀ ਅਪੀਲ ਕੀਤੀ ਹੈ।

## ਚੋਣਾਂ ਤੋਂ ਪਹਿਲਾਂ ਕੇਜਰੀਵਾਲ ਨੇ ਦਿੱਲੀ ਦੇ ਕਿਰਾਏਦਾਰਾਂ ਨੂੰ ਦਿੱਤੇ ਦੋ ਤੋਹਫੇ

ਨਵੀਂ ਦਿੱਲੀ: ਦਿੱਲੀ ਵਿੱਚ ਚੋਣਾਂ ਤੋਂ ਪਹਿਲਾਂ ਭਾਜਪਾ, ਕਾਂਗਰਸ ਅਤੇ ਆਮ ਆਦਮੀ ਪਾਰਟੀ ਵੋਟਰਾਂ ਨੂੰ ਲੁਭਾਉਣ ਵਿੱਚ ਲੱਗੀ ਹੋਈ ਹੈ। ਇਹੀ ਕਾਰਨ ਹੈ ਕਿ ਹਰ ਪਾਰਟੀ ਵੋਟਰਾਂ ਲਈ ਵੱਡੇ-ਵੱਡੇ ਐਲਾਨ ਕਰ ਰਹੀ ਹੈ। ਇਸ ਲੜੀ 'ਚ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਸ਼ਨੀਵਾਰ ਨੂੰ ਦਿੱਲੀ ਦੇ ਸਾਰੇ ਕਿਰਾਏਦਾਰਾਂ ਲਈ ਵੱਡਾ ਐਲਾਨ ਕੀਤਾ ਹੈ।ਕੇਜਰੀਵਾਲ ਨੇ ਕਿਹਾ ਕਿ ਦਿੱਲੀ ਵਿੱਚ ਕਿਰਾਏਦਾਰਾਂ ਨੂੰ ਮੁਫਤ ਬਿਜਲੀ ਅਤੇ ਪਾਣੀ ਦਾ ਲਾਭ ਨਹੀਂ ਮਿਲ ਰਿਹਾ, ਉਨ੍ਹਾਂ ਨੂੰ ਵੀ ਮੁਫਤ ਬਿਜਲੀ ਅਤੇ ਪਾਣੀ ਦਾ ਲਾਭ ਮਿਲਣਾ ਚਾਹੀਦਾ ਹੈ। ਕੇਜਰੀਵਾਲ ਨੇ ਕਿਹਾ ਕਿ ਮੈਂ ਜਿੱਥੇ ਵੀ ਜਾਂਦਾ ਹਾਂ, ਲੋਕ ਕਹਿੰਦੇ ਹਨ ਕਿ ਸਾਨੂੰ ਹੋਰ ਸਹੂਲਤਾਂ ਦਾ ਲਾਭ ਮਿਲ ਰਿਹਾ ਹੈ। ਪਰ ਸਾਨੂੰ ਮੁਫਤ




ਬਿਜਲੀ ਅਤੇ ਮੁਫਤ ਪਾਣੀ ਦਾ ਲਾਭ ਨਹੀਂ ਮਿਲ ਰਿਹਾ, ਇਹ ਕਿਰਾਏਦਾਰਾਂ ਦੀ ਸ਼ਿਕਾਇਤ ਹੈ। ਕੇਜਰੀਵਾਲ ਨੇ ਕਿਹਾ ਕਿ ਸਾਡੀ ਸਰਕਾਰ ਬਣਨ 'ਤੇ ਅਸੀਂ ਅਜਿਹੀ ਯੋਜਨਾ ਲੈ ਕੇ ਆਵਾਂਗੇ, ਜਿਸ 'ਚ ਕਿਰਾਏਦਾਰਾਂ ਨੂੰ ਮੁਫਤ ਬਿਜਲੀ ਅਤੇ ਪਾਣੀ ਮਿਲ ਸਕੇਗਾ, ਇਹ ਸਾਡੀ ਗਰੰਟੀ ਹੈ।

## NSA ਤਹਿਤ ਡਿਬਰੂਗੜ੍ਹ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਨੂੰ ਨਹੀਂ ਮਿਲਿਆ ਨੋਟਿਸ



ਚੰਡੀਗੜ੍ਹ : ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਵਿਕਰਮਜੀਤ ਸਿੰਘ ਦੀ ਚੋਣ ਪਟੀਸ਼ਨ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਉਸ ਨੂੰ ਨੋਟਿਸ ਨਹੀਂ ਮਿਲਿਆ ਹੈ। ਉਸਦੇ ਪਰਿਵਾਰ ਵਾਲਿਆਂ ਨੇ ਵੀ ਨੋਟਿਸ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਤੇ ਡਿਬਰੂਗੜ੍ਹ ਜੇਲ੍ਹ ਸੁਪਰਡੈਂਟ ਰਾਹੀਂ ਵੀ ਨੋਟਿਸ ਨਹੀਂ ਮਿਲਿਆ ਹੈ। ਪਟੀਸ਼ਨਰ ਨੇ ਕਿਹਾ ਕਿ ਹੁਣ ਉਹ ਨੋਟਿਸ ਅਖ਼ਬਾਰ 'ਚ ਪ੍ਰਕਾਸ਼ਿਤ ਕਰਵਾਉਣਗੇ। ਵਿਕਰਮਜੀਤ ਸਿੰਘ ਨੇ ਆਪਣੀ ਪਟੀਸ਼ਨ 'ਚ ਹਾਈ ਕੋਰਟ ਨੂੰ ਦੱਸਿਆ ਕਿ ਉਸਨੇ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਖਡੂਰ ਸਾਹਿਬ ਲੋਕ ਸਭਾ ਸੀਟ ਤੋਂ ਚੋਣਾਂ ਲੜੀਆਂ ਸਨ। ਇਸੇ ਸੀਟ ਤੋਂ ਐੱਨਐੱਸਏ ਤਹਿਤ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਵੀ ਉਮੀਦਵਾਰ ਸੀ। ਅੰਮ੍ਰਿਤਪਾਲ ਸਿੰਘ ਦੀ ਚੋਣ ਰੱਦ ਕੀਤੀ ਜਾਣੀ ਚਾਹੀਦੀ ਹੈ ਕਿਉਂਕਿ ਉਸਨੇ ਨਾਮਜ਼ਦਗੀ ਪੱਤਰ 'ਚ ਕਈ ਅਹਿਮ ਜਾਣਕਾਰੀਆਂ ਲੁਕੋਈਆਂ ਹਨ। ਇਸਦੇ ਨਾਲ ਹੀ ਉਸਨੇ ਚੋਣਾਂ 'ਤੇ ਆਏ ਖ਼ਰਚ ਦਾ ਵੀ ਵੇਰਵਾ ਨਹੀਂ ਦਿੱਤਾ ਹੈ। ਚੋਣ ਪ੍ਰਚਾਰ ਦੇ ਲਈ ਰੋਜ਼ਾਨਾ ਹੋਣ ਵਾਲੀਆਂ ਮੀਟਿੰਗਾਂ, ਵਾਹਨਾਂ ਤੇ ਚੋਣ ਸਮੱਗਰੀ ਦਾ ਵੀ ਉਸਨੇ ਵੇਰਵਾ ਨਹੀਂ ਦਿੱਤਾ ਹੈ। ਪ੍ਰਚਾਰ ਲਈ ਜੋ ਰਕਮ ਖਰਚ ਕੀਤੀ ਗਈ ਹੈ, ਉਹ ਕਿੱਥੋਂ ਆਈ ਹੈ, ਇਹ ਵੀ ਨਹੀਂ ਦੱਸਿਆ ਹੈ। ਇਸਦੇ ਨਾਲ ਹੀ ਉਸਨੇ ਚੋਣ ਪ੍ਰਚਾਰ ਲਈ ਧਾਰਮਿਕ ਸਥਾਨ ਦੀ ਵੀ ਵਰਤੋਂ ਕੀਤੀ ਹੈ, ਜੋ ਗ਼ਲਤ ਹੈ। ਸੋਸ਼ਲ ਮੀਡੀਆ 'ਤੇ ਜੋ ਪ੍ਰਚਾਰ ਕੀਤਾ ਗਿਆ ਹੈ, ਉਸਦਾ ਵੀ ਕੋਈ ਵੇਰਵਾ ਨਹੀਂ ਦਿੱਤਾ ਗਿਆ ਹੈ। ਅਜਿਹੇ 'ਚ ਕਈ ਦੋਸ਼ ਲਾਉਂਦੇ ਹੋਏ ਲੋਕ ਮਾਇੰਦਗੀ ਐਕਟ ਦੇ ਤਹਿਤ ਅੰਮ੍ਰਿਤਪਾਲ ਦੀ ਚੋਣ ਰੱਦ ਕਰਨ ਦੀ ਹਦਾਇਤ ਜਾਰੀ ਕਰਨ ਦੀ ਹਾਈ ਕੋਰਟ ਨੂੰ ਅਪੀਲ ਕੀਤੀ ਗਈ ਹੈ।

## 27 ਸਾਲਾਂ ਤੋਂ ਲਗਾਤਾਰ ਸੇਵਾ ਕਰਨ ਵਾਲੇ ਹੋਮ ਗਾਰਡਾਂ ਨੂੰ 10,000 ਰੁਪਏ ਪ੍ਰਤੀ ਮਹੀਨਾ ਮਿਲੇਗਾ ਭੱਤਾ: ਪੰਜਾਬ ਅਤੇ ਹਰਿਆਣਾ ਹਾਈ ਕੋਰਟ

ਚੰਡੀਗੜ੍ਹ। ਇੱਕ ਮਹੱਤਵਪੂਰਨ ਫੈਸਲੇ ਵਿੱਚ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ 27 ਸਾਲਾਂ ਤੋਂ ਲਗਾਤਾਰ ਸੇਵਾ ਕਰਨ ਵਾਲੇ ਹੋਮ ਗਾਰਡਾਂ ਨੂੰ ਪ੍ਰਤੀ ਮਹੀਨਾ 10,000 ਰੁਪਏ ਭੱਤਾ ਦੇਣ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਇਸਨੂੰ ਭਾਰਤੀ ਸੰਵਿਧਾਨ ਦੇ ਅਨੁਛੇਦ 14 ਅਤੇ 21 ਦੀ ਉਲੰਘਣਾ ਕਰਾਰ ਦਿੱਤਾ ਅਤੇ ਕਿਹਾ ਕਿ ਇਹ ਭੱਤਾ ਕਿਸੇ ਵਿਅਕਤੀ ਨੂੰ ਸਿਰਫ਼ ਇਸ ਲਈ ਨਹੀਂ ਦਿੱਤਾ ਜਾ ਸਕਦਾ ਕਿਉਂਕਿ ਉਹ ਸਥਾਈ ਜਾਂ ਨਿਯਮਤ ਕਰਮਚਾਰੀ ਨਹੀਂ ਹੈ। ਜਸਟਿਸ ਜਗਮੋਹਨ ਬਾਂਸਲ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਕਿਸੇ ਵਿਅਕਤੀ ਨੂੰ 27 ਸਾਲਾਂ ਦੀ ਨਿਰੰਤਰ ਸੇਵਾ ਦੇ ਬਾਵਜੂਦ ਭੱਤਾ ਨਾ ਦੇਣਾ ਬੇਇਨਸਾਫ਼ੀ ਹੋਵੇਗੀ। ਇਹ ਉਸਦੇ ਅਤੇ ਉਸਦੇ ਪਰਿਵਾਰ ਦੇ ਸਨਮਾਨਜਨਕ ਜੀਵਨ ਜਿਊਣ ਦੇ ਅਧਿਕਾਰ ਦੀ ਉਲੰਘਣਾ ਕਰਦਾ ਹੈ। ਅਦਾਲਤ ਨੇ ਕਿਹਾ ਕਿ ਸੰਵਿਧਾਨ ਦੇ ਅਨੁਛੇਦ 14 ਅਤੇ 21 ਦੇ ਤਹਿਤ ਜੀਵਨ ਦਾ ਅਧਿਕਾਰ ਸਿਰਫ਼ ਸਰੀਰਕ ਬਚਾਅ ਤੱਕ ਸੀਮਿਤ ਨਹੀਂ ਹੈ, ਸਗੋਂ ਇਸ ਵਿੱਚ ਸਨਮਾਨਜਨਕ ਜੀਵਨ ਜਿਊਣ ਦਾ ਅਧਿਕਾਰ ਵੀ ਸ਼ਾਮਲ ਹੈ। ਪਟੀਸ਼ਨਕਰਤਾ ਵੱਲੋਂ ਇਹ ਦਲੀਲ ਦਿੱਤੀ ਗਈ ਸੀ ਕਿ ਉਹ 1992 ਵਿੱਚ ਪੰਜਾਬ ਹੋਮ ਗਾਰਡ ਵਿੱਚ ਭਰਤੀ ਹੋਇਆ ਸੀ ਅਤੇ 2019 ਤੱਕ ਸੇਵਾ ਕਰਦਾ ਰਿਹਾ। ਰਾਜ ਸਰਕਾਰ ਨੇ ਦਲੀਲ ਦਿੱਤੀ ਕਿ ਹੋਮ ਗਾਰਡ ਸਿਰਫ਼ ਵਲੰਟੀਅਰ ਹਨ, ਸਰਕਾਰੀ ਕਰਮਚਾਰੀ ਨਹੀਂ। ਉਹ ਰੋਜ਼ਾਨਾ ਦਿਹਾੜੀਦਾਰ ਹਨ ਅਤੇ ਲੋੜ ਅਨੁਸਾਰ ਬੁਲਾਏ ਜਾਂਦੇ ਹਨ। ਪਰ ਅਦਾਲਤ ਨੇ ਇਸ ਦਲੀਲ ਨੂੰ ਰੱਦ ਕਰ ਦਿੱਤਾ ਅਤੇ ਕਿਹਾ ਕਿ ਹੋਮ ਗਾਰਡਾਂ ਦੀ ਚੋਣ ਸਹੀ ਪ੍ਰਕਿਰਿਆ ਰਾਹੀਂ ਕੀਤੀ ਜਾਂਦੀ ਹੈ, ਅਤੇ 10 ਸਾਲਾਂ ਤੋਂ ਵੱਧ ਸਮੇਂ ਦੀ ਨਿਰੰਤਰ ਸੇਵਾ ਉਨ੍ਹਾਂ ਨੂੰ ਵਿਸ਼ੇਸ਼ ਦਰਜਾ ਦਿੰਦੀ ਹੈ। ਪਟੀਸ਼ਨਕਰਤਾ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪਟੀਸ਼ਨਕਰਤਾ ਦੀ ਨਿਯੁਕਤੀ 2019 ਵਿੱਚ ਹੋਈ ਸੀ।




ਮੁਅੱਤਲ ਕਰ ਦਿੱਤਾ ਗਿਆ, ਪਰ ਉਸ ਵਿਰੁੱਧ ਕੋਈ ਠੋਸ ਜਾਂਚ ਨਹੀਂ ਕੀਤੀ ਗਈ। ਹਾਲਾਂਕਿ, ਅਦਾਲਤ ਨੇ ਪਾਇਆ ਕਿ ਪਟੀਸ਼ਨਕਰਤਾ 1992 ਤੋਂ 2019 ਤੱਕ ਲਗਾਤਾਰ ਕੰਮ ਕਰ ਰਿਹਾ ਸੀ ਅਤੇ ਉਸਨੂੰ ਨਿਯਮਤ ਮਹੀਨਾਵਾਰ ਤਨਖਾਹ ਮਿਲਦੀ ਸੀ। ਜਸਟਿਸ ਬਾਂਸਲ ਨੇ ਕਿਹਾ ਕਿ ਹੋਮ ਗਾਰਡ ਪੰਜਾਬ ਪੁਲਿਸ ਦਾ ਹਿੱਸਾ ਹੈ, ਅਤੇ ਉਸਨੂੰ ਪੁਲਿਸ ਅਧਿਕਾਰੀ ਦੇ ਸਮਾਨ ਅਧਿਕਾਰ ਅਤੇ ਸੁਰੱਖਿਆ ਪ੍ਰਾਪਤ ਹੈ। ਪ੍ਰਾਪਤ ਹੋਇਆ। ਅਦਾਲਤ ਨੇ ਇਹ ਵੀ ਕਿਹਾ ਕਿ ਮੁਅੱਤਲੀ ਕਾਰਨ ਪਟੀਸ਼ਨਕਰਤਾ ਨੂੰ ਦੂਜੀ ਨੌਕਰੀ ਮਿਲਣ ਦੀ ਸੰਭਾਵਨਾ ਨਹੀਂ ਹੈ। ਅਦਾਲਤ ਨੇ ਇਹ ਵੀ ਕਿਹਾ ਕਿ ਹੋਮ ਗਾਰਡਾਂ ਦੀ ਚੋਣ ਸਹੀ ਪ੍ਰਕਿਰਿਆ ਰਾਹੀਂ ਹੁੰਦੀ ਹੈ, ਅਤੇ 10 ਸਾਲਾਂ ਤੋਂ ਵੱਧ ਸਮੇਂ ਦੀ ਨਿਰੰਤਰ ਸੇਵਾ ਉਨ੍ਹਾਂ ਨੂੰ ਵਿਸ਼ੇਸ਼ ਦਰਜਾ ਦਿੰਦੀ ਹੈ। ਪਟੀਸ਼ਨਕਰਤਾ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਪਟੀਸ਼ਨਕਰਤਾ ਨੂੰ 2019 ਵਿੱਚ ਮੁਅੱਤਲ ਕਰ ਦਿੱਤਾ ਗਿਆ ਸੀ, ਪਰ ਉਨ੍ਹਾਂ ਵਿਰੁੱਧ ਕੋਈ ਠੋਸ ਜਾਂਚ ਨਹੀਂ ਕੀਤੀ ਗਈ। ਅਦਾਲਤ ਨੇ ਰਾਜ ਸਰਕਾਰ ਨੂੰ ਮੁਅੱਤਲੀ ਦੀ ਮਿਤੀ ਤੋਂ ਸੇਵਾ ਸਮਾਪਤੀ ਦੀ ਮਿਤੀ ਤੱਕ ਪਟੀਸ਼ਨਕਰਤਾ ਨੂੰ ਪ੍ਰਤੀ ਮਹੀਨਾ 10,000 ਰੁਪਏ ਦਾ ਗੁਜ਼ਾਰਾ ਭੱਤਾ ਦੇਣ ਦਾ ਨਿਰਦੇਸ਼ ਦਿੱਤਾ। ਹਾਈ ਕੋਰਟ ਨੇ ਇਹ ਹੁਕਮ ਜਗੀਰ ਸਿੰਘ ਅਤੇ ਹੋਰਾਂ ਵੱਲੋਂ ਦਾਇਰ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਦਿੱਤਾ।

## 31 ਜਨਵਰੀ ਤੋਂ ਸੰਸਦ ਦਾ ਬਜਟ ਸੈਸ਼ਨ, 1 ਫਰਵਰੀ ਨੂੰ ਪੇਸ਼ ਹੋਵੇਗਾ ਬਜਟ

ਨਵੀਂ ਦਿੱਲੀ: ਸੰਸਦ ਦਾ ਬਜਟ ਸੈਸ਼ਨ 31 ਜਨਵਰੀ ਤੋਂ ਸ਼ੁਰੂ ਹੋਵੇਗਾ। ਇਹ ਸੈਸ਼ਨ 4 ਅਪ੍ਰੈਲ ਤੱਕ ਚੱਲੇਗਾ। ਬਜਟ 1 ਫਰਵਰੀ ਨੂੰ ਪੇਸ਼ ਕੀਤਾ ਜਾਵੇਗਾ। ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ। ਪਹਿਲੇ ਦਿਨ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੋਹਾਂ ਸਦਨਾਂ ਨੂੰ ਸੰਬੋਧਨ ਕਰਨਗੇ। ਜਾਣਕਾਰੀ ਮੁਤਾਬਕ ਸੰਸਦ ਦਾ ਬਜਟ ਸੈਸ਼ਨ 31 ਜਨਵਰੀ ਤੋਂ 4 ਅਪ੍ਰੈਲ ਤੱਕ ਚੱਲੇਗਾ ਅਤੇ ਕੇਂਦਰੀ ਮੰਤਰੀ ਨਿਰਮਲਾ ਸੀਤਾਰਮਨ 1 ਫਰਵਰੀ ਨੂੰ ਆਪਣਾ ਲਗਾਤਾਰ ਅੱਠਵਾਂ ਬਜਟ ਪੇਸ਼ ਕਰੇਗੀ। ਸੈਸ਼ਨ 31 ਜਨਵਰੀ ਨੂੰ ਸਵੇਰੇ 11 ਵਜੇ ਸੰਸਦ, ਲੋਕ ਸਭਾ ਅਤੇ ਰਾਜ ਸਭਾ ਦੇ ਦੋਵਾਂ ਸਦਨਾਂ ਦੀ ਸਾਂਝੀ ਬੈਠਕ ਨੂੰ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ ਸੰਬੋਧਨ ਨਾਲ ਸ਼ੁਰੂ ਹੋਵੇਗਾ। ਇਸ ਤੋਂ ਬਾਅਦ ਆਰਥਿਕ ਸਰਵੇਖਣ ਪੇਸ਼ ਕੀਤਾ ਜਾਵੇਗਾ। ਸੰਸਦ ਦੇ ਬਜਟ ਸੈਸ਼ਨ ਦੇ ਸਬੰਧ ਵਿੱਚ ਜਾਰੀ ਅਧਿਕਾਰਤ ਨੋਟੀਫਿਕੇਸ਼ਨ ਵਿੱਚ ਕਿਹਾ ਗਿਆ ਹੈ, ਅਠਾਰਵੀਂ ਲੋਕਸਭਾ ਦਾ ਚੌਥਾ ਸੈਸ਼ਨ ਸ਼ੁੱਕਰਵਾਰ, 31 ਜਨਵਰੀ 2025 ਨੂੰ ਸ਼ੁਰੂ ਹੋਵੇਗਾ। ਸੈਸ਼ਨ ਸ਼ੁੱਕਰਵਾਰ, 4



ਅਪ੍ਰੈਲ, 2025 ਨੂੰ ਖਤਮ ਹੋਣ ਦੀ ਸੰਭਾਵਨਾ ਹੈ।
31 ਜਨਵਰੀ ਤੋਂ 13 ਫਰਵਰੀ ਤੱਕ ਬਜਟ ਸੈਸ਼ਨ ਦੇ ਪਹਿਲੇ ਹਿੱਸੇ ਵਿੱਚ ਕੁੱਲ ਨੌਂ ਮੀਟਿੰਗਾਂ ਹੋਣਗੀਆਂ। ਇਸ ਪੜਾਅ ਦੌਰਾਨ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਪ੍ਰਸਤਾਵ ਦਾ ਜਵਾਬ ਦੇਣਗੇ, ਜਦੋਂ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਬਜਟ 'ਤੇ ਚਰਚਾ ਦਾ ਜਵਾਬ ਦੇਣਗੇ।

## ਛਾਪਾਮਾਰੀ ਕਰਨ ਗਈ ਥਾਣਾ ਸਦਰ ਦੀ ਪੁਲਿਸ 'ਤੇ ਹਮਲਾ

ਲੁਧਿਆਣਾ: ਲੁਟੇਰਿਆਂ ਦਾ ਬਚਾਅ ਕਰਦੇ ਹੋਏ ਪਿੰਡ ਦੇ ਕੁਝ ਲੋਕਾਂ ਨੇ ਥਾਣਾ ਸਦਰ ਦੀ ਪੁਲਿਸ ਉੱਪਰ ਜਾਨਲੇਵਾ ਹਮਲਾ ਕਰ ਦਿੱਤਾ। ਬੀਤੀ ਦੇਰ ਰਾਤ ਕੁਝ ਲੁਟੇਰਿਆਂ ਨੂੰ ਕਾਬੂ ਕਰਨ ਗਏ ਥਾਣਾ ਸਦਰ ਦੇ ਇੰਚਾਰਜ ਹਰਸ਼ਵੀਰ ਸਿੰਘ ਅਤੇ ਚੌਂਕੀ ਮਰਾਡੋ ਦੇ ਮੁਖੀ ਤਰਸੇਮ ਸਿੰਘ ਦੇ ਸੱਟਾਂ ਮਾਰ ਕੇ ਉਨ੍ਹਾਂ ਗੰਭੀਰ ਰੂਪ ਵਿੱਚ ਫੱਟੜ ਕਰ ਦਿੱਤਾ ਗਿਆ। ਇਹ ਘਟਨਾ ਜਗਰਾਉਂ ਦੇ ਪਿੰਡ ਕਮਾਲਪੁਰ ਵਿੱਚ ਵਾਪਰੀ। ਇਲਾਕੇ ਦੇ ਕੁਝ ਲੋਕਾਂ ਨੇ ਲੁਟੇਰਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਹੋਏ ਪੁਲਿਸ ਅਧਿਕਾਰੀਆਂ ਨੂੰ ਫੱਟੜ ਕੀਤਾ। ਪੁਲਿਸ ਨੇ ਮੁਲਜ਼ਮਾਂ ਨੂੰ



ਗ੍ਰਿਫ਼ਤਾਰ ਕਰਕੇ ਲੁਧਿਆਣਾ ਲਿਆਂਦਾ। ਇਸ ਮਾਮਲੇ ਵਿੱਚ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

## ਕੇਂਦਰੀ ਜ਼ੇਲ੍ਹ ਫਿਰੋਜ਼ਪੁਰ 'ਚੋਂ 10 ਮੋਬਾਈਲ ਫੋਨ ਤੇ ਨਸ਼ੀਲੇ ਪਦਾਰਥ ਬਰਾਮਦ

ਫਿਰੋਜ਼ਪੁਰ: ਕੇਂਦਰੀ ਜ਼ੇਲ੍ਹ ਫਿਰੋਜ਼ਪੁਰ ਵਿਚ ਤਲਾਸ਼ੀ ਦੌਰਾਨ 10 ਮੋਬਾਈਲ ਫੋਨ, 4 ਨਸ਼ੀਲੇ ਕੈਪਸੂਲ, 289 ਪੁੜੀਆਂ ਜਰਦਾ (ਤੰਬਾਕੂ), 36 ਬੰਡਲ ਬੀੜੀਆਂ, 217 ਗ੍ਰਾਮ ਚਿੱਟੇ ਰੰਗ ਦਾ ਪਦਾਰਥ ਬਰਾਮਦ ਹੋਇਆ ਹੈ। ਇਸ ਸਬੰਧ ਵਿਚ ਥਾਣਾ ਸਿਟੀ ਫਿਰੋਜ਼ਪੁਰ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ 42, 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਸਰਵਨ ਸਿੰਘ ਨੇ ਦੱਸਿਆ ਕਿ ਪੱਤਰ ਨੰਬਰ 10414 ਰਾਹੀਂ ਸਹਾਇਕ ਸੁਪਰਡੈਂਟ ਕੇਂਦਰੀ ਜ਼ੇਲ੍ਹ ਫਿਰੋਜ਼ਪੁਰ ਨੇ ਦੱਸਿਆ ਕਿ ਕੇਂਦਰੀ ਜ਼ੇਲ੍ਹ ਅੰਦਰ ਮਿਤੀ 30 ਦਸੰਬਰ 2024 ਤੋਂ 8 ਜਨਵਰੀ 2025 ਤੱਕ ਤਲਾਸ਼ੀ ਦੌਰਾਨ ਤੇ ਅਣਪਛਾਤੇ ਵਿਅਕਤੀਆਂ ਦੁਆਰਾ ਕੇਂਦਰੀ ਜ਼ੇਲ੍ਹ ਫਿਰੋਜਪੁਰ ਦੇ ਬਾਹਰੋਂ ਥਰੋ ਕਰਨ 'ਤੇ 5 ਕੀਪੈਡ ਮੋਬਾਈਲ ਫੋਨ, 5 ਟੱਚ ਸਕਰੀਨ ਮੋਬਾਈਲ ਫੋਨ, 4 ਨਸ਼ੀਲੇ



ਕੈਪਸੂਲ, 289 ਪੁੜੀਆਂ ਜਰਦਾ (ਤੰਬਾਕੂ), 36 ਬੰਡਲ ਬੀੜੀਆਂ, 217 ਗ੍ਰਾਮ ਚਿੱਟੇ ਰੰਗ ਦਾ ਪਦਾਰਥ ਬਰਾਮਦ ਹੋਇਆ। ਜਾਂਚਕਰਤਾ ਨੇ ਦੱਸਿਆ ਕਿ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਨੈਸ਼ਨਲ ਰੋਡ ਸੇਫਟੀ ਮਹੀਨੇ ਦੌਰਾਨ ਬੱਚਿਆਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਕੀਤਾ ਜਾਗਰੂਕ

ਅੰਮ੍ਰਿਤਸਰ: ਨੈਸ਼ਨਲ ਰੋਡ ਸੇਫਟੀ ਮਹੀਨਾ ਪਹਿਲੀ ਜਨਵਰੀ ਤੋਂ 31 ਜਨਵਰੀ ਤੱਕ ਮਨਾਇਆ ਜਾ ਰਿਹਾ ਹੈ। ਜਿਸ ਨੂੰ ਮੁੱਖ ਰੱਖਦਿਆ ਏਡੀਸੀਪੀ ਟ੍ਰੈਫਿਕ ਹਰਪਾਲ ਸਿੰਘ ਰੰਧਾਵਾ ਤੇ ਐਜੂਕੇਸ਼ਨ ਸੈੱਲ ਦੇ ਇੰਚਾਰਜ ਐਸਆਈ ਦਲਜੀਤ ਸਿੰਘ ਅਤੇ ਟੀਮ ਵੱਲੋਂ ਨਹਿਰੂ ਯੁਵਾ ਕੇਂਦਰ ਅੰਮ੍ਰਿਤਸਰ ਨਾਲ ਸਾਂਝਾ ਸੈਮੀਨਾਰ ਸਰੂਪ ਰਾਣੀ ਸਰਕਾਰੀ ਕਾਲਜ ਲੜਕੀਆਂ ਵਿਖੇ ਕੀਤਾ ਗਿਆ। ਇਸ ਮੌਕੇ ਰੰਧਾਵਾ ਨੇ ਬੱਚਿਆਂ ਨੂੰ ਸੈਮੀਨਾਰ ਦੌਰਾਨ ਟ੍ਰੈਫਿਕ ਨਿਯਮਾਂ ਬਾਰੇ ਜਾਗਰੂਕ ਕੀਤਾ। ਰੋਡ ਸਾਇਨ ਬਾਰੇ, ਹੈਲਮੇਟ, ਸੀਟ ਬੈਲਟ ਬਾਰੇ ਦੱਸਿਆ ਅਤੇ ਬੱਚਿਆਂ ਨੂੰ ਹੋ ਰਹੇ ਹਾਦਸਿਆਂ ਤੋਂ ਬਚਣ ਲਈ ਟ੍ਰੈਫਿਕ ਰੂਲਜ਼ ਫੋਲੋ ਕਰਨ ਲਈ ਜਾਗਰੂਕ ਕੀਤਾ। ਇਸ ਤੋਂ ਇਲਾਵਾ ਐਸਆਈ ਦਲਜੀਤ ਸਿੰਘ ਵਲੋਂ ਕਚਹਿਰੀ ਚੌਕ ਵਿਖੇ ਬੱਚਿਆਂ ਨੂੰ ਨਾਲ ਲੈ ਕੇ ਟ੍ਰੈਫਿਕ ਚਲਾਉਂਣ ਦੀ ਜਾਣਕਾਰੀ ਦਿੱਤੀ ਗਈ। ਉਨ੍ਹਾਂ ਆਮ



ਪਬਲਿਕ ਨੂੰ ਨਿਯਮਾਂ ਨੂੰ ਦਰਸਾਉਂਦੇ ਪੈਂਫਲੇਟ ਵੰਡ ਕੇ ਆਮ ਪਬਲਿਕ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕ ਕੀਤਾ ਗਿਆ। ਇਸ ਮੌਕੇ ਡਾ. ਅਮਨਦੀਪ ਭੱਟੀ, ਡਾ. ਮਨਜੀਤ ਕੌਰ ਮਨਹਾਸ, ਡਾ. ਜਗਵੀਰ ਸਿੰਘ, ਮਾਨਸੀ ਸਿੰਘ, ਅਕਾਂਸ਼ਾ ਮਹਾਵੇਰੀਆ, ਨਹਿਰੂ ਯੁਵਾ ਕੇਂਦਰ ਅੰਮ੍ਰਿਤਸਰ ਵੀ ਟੀਮ ਵਿਸ਼ੇਸ਼ ਤੌਰ 'ਤੇ ਹਾਜ਼ਰ ਸੀ।

## ਹਾਈ ਕੋਰਟ ਦੀ ਪੰਜਾਬ ਸਰਕਾਰ ਤੇ ਰਾਜ ਚੋਣ ਕਮਿਸ਼ਨ ਨੂੰ ਫਟਕਾਰ

ਚੰਡੀਗੜ੍ਹ: ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਵਜੂਦ ਤਿੰਨ ਨਗਰ ਪਰਿਸ਼ਦਾਂ ਦੀਆਂ ਚੋਣਾਂ ਨਾ ਕਰਵਾਉਣ 'ਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਰਾਜ ਚੋਣ ਕਮਿਸ਼ਨ ਨੂੰ ਸਖ਼ਤ ਫਟਕਾਰ ਲਾਈ ਹੈ। ਸੁਣਵਾਈ ਦੌਰਾਨ ਰਾਜ ਚੋਣ ਕਮਿਸ਼ਨ ਵੱਲੋਂ ਕਿਹਾ ਗਿਆ ਹੈ ਕਿ ਇਨ੍ਹਾਂ ਤਿੰਨਾਂ ਨਗਰ ਪਰਿਸ਼ਦਾਂ ਦੀਆਂ ਚੋਣਾਂ 10 ਮਾਰਚ ਤੱਕ ਕਰਵਾ ਦਿੱਤੀਆਂ ਜਾਣਗੀਆਂ। ਮਾਣਯੋਗ ਹਾਈ ਕੋਰਟ ਨੇ ਇਸ 'ਤੇ ਸਖ਼ਤ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ ਕਿ ਇਹ ਸਿੱਧੇ ਤੌਰ 'ਤੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਤੌਹੀਨ ਹੈ। ਸੁਪਰੀਮ ਕੋਰਟ ਨੇ ਨਵੰਬਰ ਵਿੱਚ ਸਰਕਾਰ ਨੂੰ 10 ਹਫ਼ਤਿਆਂ ਦੇ ਅੰਦਰ ਚੋਣਾਂ ਕਰਵਾਉਣ ਦਾ ਹੁਕਮ ਦਿੱਤਾ ਸੀ। ਹਾਈ ਕੋਰਟ ਨੇ ਕਿਹਾ ਕਿ ਪਟੀਸ਼ਨਕਰਤਾ ਇਸ ਮਾਮਲੇ ਵਿੱਚ ਮਾਣਹਾਨੀ ਪਟੀਸ਼ਨ ਵੀ ਦਾਇਰ ਕਰ ਸਕਦਾ ਹੈ। ਸੁਪਰੀਮ ਕੋਰਟ ਦੇ ਹੁਕਮਾਂ ਦੇ ਬਾਅਦ ਪੰਜਾਬ ਸਰਕਾਰ ਨੂੰ ਸੂਬੇ ਦੇ ਨਗਰ ਨਿਗਮ ਅਤੇ ਨਗਰ ਪਰਿਸ਼ਦਾਂ ਦੀਆਂ ਚੋਣਾਂ ਕਰਵਾਉਣ ਲਈ ਮਜਬੂਰ ਹੋਣਾ ਪਿਆ ਸੀ। ਇਸਦੇ ਬਾਵਜੂਦ ਪੰਜਾਬ ਸਰਕਾਰ ਅਤੇ ਰਾਜ ਚੋਣ ਕਮਿਸ਼ਨ ਨੇ ਤਰਨ ਤਾਰਨ, ਤਲਵਾੜਾ ਅਤੇ ਡੇਰਾ ਬਾਬਾ ਨਾਨਕ ਨਗਰ ਪਰਿਸ਼ਦਾਂ ਵਿੱਚ ਚੋਣਾਂ ਨਹੀਂ ਕਰਵਾਈਆਂ। ਇਸ ਦੇਰੀ ਦੇ ਖਿਲਾਫ਼ ਵਕੀਲ ਭੀਸ਼ਮ ਕਿੰਗਰ ਨੇ ਹਾਈ ਕੋਰਟ ਵਿੱਚ ਇੱਕ ਜਨਹਿੱਤ ਪਟੀਸ਼ਨ ਦਾਖਲ ਕੀਤੀ ਸੀ। ਪਿਛਲੀ ਸੁਣਵਾਈ ਵਿੱਚ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਰਾਜ ਚੋਣ ਕਮਿਸ਼ਨ ਨੂੰ ਸਖ਼ਤ ਫਟਕਾਰ ਲਾਉਂਦਿਆਂ ਕਿਹਾ ਸੀ ਕਿ ਤੁਸੀਂ ਜਮਹੂਰੀਅਤ ਦਾ ਮਜ਼ਾਕ ਬਣਾ ਰੱਖਿਆ ਹੈ।

ਮਾਣਯੋਗ ਹਾਈ ਕੋਰਟ ਨੇ ਪੰਜਾਬ ਸਰਕਾਰ ਅਤੇ ਰਾਜ ਚੋਣ ਕਮਿਸ਼ਨ ਨੂੰ ਸ਼ੁਕਰਵਾਰ ਤੱਕ ਦੀ ਮੋਹਲਤ ਦਿੰਦਿਆਂ ਕਿਹਾ ਸੀ ਕਿ ਜੇਕਰ ਉਤੋਂ ਤੱਕ ਚੋਣਾਂ ਦੀ ਤਰੀਕ ਨਹੀਂ ਦੱਸੀ ਗਈ ਤਾਂ ਚੋਣ ਕਮਿਸ਼ਨਰ ਨੂੰ ਹਾਜ਼ਰ ਹੋਣਾ ਪਵੇਗਾ। ਕੋਰਟ ਨੂੰ ਦੱਸਿਆ ਗਿਆ ਸੀ ਕਿ ਇਨ੍ਹਾਂ ਤਿੰਨਾਂ ਨਗਰ ਪਰਿਸ਼ਦਾਂ ਵਿੱਚੋਂ 2 ਵਿੱਚ ਚੋਣਾਂ ਤਾਂ 2020 ਤੋਂ ਪਹਿਲਾਂ ਹੀ ਹੋ ਜਾਣੀਆਂ ਚਾਹੀਦੀਆਂ ਸਨ। ਚਾਰ ਸਾਲਾਂ ਤੋਂ ਚੋਣਾਂ ਨਹੀਂ ਕਰਵਾਈਆਂ ਗਈਆਂ ਅਤੇ ਹੁਣ ਵੀ ਸਮਾਂ ਹੀ ਮੰਗਿਆ ਜਾ ਰਿਹਾ ਹੈ। ਹਾਈ ਕੋਰਟ ਨੇ ਕਿਹਾ ਕਿ ਹੁਣ ਬਹੁਤ ਦੇਰੀ ਹੋ ਚੁੱਕੀ ਹੈ ਅਤੇ ਹੋਰ ਇੰਤਜ਼ਾਰ ਨਹੀਂ ਕੀਤਾ ਜਾ ਸਕਦਾ। ਹਾਈ ਕੋਰਟ ਨੇ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 27 ਜਨਵਰੀ ਤੱਕ ਮੁਕੱਰਰ ਕੀਤੀ ਹੈ।

## ਪੰਜਾਬ ਦੇ ਲੁਧਿਆਣਾ ਦੀ ਪੱਛਮੀ ਵਿਧਾਨ ਸਭਾ ਸੀਟ ਉੱਤੇ ਮੁੜ ਹੋਣਗੀਆਂ ਚੋਣਾਂ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਲੁਧਿਆਣਾ ਦੀ ਪੱਛਮੀ ਵਿਧਾਨ ਸਭਾ ਸੀਟ ਨੂੰ ਖਾਲੀ ਐਲਾਨ ਦਿੱਤਾ ਗਿਆ ਹੈ। ਇਸ ਸਬੰਧੀ ਇੱਕ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਹੈ। ਇਸ ਨੋਟੀਫਿਕੇਸ਼ਨ ਰਾਹੀਂ ਸਪੱਸ਼ਟ ਕੀਤਾ ਗਿਆ ਹੈ ਕਿ ਲੁਧਿਆਣਾ ਪੱਛਮੀ ਸੀਟ ਹੁਣ 11 ਜਨਵਰੀ ਤੋਂ ਖਾਲੀ ਮੰਨੀ ਜਾਵੇਗੀ। ਦੱਸ ਦਈਏ ਕਿ 'ਆਪ' ਵਿਧਾਇਕ ਗੁਰਪ੍ਰੀਤ ਗੋਗੀ ਦੀ ਅਚਾਨਕ ਮੌਤ ਹੋਣ ਮਗਰੋਂ ਇਹ ਸੀਟ ਖਾਲੀ ਹੋਈ ਹੈ। ਨਿਯਮਾਂ ਮੁਤਾਬਿਕ ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਸੀਟ ਖਾਲੀ ਐਲਾਨਣ ਤੋਂ ਬਾਅਦ 6 ਮਹੀਨਿਆਂ ਦੇ ਅੰਦਰ ਉਸ ਹਲਕੇ ਦੀ ਚੋਣ ਕਰਵਾਉਣੀ ਜ਼ਰੂਰੀ ਹੁੰਦੀ ਹੈ। ਜਿਸ ਕਾਰਨ ਇਹ ਕਿਆਸ ਲਗਾਏ ਜਾ ਰਹੇ ਹਨ ਕਿ 10 ਜੁਲਾਈ ਤੱਕ ਇਸ ਹਲਕੇ ਵਿੱਚ ਮੁੜ ਤੋਂ ਚੋਣ ਹੋਣਾ ਤੈਅ ਹੈ। ਜਿਸ ਦੇ ਚੱਲਦੇ ਲੁਧਿਆਣਾ ਪੱਛਮੀ ਸੀਟ 'ਤੇ ਮੁੜ ਲੋਕਾਂ ਨੂੰ ਜਲਦ ਵੋਟ ਪਾਉਣ ਦਾ ਮੌਕਾ ਮਿਲੇਗਾ। ਕਾਬਿਲੇਗੌਰ ਹੈ ਕਿ ਲੁਧਿਆਣਾ ਦੀ ਪੱਛਮੀ ਵਿਧਾਨ ਸਭਾ ਸੀਟ ਤੋਂ ਵਿਧਾਇਕ ਰਹੇ ਗੁਰਪ੍ਰੀਤ ਗੋਗੀ ਦੀ ਬੀਤੀ 10 ਜਨਵਰੀ ਨੂੰ ਦੇਰ ਰਾਤ ਗੋਲੀ ਲੱਗਣ ਨਾਲ ਮੌਤ ਹੋ ਗਈ ਸੀ। ਪਰਿਵਾਰਿਕ ਮੈਂਬਰਾਂ ਤੇ ਪੁਲਿਸ ਦੇ ਬਿਆਨਾਂ ਮੁਤਾਬਿਕ ਇਹ ਇੱਕ ਹਾਦਸਾ ਸੀ। ਜਦੋਂ ਉਹ (ਮ੍ਰਿਤਕ ਗੋਗੀ) ਆਪਣਾ ਲਾਇਸੰਸੀ ਹਥਿਆਰ ਸਾਫ ਕਰ ਰਹੇ ਸੀ, ਤਾਂ ਅਚਾਨਕ ਗੋਲੀ ਚੱਲੀ ਅਤੇ ਸਿਰ ਦੇ ਆਰ-ਪਾਰ ਹੋ ਗਈ। ਜਦੋਂ ਗੋਗੀ ਨੂੰ ਲੁਧਿਆਣਾ ਦੇ ਡੀਐੱਮਸੀ ਹਸਪਤਾਲ ਲਿਜਾਇਆ ਗਿਆ, ਤਾਂ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਤੋਂ ਬਾਅਦ ਹੀ ਇਹ ਖਬਰ ਚਾਰੇ ਪਾਸੇ ਫੈਲ ਗਈ ਕਿ ਗੋਗੀ ਦੀ ਮੌਤ ਹੋ ਚੁੱਕੀ ਹੈ।

## ਦਿੱਲੀ-ਸੰਗਰੂਰ ਹਾਈਵੇ 'ਤੇ ਹੋਇਆ ਕਾਰ ਹਾਦਸਾ, ਦੋ ਨੌਜਵਾਨਾਂ ਦੀ ਮੌਕੇ 'ਤੇ ਮੌਤ

ਪਾਤੜਾਂ : ਦਿੱਲੀ ਸੰਗਰੂਰ ਕੌਮੀ ਮੁੱਖ ਮਾਰਗ 'ਤੇ ਪਿੰਡ ਦੁਗਾਲ ਕਲਾਂ ਨੇੜੇ ਦੇਰ ਰਾਤ ਇੱਕ ਵਰਨਾ ਕਾਰ ਡਿਵੈਡਰ ਨਾਲ ਟਕਰਾ ਕੇ ਪਲਟ ਗਈ ਜਿਸ ਵਿੱਚ ਸਵਾਰ 2 ਨੌਜਵਾਨਾਂ ਦੀ ਮੌਤ ਅਤੇ 3 ਗੰਭੀਰ ਰੂਪ 'ਚ ਜ਼ਖ਼ਮੀ ਹੋਏ ਹਨ। ਸੂਚਨਾ ਮਿਲਣ 'ਤੇ ਸੜਕ ਸੁਰੱਖਿਆ ਫੋਰਸ ਦੇ ਦਸਤੇ ਕੇ ਪਹੁੰਚ ਕੇ ਕਾਰ ਸਵਾਰਾਂ ਦੀ ਮਦਦ ਕੀਤੀ। ਇਸੇ ਦੌਰਾਨ ਪੁਲੀਸ ਪਾਰਟੀ ਨੇ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਬਣਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਬੀਤੀ ਰਾਤ ਕਰੀਬ ਰਾਤ ਡੇਢ ਵਜੇ ਕਾਰ ਸਵਾਰ ਪੰਜ ਨੌਜਵਾਨ ਦਿੜ੍ਹਬਾ ਨੇੜਲੇ ਇੱਕ ਪੈਲਸ ਵਿੱਚੋਂ ਵਿਆਹ ਸਮਾਗਮ ਤੋਂ ਆ ਰਹੇ ਸਨ ਜਿਉਂ ਹੀ ਉਨ੍ਹਾਂ ਦੀ ਕਾਰ ਪਿੰਡ ਦੁਗਾਲ ਕੋਲ ਪਹੁੰਚੀ ਤੇ ਬੇਕਾਬੂ ਹੋਈ ਕਾਰ ਇੱਕ ਡਿਵਾਈਡਰ ਨਾਲ ਟਕਰਾ ਕੇ ਪਲਟ ਗਈ ਕਾਰ 'ਚ ਸਵਾਰ ਅੰਸੁਲ



ਗਰਗ (23) ਅਤੁਲ (27) ਦੀ ਮੌਕੇ 'ਤੇ ਮੌਤ ਹੋ ਗਈ, ਜਦੋਂ ਕਿ ਹਿਮਾਂਸ਼ੂ ਗਰਗ ਅਤੇ ਸਾਹਿਲ ਸਮੇਤ ਤਿੰਨ ਨੌਜਵਾਨ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਇਲਾਜ ਲਈ ਪਟਿਆਲਾ ਦੇ ਹਸਪਤਾਲ ਵਿਚ ਭੇਜ ਦਿੱਤਾ ਗਿਆ ਹੈ। ਹਾਦਸੇ ਦਾ ਸ਼ਿਕਾਰ ਹੋਏ ਨੌਜਵਾਨ ਹਰਿਆਣਾ ਦੇ ਸ਼ਹਿਰ ਜਾਖਲ ਦੇ ਰਹਿਣ ਵਾਲੇ ਦੱਸੇ ਜਾ ਰਹੇ ਹਨ।

## ਸਰਕਾਰੀ ਵਾਹਨਾਂ ਦੇ ਚਾਲਕਾਂ ਲਈ ਲਾਜ਼ਮੀ ਹੋਵੇਗੀ ਡਰਾਈਵਿੰਗ ਟ੍ਰੇਨਿੰਗ

ਨਵੀਂ ਦਿੱਲੀ : ਵਾਹਨ ਚਾਲਕਾਂ ਦੀ ਉਚਿਤ ਸਿਖਲਾਈ 'ਤੇ ਜ਼ੋਰ ਦੇ ਰਹੀ ਕੇਂਦਰ ਸਰਕਾਰ ਨੇ ਨਵੇਂ ਬਣਨ ਵਾਲੇ ਡਰਾਈਵਿੰਗ ਸੈਂਟਰਾਂ ਲਈ 250 ਜ਼ਿਲ੍ਹਿਆਂ ਨੂੰ ਉੱਚ ਤਰਜੀਹ ਦੀ ਸ਼੍ਰੇਣੀ 'ਚ ਰੱਖਿਆ ਹੈ। ਇਨ੍ਹਾਂ ਸਾਰਿਆਂ 'ਚ ਅਗਲੇ ਦੋ ਸਾਲਾਂ ਦੇ ਅੰਦਰ ਸੈਂਟਰਾਂ ਦਾ ਸੰਚਾਲਨ ਸ਼ੁਰੂ ਕਰ ਦਿੱਤਾ ਜਾਵੇਗਾ। ਸਭ ਤੋਂ ਜ਼ਿਆਦਾ 25 ਜ਼ਿਲ੍ਹੇ ਕਰਨਾਟਕ ਦੇ ਚੁਣੇ ਗਏ ਹਨ, ਜਦਕਿ ਤਾਮਿਲਨਾਡੂ ਦੇ 21 ਜ਼ਿਲ੍ਹਿਆਂ 'ਚ ਡਰਾਈਵਿੰਗ ਟ੍ਰੇਨਿੰਗ ਸੈਂਟਰ ਸਥਾਪਤ ਹੋਣਗੇ। ਇਹ ਦੋਵੇਂ ਸੂਬੇ ਸੜਕ ਹਾਦਸਿਆਂ ਦੇ ਮਾਮਲਿਆਂ 'ਚ ਸਿਖਰਲੇ ਪੰਜ 'ਚ ਸ਼ਾਮਲ ਹਨ। ਉੱਤਰ ਪ੍ਰਦੇਸ਼ 'ਚ 16 ਤੇ ਬਿਹਾਰ ਤੇ ਬੰਗਾਲ 'ਚ 15-15 ਟ੍ਰੇਨਿੰਗ ਸੈਂਟਰ ਬਣਨਗੇ। ਪਹਿਲੀ ਵਾਰੀ ਕੇਂਦਰ ਸਰਕਾਰ ਨੇ ਇਨ੍ਹਾਂ ਕੇਂਦਰਾਂ ਤੋਂ ਇਕ ਸਾਲ 'ਚ ਸਿਖਲਾਈ ਲੈਣ ਵਾਲੇ ਲੋਕਾਂ ਦੀ ਗਿਣਤੀ ਦਾ ਅਨੁਮਾਨ ਵੀ ਪੇਸ਼ ਕੀਤਾ ਹੈ। ਹਰ ਕੇਂਦਰ ਤੋਂ ਇਕ ਸਾਲ 'ਚ ਦੋ ਹਜ਼ਾਰ ਨਵੇਂ ਲੋਕਾਂ ਨੂੰ ਸਿਖਲਾਈ ਦਿੱਤੀ ਜਾਏਗੀ ਤੇ 20 ਹਜ਼ਾਰ ਲੋਕ ਆਪਣੇ ਡੀਐੱਲ ਦੇ ਨਵੀਨੀਕਰਨ ਆਦਿ ਲਈ ਰਿਫ੍ਰੈਸ਼ਰ ਕੋਰਸ ਕਰ ਸਕਣਗੇ। ਡੀਐੱਲ ਲਈ ਇਨ੍ਹਾਂ ਕੇਂਦਰਾਂ ਦੇ ਸਰਟੀਫਿਕੇਟ ਨੂੰ ਲਾਜ਼ਮੀ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਜਿਨ੍ਹਾਂ ਲੋਕਾਂ ਕੋਲ ਡਰਾਈਵਿੰਗ ਸੈਂਟਰਾਂ ਤੋਂ ਪਾਸ ਹੋਣ ਦਾ ਸਰਟੀਫਿਕੇਟ ਹੋਵੇਗਾ, ਉਨ੍ਹਾਂ ਨੂੰ ਖੇਤਰੀ ਟਰਾਂਸਪੋਰਟ ਦਫਤਰਾਂ 'ਚ ਡੀਐੱਲ ਬਣਵਾਉਣ ਲਈ ਕੋਈ ਟੈਸਟ ਦੇਣ ਦੀ ਲੋੜ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕੇਂਦਰ ਤੇ ਸੂਬਿਆਂ 'ਚ ਸਰਕਾਰੀ ਵਾਹਨਾਂ ਦੇ ਡਰਾਈਵਰਾਂ ਲਈ ਇਨ੍ਹਾਂ ਕੇਂਦਰਾਂ ਤੋ ਸਿਖਲਾਈ ਤੇ ਸਰਟੀਫਿਕੇਟ ਲੈਣਾ ਵੀ ਲਾਜ਼ਮੀ ਕਰਨ ਦੀ ਤਜਵੀਜ਼ ਹੈ।

## ਰਾਸ਼ਟਰੀ ਸਰਵੇ 'ਚ ਮੋਗਾ ਦੇ 8 ਅਦਾਰੇ ਗ੍ਰੀਨ ਸਕੂਲ ਐਲਾਨੇ

ਮੋਗਾ: ਭਾਰਤ ਸਰਕਾਰ ਦੀ ਮਨਿਸਟਰੀ ਆਫ ਇਨਵਾਇਰਮੈਂਟ ਫੋਰੈਸਟ ਐਂਡ ਕਲਾਈਮੇਟ ਚੇਂਜ ਅਧੀਨ ਚੱਲ ਰਹੇ ਇਨਵਾਇਰਮੈਂਟ ਐਜੂਕੇਸ਼ਨ ਪ੍ਰੋਗਰਾਮ ਦੁਆਰਾ ਪੰਜਾਬ ਸਟੇਟ ਕਾਉਂਸਲ ਫਾਰ ਸਾਇੰਸ ਐਂਡ ਟੈਕਨੋਲੋਜੀ ਚੰਡੀਗੜ੍ਹ ਦੇ ਅਤੇ ਸੈਂਟਰ ਫਾਰ ਸਾਇੰਸ ਐਂਡ ਇਨਵਾਇਰਮੈਂਟ ਨਵੀਂ ਦਿੱਲੀ ਦੇ ਸਾਂਝੇ ਉੱਦਮਾਂ ਸਦਕਾ ਸਮੇਤ ਭਾਰਤ, ਪੰਜਾਬ ਦੇ ਸਾਰੇ ਸਕੂਲਾਂ ਵਿੱਚ ਗਰੀਨ ਸਕੂਲ ਪ੍ਰੋਗਰਾਮ ਦਾ ਆਡਿਟ ਕਰਵਾਇਆ ਗਿਆ। ਗਰੀਨ ਸਕੂਲ ਪ੍ਰੋਗਰਾਮ ਦੇ ਜ਼ਿਲ੍ਹਾ ਕੁਆਰਡੀਨੇਟਰ ਡਾ ਦੀਪਕ ਸ਼ਰਮਾ ਨੇ ਦੱਸਿਆ ਕਿ ਭਾਰਤ ਸਰਕਾਰ ਦੁਆਰਾ ਕਰਵਾਏ ਗਏ ਜੀਐੱਸਪੀ ਆਡਿਟ ਦੇ ਨਤੀਜੇ ਆ ਗਏ ਹਨ। ਜੀ.ਐੱਸ.ਪੀ. ਆਡਿਟ ਦੌਰਾਨ ਸਕੂਲ ਬਿਲਡਿੰਗ ਨੂੰ ਮਿਸ਼ਨ ਲਾਈਫ ਫਾਰ ਲਾਈਫ ਸਟਾਈਲ ਇਨਵਾਇਰਮੈਂਟ ਦੇ ਥੀਮ ਹਵਾ, ਪਾਣੀ, ਧਰਤੀ, ਭੋਜਨ ਅਤੇ ਊਰਜਾ ਦੀ ਬਚਤ ਅਨੁਸਾਰ ਸਰਵੇ ਕੀਤਾ ਗਿਆ। ਇਸ ਵਾਰ ਪੂਰੇ ਭਾਰਤ ਦੇ 345 ਸਕੂਲਾਂ ਵਿੱਚੋਂ ਪੰਜਾਬ ਦੇ 196 ਸਕੂਲਾਂ ਨੂੰ ਗ੍ਰੀਨ ਸਕੂਲ ਘੋਸ਼ਿਤ ਕੀਤਾ ਗਿਆ। ਡਾ ਸ਼ਰਮਾ ਨੇ ਖੁਸ਼ੀ ਜਾਹਿਰ ਕਰਦੇ ਹੋਏ ਦੱਸਿਆ ਕਿ ਪਿਛਲੇ ਸਾਲ ਦੀ ਯੈਲੋ ਰੇਟਿੰਗ ਵਿੱਚ ਸੁਧਾਰ ਕਰਦੇ ਹੋਏ ਮੋਗਾ ਜ਼ਿਲ੍ਹੇ ਦੇ ਅੱਠ ਸਕੂਲ ਨੈਸ਼ਨਲ ਪੱਧਰ ਤੇ ਗ੍ਰੀਨ ਸਕੂਲ ਘੋਸ਼ਿਤ ਕੀਤੇ ਗਏ ਹਨ, ਜਿਨ੍ਹਾਂ ਵਿੱਚ ਸਰਕਾਰੀ ਸਮਾਰਟ ਹਾਈ ਸਕੂਲ ਲੜਕੀਆਂ ਪੱਤੋ ਹੀਰਾ ਸਿੰਘ, ਸਰਕਾਰੀ ਮਿਡਲ ਸਕੂਲ ਮੁਨਨ ਬਾਬਾ ਧਨ, ਸਰਕਾਰੀ ਮਿਡਲ ਸਕੂਲ ਜੀਤਾ ਸਿੰਘ ਵਾਲਾ, ਸਰਕਾਰੀ ਹਾਈ ਸਕੂਲ ਦਾਤਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੱਧਨੀ ਕਲਾਂ ਲੜਕੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾਤੇਵਾਲ, ਸਰਕਾਰੀ ਸੀਨੀਅਰ



ਸੈਕੰਡਰੀ ਸਕੂਲ ਰਾਮੂੰਵਾਲਾ ਨਵਾਂ, ਕੈਂਬਰੇਜ ਇੰਟਰਨੈਸ਼ਨਲ ਸਕੂਲ ਮੋਗਾ ਸ਼ਾਮਲ ਹਨ। ਜ਼ਿਲ੍ਹਾ ਮੋਗਾ ਦੇ ਇਸ ਸ਼ਾਨਦਾਰ ਪ੍ਰਦਰਸ਼ਨ ਤੇ ਜਿਲਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਅਸ਼ੀਸ਼ ਸ਼ਰਮਾ ਅਤੇ ਡਿਪਟੀ ਜਿਲ੍ਹਾ ਸਿੱਖਿਆ ਅਫਸਰ ਗੁਰਦਿਆਲ ਸਿੰਘ ਮਠਾੜੂ ਦੁਆਰਾ ਜਿਲ੍ਹ ਮੋਗਾ ਦੀ ਜੀ.ਐੱਸ.ਪੀ. ਟੀਮ ਦੀ ਸ਼ਲਾਘਾ ਕਰਦੇ ਹੋਏ ਚੁਣੇ ਗਏ ਗਰੀਨ ਸਕੂਲਾਂ ਦੇ ਮਿਹਨਤੀ ਅਧਿਆਪਕਾਂ ਨੂੰ ਵਧਾਈ ਦਿੱਤੀ ਗਈ। ਡਿਪਟੀ ਡੀ.ਈ.ਓ. ਗੁਰਦਿਆਲ ਸਿੰਘ ਮਠਾੜੂ ਨੇ ਦੱਸਿਆ ਕਿ ਪੂਰੇ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਚੁਣੇ ਹੋਏ ਸਕੂਲਾਂ ਨੂੰ ਭਾਰਤ ਸਰਕਾਰ ਦੁਆਰਾ ਜੀਐੱਸਪੀ ਕਾਰਨੀਵਲ ਅਤੇ ਐਵਾਰਡ ਸਮਾਗਮ ਵਿੱਚ 8 ਫਰਵਰੀ ਨੂੰ ਨਵੀਂ ਦਿੱਲੀ ਵਿਖੇ ਸਨਮਾਨਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਸਾਰੇ ਸਕੂਲਾਂ ਦੇ ਅਧਿਆਪਕਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਨਾ ਦਿੰਦੇ ਹੋਏ ਕਿਹਾ ਕਿ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਦੇ ਸਾਂਝੇ ਉੱਦਮਾਂ ਨਾਲ ਸਕੂਲਾਂ ਨੂੰ ਗਰੀਨ ਸਕੂਲ ਬਣਾਉਣ ਦਾ ਯਤਨ ਕਰੀਏ। ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਵਾਤਾਵਰਨ ਵਿੱਚ ਸੁਧਾਰ ਕੀਤਾ ਜਾ ਸਕਦਾ ਹੈ।

## ਦਾਨ ਸਿੰਘ ਵਾਲਾ ਵਿਖੇ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਰੈਲੀ

ਗੋਨਿਆਣਾ : ਪਿੰਡ ਦਾਨ ਸਿੰਘ ਵਾਲਾ ਜ਼ਿਲ੍ਹਾ ਬਠਿੰਡਾ ਦੀ ਦਾਣਾ ਮੰਡੀ ਵਿਚ ਅੱਜ ਜਬਰ ਵਿਰੋਧੀ ਐਕਸ਼ਨ ਕਮੇਟੀ ਵੱਲੋਂ ਮਜ਼ਦੂਰਾਂ ਦੇ ਅੱਠ ਘਰਾਂ ਨੂੰ ਕੁਝ ਵਿਅਕਤੀਆਂ ਵਲੋਂ ਪੈਟਰੋਲ ਬੰਬਾਂ ਨਾਲ ਸਾੜਨ ਦੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਮਾਸਟਰ ਸੇਵਕ ਸਿੰਘ, ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਮੱਖਣ ਸਿੰਘ ਤਲਵੰਡੀ, ਮਜ਼ਦੂਰ ਮੁਕਤੀ ਮੋਰਚਾ ਵੱਲੋਂ ਲਿਬਰੇਸ਼ਨ ਵੱਲੋਂ ਅਮੀ ਲਾਲ,ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ, ਰਾਜਵਿੰਦਰ ਸਿੰਘ ਰਾਣਾ ਸੂਬਾਈ ਪ੍ਰਧਾਨ ਏਕਟੂ, ਗੁਰਨਾਮ ਸਿੰਘ ਦਾਊਦ ਜਨਰਲ ਸਕੱਤਰ ਦਿਹਾਤੀ ਮਜਦੂਰ ਸਭਾ ,ਗੁਰਪ੍ਰੀਤ ਸਿੰਘ ਬੀਕੇਯੂ ਉਗਰਾਹਾਂ ,ਮਜ਼ਦੂਰ ਆਗੂ ਬਲਕਾਰ ਸਿੰਘ ਅਤੇ ਮਜ਼ਦੂਰ ਮੁਕਤੀ ਮੋਰਚਾ ਆਜ਼ਾਦ ਦੇ ਆਗੂਆਂ ਨੇ ਰੈਲੀ ਵਿਚ ਸੰਬੋਧਨ ਕਰਦਿਆਂ ਪੁਲਿਸ ਦੇ ਦੋਸ਼ ਲਾਉਂਦਿਆਂ ਕਿਹਾ ਕਿ ਪੁਲਿਸ ਵੱਲੋਂ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਗਿਰੋਹ ਨੂੰ ਬਚਾਉਣ ਲਈ ਇਸ ਨੂੰ ਦੋ ਗਰੁੱਪਾਂ ਦੀ ਲੜਾਈ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਅੱਜ ਪੁਲਿਸ ਨੇ ਸਾਰੀ ਮਜ਼ਦੂਰ ਬਸਤੀ ਨੂੰ ਘੇਰਾ ਪਾਇਆ ਹੋਇਆ ਸੀ, ਜੇਕਰ ਪੁਲਿਸ ਨੇ ਘਟਨਾ ਵਾਪਰਨ ਤੋਂ ਪਹਿਲਾਂ ਧਿਆਨ ਦਿੱਤਾ ਹੁੰਦਾ ਤਾਂ ਇਹ ਵੱਡੀ ਘਟਨਾ ਨਾ ਵਾਪਰਦੀ। ਆਗੂਆਂ ਵੱਲੋਂ ਪੁਲਿਸ



ਨੂੰ ਸੂਚਿਤ ਕਰਨ ਦੇ ਬਾਵਜੂਦ ਕੋਈ ਕਾਰਵਾਈ ਨਾ ਕਰਨ ਲਈ ਪੁਲਿਸ ਦੀ ਨਿਖੇਧੀ ਕੀਤੀ। ਘਟਨਾ ਦਾ ਅਸਲ ਕਾਰਨ ਨਸ਼ੇ ਦੀ ਵਿਕਰੀ ਨੂੰ ਛੁਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਰੈਲੀ ਵਿਚ ਮੰਗ ਕੀਤੀ ਗਈ ਕਿ ਪੀੜਤ ਪਰਿਵਾਰਾਂ ਨੂੰ ਤੁਰੰਤ ਘਰ ਬਣਾਉਣ ਲਈ ਗਰਾਂਟ ਜਾਰੀ ਕੀਤੀ ਜਾਵੇ ਅਤੇ ਜ਼ਖਮੀਆਂ ਦੇ ਇਲਾਜ ਦਾ ਖਰਚਾ ਸਰਕਾਰ ਕਰੇ। ਦੋਸ਼ੀਆਂ 'ਤੇ ਸਖ਼ਤ ਧਾਰਾਵਾਂ ਲਾ ਕੇ ਜੇਲ੍ਹ ਭੇਜਿਆ ਜਾਵੇ। ਅਖੀਰ ਵਿਚ ਐਕਸ਼ਨ ਕਮੇਟੀ ਵੱਲੋਂ ਕੀਤੇ ਫੈਸਲੇ ਅਨੁਸਾਰ 28 ਜਨਵਰੀ ਨੂੰ ਬਠਿੰਡਾ ਵਿਖੇ ਡਿਪਟੀ ਕਮਿਸ਼ਨਰ ਦਫ਼ਤਰ ਅੱਗੇ ਧਰਨੇ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ।

## BCCI ਨੇ ਸਟਾਰ ਕਲਚਰ ਨੂੰ ਖਤਮ ਕਰਦਿਆਂ ਖਿਡਾਰੀਆਂ ਲਈ ਬਣਾਏ 10 ਨਵੇਂ ਨਿਯਮ



ਨਵੀਂ ਦਿੱਲੀ: ਭਾਰਤੀ ਕ੍ਰਿਕਟ ਕੰਟਰੋਲ ਬੋਰਡ (BCCI) ਨੇ ਭਾਰਤੀ ਪੁਰਸ਼ ਸੀਨੀਅਰ ਰਾਸ਼ਟਰੀ ਟੀਮ ਦੇ ਖਿਡਾਰੀਆਂ ਲਈ ਆਪਣੇ 10-ਪੁਆਇੰਟ ਅਨੁਸ਼ਾਸਨੀ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਜਿਸ ਵਿੱਚ ਅਨੁਸ਼ਾਸਨ, ਏਕਤਾ ਅਤੇ ਸਕਾਰਾਤਮਕ ਟੀਮ ਮਾਹੌਲ ਨੂੰ ਉਤਸ਼ਾਹਿਤ ਕਰਨ ਲਈ ਪਰਿਵਾਰਕ ਯਾਤਰਾ, ਸਮਾਨ ਦੀ ਸੀਮਾ ਅਤੇ ਨਿੱਜੀ ਵਿਗਿਆਪਨ ਸ਼ੂਟ ਸਬੰਧੀ ਸਖ਼ਤ ਨਿਯਮ ਲਾਗੂ ਕੀਤੇ ਗਏ ਹਨ।
ਇਹ ਉਪਾਅ ਆਸਟ੍ਰੇਲੀਆ ਵਿੱਚ ਬਾਰਡਰ-ਗਾਵਸਕਰ ਟਰਾਫੀ ਟੈਸਟ ਲੜੀ ਵਿੱਚ ਭਾਰਤ ਦੀ ਨਿਰਾਸ਼ਾਜਨਕ ਹਾਰ ਅਤੇ ਇਤਿਹਾਸ ਵਿੱਚ ਪਹਿਲੀ ਵਾਰ ਵਿਸ਼ਵ ਟੈਸਟ ਚੈਂਪੀਅਨਸ਼ਿਪ ਦੇ ਫਾਈਨਲ ਲਈ ਕੁਆਲੀਫਾਈ ਕਰਨ ਵਿੱਚ ਟੀਮ ਦੀ ਅਸਫਲਤਾ ਤੋਂ ਬਾਅਦ ਚੁੱਕੇ ਗਏ ਹਨ। BCCI ਦੁਆਰਾ ਜਾਰੀ ਕੀਤੇ ਗਏ 10 ਨਵੇਂ ਦਿਸ਼ਾ-ਨਿਰਦੇਸ਼ਾਂ ਵਿੱਚ ਘਰੇਲੂ ਮੈਚਾਂ ਵਿੱਚ ਸ਼ਾਮਲ ਹੋਣ 'ਤੇ ਪਾਬੰਦੀ, ਖਿਡਾਰੀਆਂ ਦੇ ਆਪਣੇ ਪਰਿਵਾਰ ਨਾਲ ਵੱਖਰੇ ਤੌਰ 'ਤੇ ਯਾਤਰਾ ਕਰਨ 'ਤੇ ਪਾਬੰਦੀ, ਵਾਧੂ ਸਮਾਨ ਦੀ ਸੀਮਾ, ਸਮਾਨ ਨੀਤੀ, ਟੂਰ/ਸੀਰੀਜ਼ 'ਤੇ ਨਿੱਜੀ ਸਟਾਫ 'ਤੇ ਪਾਬੰਦੀ, ਅਭਿਆਸ ਸੈਸ਼ਨਾਂ ਨੂੰ ਜਲਦੀ ਛੱਡਣਾ, ਸੀਰੀਜ਼/ਟੂਰ ਦੌਰਾਨ ਨਿੱਜੀ ਸ਼ੂਟਿੰਗ ਅਤੇ ਪਰਿਵਾਰਕ ਯਾਤਰਾ ਨੀਤੀ ਸ਼ਾਮਲ ਹਨ। ਇਸ ਤੋਂ ਇਲਾਵਾ ਮੈਚ ਜਲਦੀ ਖਤਮ ਹੋਣ ਤੋਂ ਬਾਅਦ ਘਰ ਪਰਤਣ ਵਾਲੇ ਖਿਡਾਰੀਆਂ 'ਤੇ ਵੀ ਵਿਚਾਰ ਕੀਤਾ ਜਾਵੇਗਾ। ਭਾਰਤੀ ਕ੍ਰਿਕਟ ਬੋਰਡ ਨੇ 45 ਦਿਨਾਂ ਤੋਂ ਵੱਧ ਦੇ ਵਿਦੇਸ਼ੀ ਦੌਰਿਆਂ ਦੌਰਾਨ ਖਿਡਾਰੀਆਂ ਦੇ ਨਾਲ ਰਹਿਣ ਲਈ ਪਰਿਵਾਰਾਂ ਲਈ ਸਿਰਫ਼ ਦੋ ਹਫ਼ਤਿਆਂ ਦੀ ਮਿਆਦ ਨੂੰ ਮਨਜ਼ੂਰੀ ਦਿੱਤੀ ਹੈ, ਇਸ ਤੋਂ ਇਲਾਵਾ ਨਿੱਜੀ ਸਟਾਫ਼ ਅਤੇ ਨਿੱਜੀ ਵਿਗਿਆਪਨ ਸ਼ੂਟਿੰਗ 'ਤੇ ਪਾਬੰਦੀਆਂ ਲਗਾਈਆਂ ਹਨ। ਬੀਸੀਸੀਆਈ ਨੇ ਸਮਾਨ ਦੇ ਭੱਤੇ 'ਤੇ ਵੀ ਜ਼ੋਰ ਦਿੱਤਾ ਹੈ, ਵਾਧੂ ਸਮਾਨ ਲਈ ਕੋਈ ਵੀ ਵਾਧੂ ਖਰਚਾ ਖਿਡਾਰੀ ਨੂੰ ਖੁਦ ਚੁੱਕਣਾ ਹੋਵੇਗਾ।
ਸਾਰੇ ਖਿਡਾਰੀਆਂ ਨੂੰ ਹੁਣ BCCI ਵੱਲੋਂ ਬਣਾਏ ਇਨ੍ਹਾਂ 10 ਸਖ਼ਤ ਨਿਯਮਾਂ ਦੀ ਪਾਲਣਾ ਕਰਨੀ ਪਵੇਗੀ:-

- ਖਿਡਾਰੀਆਂ ਦੇ ਪਰਿਵਾਰ (45 ਦਿਨਾਂ ਤੋਂ ਵੱਧ) ਦੌਰੇ 'ਤੇ ਸਿਰਫ਼ 2 ਹਫ਼ਤੇ ਇਕੱਠੇ ਰਹਿਣਗੇ।
- ਕ੍ਰਿਕਟਰਾਂ ਨੂੰ ਲਾਜ਼ਮੀ ਤੌਰ 'ਤੇ ਘਰੇਲੂ ਕ੍ਰਿਕਟ ਖੇਡਣਾ ਹੋਵੇਗਾ।
- ਸੀਰੀਜ਼ ਦੌਰਾਨ ਖਿਡਾਰੀਆਂ 'ਤੇ ਨਿੱਜੀ ਵਿਗਿਆਪਨ ਸ਼ੂਟ ਕਰਨ 'ਤੇ ਪਾਬੰਦੀ ਹੋਵੇਗੀ।
- ਦੌਰੇ ਦੌਰਾਨ ਖਿਡਾਰੀਆਂ ਨੂੰ ਵੱਖਰੇ ਤੌਰ 'ਤੇ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।
- ਜੇਕਰ ਟੂਰ ਜਾਂ ਮੈਚ ਜਲਦੀ ਖਤਮ ਹੁੰਦਾ ਹੈ, ਤਾਂ ਉਨ੍ਹਾਂ ਨੂੰ ਜਲਦੀ ਘਰ ਪਰਤਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਉਹ ਪੂਰੀ ਟੀਮ ਨਾਲ ਹੀ ਵਾਪਸ ਜਾ ਸਕਣਗੇ।
- ਦੋਵੇਂ ਮੈਚਾਂ ਅਤੇ ਅਭਿਆਸ ਸੈਸ਼ਨਾਂ ਵਿੱਚ ਖਿਡਾਰੀ ਟੀਮ ਦੇ ਨਾਲ ਆਉਣ-ਜਾਣਗੇ।
- ਜੇਕਰ ਖਿਡਾਰੀ ਵਿਦੇਸ਼ੀ ਦੌਰਿਆਂ 'ਤੇ 150 ਕਿਲੋਗ੍ਰਾਮ ਤੋਂ ਵੱਧ ਸਾਮਾਨ ਲੈ ਕੇ ਜਾਂਦੇ ਹਨ ਤਾਂ ਉਨ੍ਹਾਂ ਨੂੰ ਇਸ ਤੋਂ ਜ਼ਿਆਦਾ ਦਾ ਖਰਚਾ ਖੁਦ ਭੁਗਤਣਾ ਪਵੇਗਾ।
- ਨਿੱਜੀ ਪ੍ਰਬੰਧਕਾਂ, ਰਸੋਈਏ, ਸਹਾਇਕ ਅਤੇ ਸੁਰੱਖਿਆ ਕਰਮਚਾਰੀਆਂ 'ਤੇ ਟੂਰ ਜਾਂ ਹੋਮ ਸੀਰੀਜ਼ 'ਤੇ ਪਾਬੰਦੀ ਹੋਵੇਗੀ।
- BCCI ਦੇ ਕਿਸੇ ਵੀ ਪ੍ਰੋਗਰਾਮ ਵਿੱਚ ਖਿਡਾਰੀਆਂ ਨੂੰ ਲਾਜ਼ਮੀ ਤੌਰ 'ਤੇ ਹਾਜ਼ਰ ਹੋਣਾ ਪਵੇਗਾ।
- ਸੈਂਟਰ ਆਫ ਐਕਸੀਲੈਂਸ ਨੂੰ ਸਾਮਾਨ ਭੇਜਣ ਲਈ ਟੀਮ ਪ੍ਰਬੰਧਨ ਨਾਲ ਤਾਲਮੇਲ ਕਰਨਾ ਹੋਵੇਗਾ।

ਇਨ੍ਹਾਂ ਸਾਰੇ ਨਿਯਮਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿਣ ਦੇ ਨਤੀਜੇ ਵਜੋਂ ਖਿਡਾਰੀਆਂ ਦੇ ਕੇਂਦਰੀ ਇਕਰਾਰਨਾਮੇ ਤੋਂ ਰਿਟੇਨਰ ਫੀਸ ਦੀ ਕਟੌਤੀ ਅਤੇ ਨਕਦੀ ਨਾਲ ਭਰਪੂਰ ਇੰਡੀਅਨ ਪ੍ਰੀਮੀਅਰ ਲੀਗ ਵਿੱਚ ਭਾਗ ਲੈਣ 'ਤੇ ਪਾਬੰਦੀ ਸਮੇਤ ਜੁਰਮਾਨੇ ਹੋਣਗੇ। ਇਸ ਵਿੱਚ ਕਿਹਾ ਗਿਆ ਹੈ, BCCI ਕਿਸੇ ਵੀ ਖਿਡਾਰੀ ਦੇ ਖਿਲਾਫ ਅਨੁਸ਼ਾਸਨੀ ਕਾਰਵਾਈ ਕਰਨ ਦਾ ਅਧਿਕਾਰ ਰੱਖਦਾ ਹੈ, ਜਿਸ ਵਿੱਚ BCCI ਦੁਆਰਾ ਆਯੋਜਿਤ ਸਾਰੇ ਟੂਰਨਾਮੈਂਟਾਂ ਵਿੱਚ ਭਾਗ ਲੈਣ ਤੋਂ ਖਿਡਾਰੀ ਦੇ ਖਿਲਾਫ ਪਾਬੰਦੀ ਸ਼ਾਮਲ ਹੋ ਸਕਦੀ ਹੈ, ਜਿਸ ਵਿੱਚ BCCI ਪਲੇਅਰ ਕੰਟਰੈਕਟ ਦੇ ਤਹਿਤ ਰਿਟੇਨਰ ਦੇ ਪੈਸੇ/ਮੈਚ ਫੀਸ ਨੂੰ ਬਰਕਰਾਰ ਰੱਖਣਾ ਸ਼ਾਮਲ ਹੈ ਕਟੌਤੀ ਵੀ ਸ਼ਾਮਲ ਹੈ।

## ਮਾਰਕ ਜ਼ੁਕਰਬਰਗ ਨੇ ਆਪਣੇ ਗਲਤ ਬਿਆਨ ਲਈ ਭਾਰਤ ਤੋਂ ਮੰਗੀ ਮੁਆਫੀ



ਹੈਦਰਾਬਾਦ: ਫੇਸਬੁੱਕ, ਵਟਸਐਪ ਅਤੇ ਇੰਸਟਾਗ੍ਰਾਮ ਦਾ ਪ੍ਰਬੰਧਨ ਕਰਨ ਵਾਲੀ ਕੰਪਨੀ ਮੇਟਾ ਦੇ ਮਾਲਕ ਮਾਰਕ ਜ਼ੁਕਰਬਰਗ ਨੇ ਆਪਣੇ ਗਲਤ ਬਿਆਨ ਲਈ ਭਾਰਤ ਤੋਂ ਮੁਆਫੀ ਮੰਗੀ ਹੈ। ਮੈਟਾ ਇੰਡੀਆ ਨੇ ਇੱਕ ਬਿਆਨ ਜਾਰੀ ਕਰਕੇ ਭਾਰਤ ਸਰਕਾਰ ਤੋਂ ਮੁਆਫੀ ਮੰਗੀ ਹੈ ਅਤੇ ਕਿਹਾ ਹੈ ਕਿ ਮਾਰਕ ਜ਼ੁਕਰਬਰਗ ਦਾ ਬਿਆਨ ਅਣਜਾਣੇ ਵਿੱਚ ਗਲਤੀ ਸੀ। ਦਰਅਸਲ, ਮਾਰਕ ਜ਼ੁਕਰਬਰਗ ਨੇ ਆਪਣੇ ਇੱਕ ਬਿਆਨ ਵਿੱਚ ਕਿਹਾ ਸੀ ਕਿ ਕੋਰੋਨਾ ਵਾਇਰਸ ਦੇ ਸਮੇਂ ਦੌਰਾਨ ਲੋਕਾਂ ਦਾ ਦੁਨੀਆ ਭਰ ਦੀਆਂ ਸਰਕਾਰਾਂ ਤੋਂ ਭਰੋਸਾ ਉੱਠ ਗਿਆ ਸੀ ਅਤੇ ਇਸ ਲਈ ਕੋਵਿਡ ਦੇ ਸਮੇਂ ਦੌਰਾਨ ਦੁਨੀਆ ਭਰ ਦੀਆਂ ਸਰਕਾਰਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਮਾਰਕ ਨੇ ਆਪਣੇ ਬਿਆਨ 'ਚ ਭਾਰਤ ਦਾ ਨਾਂ ਵੀ ਲਿਆ ਸੀ, ਜਿਸ ਤੋਂ ਬਾਅਦ ਭਾਰਤ ਦੇ ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਸਖਤ ਇਤਰਾਜ਼ ਜਤਾਉਂਦੇ ਹੋਏ ਕਿਹਾ ਸੀ ਕਿ ਮਾਰਕ ਜ਼ੁਕਰਬਰਗ ਨੇ ਗਲਤ ਜਾਣਕਾਰੀ ਦਿੱਤੀ ਹੈ ਅਤੇ ਇਹ ਕਾਫੀ ਨਿਰਾਸ਼ਾਜਨਕ ਹੈ।
ਇਸ ਤੋਂ ਬਾਅਦ ਭਾਰਤ ਸਰਕਾਰ ਦੇ ਇੱਕ ਹੋਰ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਨੇ ਵੀ ਮਾਰਕ ਜ਼ਕਰਬਰਗ ਨੂੰ ਇਸ ਗਲਤ ਬਿਆਨ ਲਈ ਭਾਰਤ ਤੋਂ ਮੁਆਫੀ ਮੰਗਣ ਲਈ ਕਿਹਾ ਸੀ। ਹੁਣ ਮੈਟਾ ਇੰਡੀਆ ਨੇ ਅਧਿਕਾਰਤ ਤੌਰ 'ਤੇ ਮਾਰਕ ਦੀ ਤਰਫੋਂ ਮੁਆਫੀ ਮੰਗਦੇ ਹੋਏ ਇੱਕ ਬਿਆਨ ਜਾਰੀ ਕੀਤਾ ਹੈ ਅਤੇ ਕਿਹਾ ਹੈ ਕਿ ਉਨ੍ਹਾਂ ਦੁਆਰਾ ਦਿੱਤਾ ਗਿਆ ਬਿਆਨ ਅਣਜਾਣੇ ਵਿਚ ਗਲਤੀ ਸੀ।
ਮਾਰਕ ਜ਼ੁਕਰਬਰਗ ਦੇ ਗਲਤ ਬਿਆਨ ਲਈ ਮੁਆਫੀ ਮੰਗਣ ਦੀ ਜਾਣਕਾਰੀ ਆਈਟੀ ਅਤੇ ਸੰਚਾਰ 'ਤੇ ਭਾਰਤ ਦੀ ਸੰਸਦੀ ਕਮੇਟੀ ਦੇ ਚੇਅਰਮੈਨ ਨਿਸ਼ੀਕਾਂਤ ਦੂਬੇ ਨੇ ਆਪਣੇ ਐਕਸ ਅਕਾਊਂਟ ਰਾਹੀਂ ਇੱਕ ਪੋਸਟ ਵਿੱਚ ਦਿੱਤੀ ਹੈ। ਉਨ੍ਹਾਂ ਨੇ ਆਪਣੀ ਪੋਸਟ ਵਿੱਚ ਲਿਖਿਆ, "ਭਾਰਤੀ ਸੰਸਦ ਅਤੇ ਸਰਕਾਰ ਨੂੰ 140 ਕਰੋੜ ਲੋਕਾਂ ਦਾ ਅਸ਼ੀਰਵਾਦ ਅਤੇ ਜਨਤਾ ਦਾ ਭਰੋਸਾ ਹੈ। ਮੈਟਾ ਇੰਡੀਆ ਦੇ ਅਧਿਕਾਰੀ ਨੇ ਆਖਰਕਾਰ ਆਪਣੀਆਂ ਗਲਤੀਆਂ ਲਈ ਮੁਆਫੀ ਮੰਗ ਲਈ ਹੈ। ਇਹ ਜਿੱਤ ਭਾਰਤ ਦੇ ਆਮ ਨਾਗਰਿਕਾਂ ਦੀ ਹੈ। ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ। ਮੋਦੀ ਜੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾ ਕੇ ਲੋਕਾਂ ਨੇ ਦੇਸ਼ ਦੀ ਸਭ ਤੋਂ ਮਜ਼ਬੂਤ ਲੀਡਰਸ਼ਿਪ ਨੂੰ ਦੁਨੀਆ ਸਾਹਮਣੇ ਪੇਸ਼ ਕੀਤਾ ਹੈ। ਹੁਣ ਇਸ ਮੁੱਦੇ 'ਤੇ ਸਾਡੀ ਕਮੇਟੀ ਦੀ ਜ਼ਿੰਮੇਵਾਰੀ ਖਤਮ ਹੋ ਗਈ ਹੈ।
ਦਰਅਸਲ, ਜੋਅ ਰੋਗਨ ਦੁਆਰਾ ਇੱਕ ਪੋਡਕਾਸਟ ਦੌਰਾਨ ਮਾਰਕ ਜ਼ੁਕਰਬਰਗ ਨੇ ਕਿਹਾ ਸੀ ਕਿ ਕੋਵਿਡ ਯੁੱਗ ਦੇ ਅੰਤ ਤੋਂ ਬਾਅਦ ਲੋਕਾਂ ਨੇ ਦੁਨੀਆ ਭਰ ਦੀਆਂ ਕਈ ਸਰਕਾਰਾਂ ਤੋਂ ਆਪਣਾ ਭਰੋਸਾ ਗੁਆ ਦਿੱਤਾ ਹੈ ਅਤੇ ਇਸ ਲਈ ਉਸ ਤੋਂ ਬਾਅਦ ਹੋਈਆਂ ਚੋਣਾਂ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ। ਪੋਡਕਾਸਟ 'ਚ ਭਾਰਤ ਦਾ ਨਾਂ ਲੈਂਦੇ ਹੋਏ ਮਾਰਕ ਨੇ ਕਿਹਾ ਕਿ ਕੋਵਿਡ ਦੇ ਦੌਰ ਤੋਂ ਬਾਅਦ ਹੋਈਆਂ ਚੋਣਾਂ 'ਚ ਭਾਰਤ ਸਮੇਤ ਦੁਨੀਆ ਦੇ ਕਈ ਦੇਸ਼ਾਂ 'ਚ ਸੱਤਾ ਪਰਿਵਰਤਨ ਹੋਏ, ਜਿਸ ਤੋਂ ਪਤਾ ਲੱਗਦਾ ਹੈ ਕਿ ਕੋਰੋਨਾ ਵਾਇਰਸ ਦੇ ਦੌਰ ਦੇ ਖਤਮ ਹੋਣ ਤੋਂ ਬਾਅਦ ਕਈ ਦੇਸ਼ਾਂ ਦੇ ਲੋਕਾਂ ਦਾ ਆਪਣੀ ਸਰਕਾਰ 'ਤੇ ਵਿਸ਼ਵਾਸ ਵਿੱਚ ਗਿਰਾਵਟ ਆਈ ਹੈ।
ਭਾਰਤ ਨੇ ਮਾਰਕ ਜ਼ਕਰਬਰਗ ਦੇ ਇਸ ਬਿਆਨ 'ਤੇ ਸਖ਼ਤ ਇਤਰਾਜ਼ ਜਤਾਇਆ ਹੈ। ਇਸ ਬਿਆਨ ਦੀ ਆਲੋਚਨਾ ਕਰਦੇ ਹੋਏ ਕੇਂਦਰੀ ਮੰਤਰੀ ਅਸ਼ਵਿਨੀ ਵੈਸ਼ਨਵ ਨੇ ਆਪਣੇ ਅਧਿਕਾਰਤ ਐਕਸ ਅਕਾਊਂਟ ਰਾਹੀਂ ਲਿਖਿਆ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਭਾਰਤ ਵਿੱਚ 2024 ਦੀਆਂ ਆਮ ਚੋਣਾਂ ਵਿੱਚ ਕੁੱਲ 64 ਕਰੋੜ ਲੋਕਾਂ ਨੇ ਹਿੱਸਾ ਲਿਆ ਸੀ। ਭਾਰਤ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਿੱਚ ਕੰਮ ਕਰਨ ਵਾਲੀ ਐਨ.ਡੀ.ਏ. ਸਰਕਾਰ ਵਿੱਚ ਭਰੋਸਾ ਪ੍ਰਗਟਾਇਆ ਹੈ। ਕੇਂਦਰੀ ਮੰਤਰੀ ਨੇ ਆਪਣੀ ਪੋਸਟ ਵਿੱਚ ਅੱਗੇ ਲਿਖਿਆ ਕਿ ਮਾਰਕ ਜ਼ੁਕਰਬਰਗ ਨੇ ਦਾਅਵਾ ਕੀਤਾ ਹੈ ਕਿ ਕੋਰੋਨਾ ਦੇ ਦੌਰ ਤੋਂ ਬਾਅਦ ਭਾਰਤ ਸਮੇਤ ਦੁਨੀਆ ਭਰ ਦੀਆਂ ਜ਼ਿਆਦਾਤਰ ਸਰਕਾਰਾਂ ਆਪਣੀ ਤਾਕਤ ਗੁਆ ਚੁੱਕੀਆਂ ਹਨ, ਜੋ ਕਿ ਝੂਠਾ ਦਾਅਵਾ ਹੈ। ਮੈਟਾ ਨੂੰ ਟੈਗ ਕਰਦੇ ਹੋਏ ਉਨ੍ਹਾਂ ਨੇ ਮਾਰਕ ਵੱਲੋਂ ਦਿੱਤੀ ਗਈ ਇਸ ਗਲਤ ਜਾਣਕਾਰੀ ਨੂੰ ਮੰਦਭਾਗਾ ਕਰਾਰ ਦਿੱਤਾ।

## ਪੰਜਾਬ ਦੇ 3 ਖਿਡਾਰੀਆਂ ਨੂੰ ਰਾਸ਼ਟਰਪਤੀ ਭਵਨ 'ਚ ਕੀਤਾ ਗਿਆ ਸਨਮਾਨਿਤ

### ਹਰਮਨਪ੍ਰੀਤ ਸਿੰਘ ਨੂੰ ਖੇਡ ਰਤਨ, ਜਰਮਨਜੀਤ ਅਤੇ ਸੁਖਜੀਤ ਸਿੰਘ ਨੂੰ ਅਰਜੁਨ ਐਵਾਰਡ





ਚੰਡੀਗੜ੍ਹ: ਖੇਡ ਦੇ ਮੈਦਾਨ ਵਿੱਚ ਮੱਲਾਂ ਮਾਰਦੇ 3 ਪੰਜਾਬੀਆਂ ਨੂੰ ਵੱਡੇ ਐਵਾਰਡਾਂ ਨਾਲ ਸਨਮਾਨਿਤ ਕੀਤਾ ਗਿਆ। ਪੰਜਾਬ ਦੇ ਇਹ ਖਿਡਾਰੀ ਹਨ ਹਾਕੀ ਦੇ ਕਪਤਾਨ ਹਰਮਨਪ੍ਰੀਤ ਸਿੰਘ, ਜਿੰਨ੍ਹਾਂ ਨੂੰ ਖੇਡ ਰਤਨ ਐਵਾਰਡ ਮਿਲਿਆ ਹੈ। ਅੰਮ੍ਰਿਤਸਰ ਦੇ ਜਰਮਨਜੀਤ ਸਿੰਘ ਅਤੇ ਜਲੰਧਰ ਦੇ ਸੁਖਜੀਤ ਸਿੰਘ ਜਿੰਨ੍ਹਾਂ ਨੂੰ ਰਾਸ਼ਟਰਪਤੀ ਭਵਨ ਵਿਖੇ ਭਾਰਤ ਸਰਕਾਰ ਵੱਲੋਂ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਭਾਰਤੀ ਹਾਕੀ ਟੀਮ ਦੇ ਕਪਤਾਨ ਅਤੇ ਡਰੈਗ ਫਲਿੱਕਰ ਹਰਮਨਪ੍ਰੀਤ ਸਿੰਘ ਨੂੰ ਦਮਦਾਰ ਖੇਡ ਅਤੇ ਸ਼ਾਨਦਾਰ ਪ੍ਰਤਿਭਾ ਲਈ ਮੇਜਰ ਧਿਆਨ ਚੰਦ ਖੇਡ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਜੋ ਕਿ ਇੱਕ ਡਿਫੈਂਡਰ ਹੋਣ ਦੇ ਬਾਵਜੂਦ ਅਕਸਰ ਹੀ ਵਿਰੋਧੀ ਟੀਮ ਖਿਲਾਫ ਸ਼ਾਨਦਾਰ ਗੋਲ ਕਰਦੇ ਨਜ਼ਰ ਆਉਂਦੇ ਹਨ।
ਉਨ੍ਹਾਂ ਤੋਂ ਇਲਾਵਾ ਅੰਮ੍ਰਿਤਸਰ ਦੇ ਜਰਮਨਜੀਤ ਸਿੰਘ ਨੂੰ ਅਰਜੁਨ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਹਾਕੀ ਖਿਡਾਰੀ ਜਰਮਨਜੀਤ ਸਿੰਘ ਨੂੰ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਪਰ ਉਨ੍ਹਾਂ ਦੇ ਲਈ ਇਸ ਐਵਾਰਡ ਤੱਕ ਪਹੁੰਚਣ ਦਾ ਰਾਹ ਸੌਖਾ ਨਹੀਂ ਸੀ। ਇੱਕ ਸਮਾਂ ਸੀ ਜਦੋਂ ਜਰਮਨਜੀਤ ਸਿੰਘ ਦੋ ਸਾਲ ਬਿਸਤਰੇ 'ਤੇ ਪਿਆ ਰਿਹਾ। ਉਨ੍ਹਾਂ ਦੀ ਲੱਤ ਵਿੱਚ ਦਰਦ ਹੋਣ ਕਾਰਨ, ਡਾਕਟਰ ਨੇ ਉਨ੍ਹਾਂ ਨੂੰ ਗਲਤ ਟੀਕਾਕਰਨ ਦਿੱਤਾ ਜਿਸ ਕਾਰਨ ਉਨ੍ਹਾਂ ਨੂੰ 2 ਸਾਲ ਲਈ ਬੈੱਡ ਰੈਸਟ 'ਤੇ ਰਹਿਣਾ ਪਿਆ ਪਰ ਹਾਕੀ ਪ੍ਰਤੀ ਉਨ੍ਹਾਂ ਦਾ ਜਨੂੰਨ ਘੱਟ ਨਹੀਂ ਹੋਇਆ। ਇਸ ਜਜ਼ਬੇ ਕਾਰਨ ਹੀ ਓਹ 2 ਸਾਲ ਬਾਅਦ ਵਿਦੇਸ਼ ਗਏ ਅਤੇ ਖੇਡੇ। ਇੰਨਾਂ ਹੀ ਨਹੀਂ ਜਰਮਨਜੀਤ ਸਿੰਘ ਦੀ ਇਸ ਖੇਡ ਪ੍ਰਤਿਭਾ ਨੂੰ ਵੇਖਦੇ ਹੋਏ ਹੀ ਆਸਟ੍ਰੇਲੀਆ ਨੇ ਉਨ੍ਹਾਂ ਨੂੰ ਮੁਫਤ ਪੀਆਰ ਨਾਲ ਟੀਮ ਵਿੱਚ ਖੇਡਣ ਦੀ ਪੇਸ਼ਕਸ਼ ਕੀਤੀ ਪਰ ਉਨ੍ਹਾਂ ਨੇ ਭਾਰਤੀ ਟੀਮ ਚੁਣ ਕੇ ਆਪਣੇ ਦੇਸ਼ ਲਈ ਖੇਡਣ ਦਾ ਫੈਸਲਾ ਲਿਆ ਅਤੇ ਅੱਜ ਉਨ੍ਹਾਂ ਨੂੰ ਇਸ ਮਿਹਨਤ ਦਾ ਫਲ਼ ਮਿਲ ਰਿਹਾ ਹੈ।

## ਗੂਗਲ ਦੇ CEO ਸੁੰਦਰ ਪਿਚਾਈ ਦੀ ਕ੍ਰਿਕਟ 'ਚ ਐਂਟਰੀ



ਨਵੀਂ ਦਿੱਲੀ: ਗੂਗਲ ਦੀ ਮੂਲ ਕੰਪਨੀ ਅਲਫਾਬੇਟ ਇੰਕ ਦੇ ਸੀਈਓ ਸੁੰਦਰ ਪਿਚਾਈ ਨੇ ਲੰਡਨ ਸਥਿਤ ਕ੍ਰਿਕਟ ਟੀਮ ਲਈ ਬੋਲੀ ਲਗਾਉਣ ਲਈ ਸਿਲੀਕਾਨ ਵੈਲੀ ਦੇ ਨੇਤਾਵਾਂ ਨਾਲ ਸਮਝੌਤਾ ਕੀਤਾ ਹੈ। ਬਲੂਮਬਰਗ ਦੀ ਇਕ ਰਿਪੋਰਟ ਮੁਤਾਬਿਕ ਇਹ ਗਰੁੱਪ ਇੰਗਲੈਂਡ ਕ੍ਰਿਕਟ ਬੋਰਡ ਦ ਹੰਡਰਡ 'ਚ ਇੱਕ ਟੀਮ ਖਰੀਦਣਾ ਚਾਹੁੰਦਾ ਹੈ। ਇਸ ਸਮੂਹ ਵਿੱਚ ਮਾਈਕ੍ਰੋਸਾਫਟ ਦੇ CEO ਸੱਤਿਆ ਨਡੇਲਾ, ਅਡੋਬ ਦੇ CEO ਸ਼ਾਂਤਨੂ ਨਰਾਇਣ ਅਤੇ ਹੋਰ ਸ਼ਾਮਲ ਹਨ। ਇਹ ਸਮੂਹ ਕਥਿਤ ਤੌਰ 'ਤੇ ਦ ਹੰਡਰਡ, ਓਵਲ ਇਨਵਿਨਸੀਬਲਜ਼ ਜਾਂ ਲੰਡਨ ਸਪਿਰਿਟ ਦੀਆਂ ਦੋ ਟੀਮਾਂ ਵਿੱਚੋਂ ਇੱਕ ਨੂੰ ਨਿਸ਼ਾਨਾ ਬਣਾ ਰਿਹਾ ਹੈ। Oval Invincibles ਅਤੇ London Spirits ਉਹ ਦੋ ਟੀਮਾਂ ਹਨ ਜੋ ਸਾਰੇ 8 ਭਾਗੀਦਾਰਾਂ ਵਿੱਚੋਂ ਸੰਭਾਵੀ ਖਰੀਦਦਾਰਾਂ ਦਾ ਸਭ ਤੋਂ ਵੱਧ ਧਿਆਨ ਖਿੱਚ ਰਹੀਆਂ ਹਨ। ਕਿਉਂਕਿ ਲੰਡਨ ਸਪਿਰਿਟ ਲਾਰਡਜ਼ ਵਿਖੇ ਖੇਡਦਾ ਹੈ, ਇਸ ਸਥਾਨ ਦੀ ਅਮੀਰ ਵਿਰਾਸਤ ਦੇ ਕਾਰਨ ਇਹ ਸਥਾਨ ਬੋਲੀਕਾਰਾਂ ਲਈ ਸਭ ਤੋਂ ਆਕਰਸ਼ਕ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਪਹਿਲਕਦਮੀ ਦੀ ਅਗਵਾਈ ਪਾਲੋ ਆਲਟੋ ਨੈੱਟਵਰਕ ਦੇ ਸੀਈਓ ਨਿਕੇਸ਼ ਅਰੋੜਾ ਅਤੇ ਟਾਈਮਜ਼ ਇੰਟਰਨੈੱਟ ਦੇ ਵਾਈਸ ਚੇਅਰਮੈਨ ਸੱਤਿਆਨ ਗਜਵਾਨੀ ਕਰ ਰਹੇ ਹਨ। ਗਰੁੱਪ ਦੇ ਹੋਰ ਮੈਂਬਰਾਂ ਵਿੱਚ ਸਿਲਵਰ ਲੇਕ ਮੈਨੇਜਮੈਂਟ ਐਲਐਲਸੀ ਦੇ ਈਗਨ ਡਰਬਨ ਸ਼ਾਮਲ ਹਨ। ਇੰਗਲੈਂਡ ਅਤੇ ਵੇਲਜ਼ ਕ੍ਰਿਕਟ ਬੋਰਡ (ਈਸੀਬੀ) ਇਸ ਸਮੇਂ ਦ ਹੰਡਰਡ ਵਿੱਚ ਆਪਣੀ ਹਿੱਸੇਦਾਰੀ ਦੀ ਵਿਕਰੀ ਨੂੰ ਲੈ ਕੇ ਬਹੁਤ ਤੇਜ਼ੀ ਨਾਲ ਅੱਗੇ ਵਧਣ ਬਾਰੇ ਸਾਵਧਾਨ ਹੈ। ਬੋਰਡ ਇਸ ਨੂੰ ਕੀਮਤੀ ਉਤਪਾਦ ਮੰਨਦਾ ਹੈ ਅਤੇ ਇਸ ਲਈ ਉਹ ਹਿੱਸੇਦਾਰੀ ਦੀ ਵਿਕਰੀ ਨੂੰ ਅੱਗੇ ਵਧਾਉਣ ਲਈ ਸਮਾਂ ਲੈ ਰਿਹਾ ਹੈ। ਨਿਵੇਸ਼ਕਾਂ ਦੀ ਅੰਤਮ ਸੂਚੀ ਦਾ ਐਲਾਨ ਕੁਝ ਮਹੀਨਿਆਂ ਦੇ ਅੰਤਰਾਲ ਵਿੱਚ ਕੀਤੇ ਜਾਣ ਦੀ ਉਮੀਦ ਹੈ।

# ਫ਼ਾਰੂਕ ਅਬਦੁੱਲਾ ਦਾ ਕਾਫਲੇ ਨਾਲ ਵਾਪਰਿਆ ਹਾਦਸਾ




ਰਾਜਸਥਾਨ/ਦੌਸਾ: ਜੰਮੂ-ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਵੀਰਵਾਰ ਨੂੰ ਜ਼ਿਆਰਤ ਲਈ ਦਿੱਲੀ ਤੋਂ ਅਜਮੇਰ ਜਾ ਰਹੇ ਸਨ। ਇਸ ਦੌਰਾਨ ਦਿੱਲੀ-ਮੁੰਬਈ ਐਕਸਪ੍ਰੈੱਸ ਵੇਅ 'ਤੇ ਦੌਸਾ 'ਚ ਉਨ੍ਹਾਂ ਦੇ ਕਾਫਲੇ ਦੀ ਇਕ ਗੱਡੀ ਸੜਕ ਹਾਦਸੇ ਦਾ ਸ਼ਿਕਾਰ ਹੋ ਗਈ। ਇਸ ਹਾਦਸੇ ਵਿੱਚ ਦਿੱਲੀ ਪੁਲਿਸ ਦੇ ਦੋ ਮੁਲਾਜ਼ਮ ਜ਼ਖ਼ਮੀ ਹੋ ਗਏ, ਜਿਨ੍ਹਾਂ ਦਾ ਦੌਸਾ ਜ਼ਿਲ੍ਹਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਹਾਲਾਂਕਿ, ਐਸਕਾਰਟਿੰਗ ਗੱਡੀ ਦੇ ਏਅਰ ਬੈਗ ਖੁੱਲ੍ਹਣ ਕਾਰਨ ਕਾਰ ਵਿੱਚ ਸਫ਼ਰ ਕਰ ਰਹੇ ਦਿੱਲੀ ਪੁਲਿਸ ਮੁਲਾਜ਼ਮਾਂ ਦੀ ਜਾਨ ਬਚ ਗਈ। ਦਰਅਸਲ, ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ ਦੇ ਕਾਫ਼ਲੇ ਨੂੰ ਦਿੱਲੀ ਪੁਲਿਸ ਦੀ ਇੱਕ ਗੱਡੀ ਲੈ ਕੇ ਜਾ ਰਹੀ ਸੀ। ਦਿੱਲੀ ਪੁਲਿਸ ਦੇ ਹੈੱਡ ਕਾਂਸਟੇਬਲ ਪੱਪੂਰਾਮ ਮੀਨਾ ਨੇ ਦੱਸਿਆ ਕਿ ਅਸੀਂ ਫਾਰੂਕ ਅਬਦੁੱਲਾ ਦੇ ਨਾਲ ਕਾਫਲੇ 'ਚ ਦਿੱਲੀ ਤੋਂ ਅਜਮੇਰ ਜਾ ਰਹੇ ਸੀ। ਇਸ ਦੌਰਾਨ ਗੱਡੀ ਵਿੱਚ ਤਿੰਨ ਕਮਾਂਡੋ ਅਤੇ ਇੱਕ ਡਰਾਈਵਰ ਸਵਾਰ ਸੀ ਪਰ ਭੰਡਾਰੇਜ ਇੰਟਰਚੇਂਜ ਨੇੜੇ ਕਾਫ਼ਲੇ ਦੇ ਸਾਹਮਣੇ ਲੱਗੇ ਦਰੱਖਤਾਂ ਵਿੱਚੋਂ ਅਚਾਨਕ ਇੱਕ ਗਊ ਵਰਗਾ ਜਾਨਵਰ ਆ ਗਿਆ। ਜਿਸ ਕਾਰਨ ਇਹ ਸੜਕ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਦਿੱਲੀ ਪੁਲਿਸ ਦੀ ਗੱਡੀ ਸਾਹਮਣੇ ਤੋਂ ਬੁਰੀ ਤਰ੍ਹਾਂ ਨੁਕਸਾਨੀ ਗਈ। ਇਸ ਦੇ ਨਾਲ ਹੀ ਡਰਾਈਵਰ ਅਤੇ ਕੰਡਕਟਰ ਦੇ ਸਾਈਡ ਏਅਰਬੈਗ ਵੀ ਖੁੱਲ੍ਹ ਗਏ, ਜਿਸ ਕਾਰਨ ਕਾਰ 'ਚ ਸਵਾਰ ਲੋਕਾਂ ਦਾ ਵਾਲ-ਵਾਲ ਬਚ ਗਿਆ। ਹਾਲਾਂਕਿ ਇਸ ਹਾਦਸੇ 'ਚ ਦਿੱਲੀ ਪੁਲਿਸ ਦੇ ਦੋ ਮੁਲਾਜ਼ਮ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਤੁਰੰਤ ਦੌਸਾ ਜ਼ਿਲ੍ਹਾ ਹਸਪਤਾਲ ਲਿਆਂਦਾ ਗਿਆ, ਪਰ ਮਾਮੂਲੀ ਸੱਟਾਂ ਲੱਗਣ ਕਾਰਨ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ | ਐਸਕਾਰਟ ਗੱਡੀ ਵਿੱਚ ਬੈਠਾ ਇੱਕ ਹੋਰ ਸਿਪਾਹੀ ਮਾਮੂਲੀ ਜ਼ਖ਼ਮੀ ਹੋ ਗਿਆ।

NHAI ਦੀ ਵੱਡੀ ਲਾਪਰਵਾਹੀ: ਇਸ ਸੜਕ ਹਾਦਸੇ ਤੋਂ ਬਾਅਦ ਇੱਕ ਵਾਰ ਫਿਰ VIPs ਦੀ ਸੁਰੱਖਿਆ ਵਿੱਚ ਖਲਲ ਪਾਇਆ ਗਿਆ ਹੈ ਅਤੇ ਇਸ ਪੂਰੀ ਘਟਨਾ ਵਿੱਚ NHAI ਦੀ ਵੱਡੀ ਲਾਪਰਵਾਹੀ ਸਾਹਮਣੇ ਆਈ ਹੈ। ਦਿੱਲੀ-ਮੁੰਬਈ ਐਕਸਪ੍ਰੈਸਵੇਅ ਵਰਗੀ ਸੁਰੱਖਿਅਤ ਸੜਕ 'ਤੇ ਗਾਵਾਂ ਦੀ ਮੌਜੂਦਗੀ ਕਾਰਨ NHAI ਦੀ ਕਾਰਜਪ੍ਰਣਾਲੀ 'ਤੇ ਕਈ ਸਵਾਲ ਖੜ੍ਹੇ ਹੋ ਰਹੇ ਹਨ। ਨਾਲ ਹੀ ਐਕਸਪ੍ਰੈੱਸ ਵੇਅ ਨੂੰ ਸੁਰੱਖਿਅਤ ਦੱਸਿਆ ਜਾ ਰਿਹਾ ਸੀ ਪਰ ਇਹ ਅਸੁਰੱਖਿਅਤ ਸਾਬਤ ਹੋ ਰਿਹਾ ਹੈ।

# ਕੇਂਦਰ ਸਰਕਾਰ ਵਲੋਂ 8ਵੇਂ ਤਨਖਾਹ ਕਮਿਸ਼ਨ ਦੇ ਗਠਨ ਦਾ ਫੈਸਲਾ




ਨਵੀਂ ਦਿੱਲੀ: ਕੇਂਦਰ ਸਰਕਾਰ ਨੇ 8ਵੇਂ ਤਨਖਾਹ ਕਮਿਸ਼ਨ ਦੇ ਗਠਨ ਨੂੰ ਮਨਜ਼ੂਰੀ ਦਿੱਤੀ ਹੈ। ਕਮਿਸ਼ਨ ਕੇਂਦਰੀ ਕਰਮਚਾਰੀਆਂ ਦੀ ਤਨਖਾਹ, ਭੱਤੇ, ਪੈਨਸ਼ਨ ਅਤੇ ਹੋਰ ਲਾਭਾਂ ਦੀ ਸਮੀਖਿਆ ਕਰੇਗਾ। ਇਨ੍ਹਾਂ ਸਭ ਦੀ ਸਮੀਖਿਆ ਕਰਨ ਤੋਂ ਬਾਅਦ ਕਮਿਸ਼ਨ ਮੁਲਾਜ਼ਮਾਂ ਦੀਆਂ ਤਨਖਾਹਾਂ ਵਿੱਚ ਵਾਧੇ ਦੀ ਸਿਫ਼ਾਰਸ਼ ਕਰੇਗਾ। ਇਹ ਤਨਖਾਹ ਕਮਿਸ਼ਨ 2026 ਤੱਕ ਆਪਣੀ ਰਿਪੋਰਟ ਪੇਸ਼ ਕਰੇਗਾ। ਇਸ ਸਮੇਂ ਦੇਸ਼ ਵਿੱਚ 7ਵਾਂ ਤਨਖਾਹ ਕਮਿਸ਼ਨ ਲਾਗੂ ਹੈ, ਜੋ 2026 ਵਿੱਚ ਖਤਮ ਹੋ ਜਾਵੇਗਾ। 7ਵੇਂ ਤਨਖਾਹ ਕਮਿਸ਼ਨ ਦਾ ਕਾਰਜਕਾਲ ਖਤਮ ਹੋਣ ਤੋਂ ਪਹਿਲਾਂ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੀਆਂ ਤਨਖਾਹਾਂ ਨੂੰ ਸੋਧਣ ਲਈ 8ਵੇਂ ਤਨਖਾਹ ਕਮਿਸ਼ਨ ਦੇ ਗਠਨ ਦਾ ਫੈਸਲਾ ਕੀਤਾ ਗਿਆ ਹੈ।

**ਤਨਖਾਹ ਕਮਿਸ਼ਨ ਕੀ ਹੈ?**

ਤਨਖਾਹ ਕਮਿਸ਼ਨ ਉੱਚ ਪੱਧਰੀ ਕਮੇਟੀ ਹੈ। ਇਹ ਕੇਂਦਰ ਸਰਕਾਰ ਦੁਆਰਾ ਬਣਾਈ ਗਈ ਹੈ। ਤਨਖਾਹ ਕਮਿਸ਼ਨ ਕਰਮਚਾਰੀਆਂ ਦੀ ਆਰਥਿਕ ਸਥਿਤੀ ਦੇ ਹਿਸਾਬ ਨਾਲ ਤਨਖਾਹ ਦੀ ਸਿਫਾਰਿਸ਼ ਕਰਦੀ ਹੈ। ਇਹ ਸਰਕਾਰੀ ਕਰਮਚਾਰੀਆਂ ਦੀ ਆਰਥਿਕ ਭਲਾਈ ਲਈ ਸੁਧਾਰਾਂ ਦੀ ਸਿਫ਼ਾਰਸ਼ ਕਰਦੀ ਹੈ। ਇਸ ਵਿੱਚ ਕਰਮਚਾਰੀ ਭਲਾਈ ਨੀਤੀਆਂ, ਪੈਨਸ਼ਨ, ਭੱਤੇ ਅਤੇ ਹੋਰ ਲਾਭ ਸ਼ਾਮਲ ਹਨ।

ਤਨਖਾਹ ਕਮਿਸ਼ਨ ਦਾ ਗਠਨ ਆਮ ਤੌਰ 'ਤੇ ਹਰ 10 ਸਾਲਾਂ ਬਾਅਦ ਕੀਤਾ ਜਾਂਦਾ ਹੈ। ਦੇਸ਼ ਦਾ ਪਹਿਲਾ ਤਨਖਾਹ ਕਮਿਸ਼ਨ 1946 ਵਿੱਚ ਬਣਾਇਆ ਗਿਆ ਸੀ। ਆਜ਼ਾਦੀ ਤੋਂ ਬਾਅਦ ਕੁੱਲ ਸੱਤ ਤਨਖਾਹ ਕਮਿਸ਼ਨਾਂ ਦਾ ਗਠਨ ਕੀਤਾ ਗਿਆ ਹੈ। ਇਹ ਆਖਰੀ ਵਾਰ 2014 ਵਿੱਚ ਬਣਾਈ ਗਈ ਸੀ ਅਤੇ ਇਸ ਦੀਆਂ ਸਿਫਾਰਸ਼ਾਂ 2016 ਵਿੱਚ ਲਾਗੂ ਹੋਈਆਂ ਸਨ। ਇਸ ਸਮੇਂ ਕੇਂਦਰ ਸਰਕਾਰ ਦੇ ਕਰਮਚਾਰੀਆਂ ਅਤੇ ਪੈਨਸ਼ਨਰਾਂ ਨੂੰ 7ਵੇਂ ਤਨਖਾਹ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਤਨਖਾਹ ਮਿਲਦੀ ਹੈ। ਤਨਖਾਹ ਕਮਿਸ਼ਨ ਦਾ ਮੁਖੀ ਜੱਜ ਜਾਂ ਹੋਰ ਉੱਚ ਦਰਜੇ ਦਾ ਅਧਿਕਾਰੀ ਹੋ ਸਕਦਾ ਹੈ। ਇਸ ਦੇ ਹੋਰ ਮੈਂਬਰ ਤਨਖਾਹ, ਵਿੱਤ, ਆਰਥਿਕਤਾ, ਮਨੁੱਖੀ ਸਰੋਤ ਪ੍ਰਬੰਧਨ ਵਰਗੇ ਖੇਤਰਾਂ ਦੇ ਮਾਹਿਰ ਹਨ।

**ਕਿਹੜੇ ਕਰਮਚਾਰੀਆਂ ਨੂੰ ਨਹੀਂ ਮਿਲੇਗਾ ਲਾਭ?**

ਪਬਲਿਕ ਸੈਕਟਰ ਅੰਡਰਟੇਕਿੰਗਜ਼ (PSU) ਅਤੇ ਖੁਦ-ਮੁਖਤਿਆਰ ਸੰਸਥਾਵਾਂ ਅਤੇ ਗ੍ਰਾਮੀਣ ਡਾਕ ਸੇਵਕਾਂ ਦੇ ਕਰਮਚਾਰੀ ਤਨਖਾਹ ਕਮਿਸ਼ਨ ਦੇ ਦਾਇਰੇ ਵਿੱਚ ਨਹੀਂ ਆਉਂਦੇ ਹਨ। ਇਸ ਤੋਂ ਇਲਾਵਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਦੇ ਜੱਜਾਂ ਵਰਗੇ ਕੁਝ ਖਾਸ ਮੁਲਾਜ਼ਮ ਵੀ ਤਨਖਾਹ ਕਮਿਸ਼ਨ ਦੇ ਦਾਇਰੇ ਤੋਂ ਬਾਹਰ ਹਨ। ਉਨ੍ਹਾਂ ਦੀਆਂ ਤਨਖਾਹਾਂ ਅਤੇ ਭੱਤੇ ਵੱਖ-ਵੱਖ ਨਿਯਮਾਂ ਅਤੇ ਕਾਨੂੰਨਾਂ ਤਹਿਤ ਤੈਅ ਕੀਤੇ ਜਾਂਦੇ ਹਨ। ਅਜਿਹੇ 'ਚ ਉਨ੍ਹਾਂ 'ਤੇ 8ਵਾਂ ਤਨਖਾਹ ਕਮਿਸ਼ਨ ਲਾਗੂ ਨਹੀਂ ਹੁੰਦਾ।

**ਤਨਖਾਹ ਕਮਿਸ਼ਨ ਕਿਸ ਤਰ੍ਹਾਂ ਦੀ ਸਿਫ਼ਾਰਸ਼ ਕਰਦਾ ਹੈ?**

ਤਨਖ਼ਾਹ ਕਮਿਸ਼ਨ ਮੁਲਾਜ਼ਮਾਂ ਦੀ ਮੌਜੂਦਾ ਤਨਖ਼ਾਹ ਵਿੱਚ ਵਾਧਾ ਕਰੇਗਾ, ਪੈਨਸ਼ਨ ਸਕੀਮ ਵਿੱਚ ਸੁਧਾਰ ਕਰੇਗਾ, ਭੱਤਿਆਂ ਵਿੱਚ ਵਾਧਾ ਕਰੇਗਾ, ਕੰਮਕਾਜੀ ਹਾਲਤਾਂ ਵਿੱਚ ਸੁਧਾਰ, ਨਵੇਂ ਮੁਲਾਜ਼ਮਾਂ ਦੀ ਭਰਤੀ ਪ੍ਰਕਿਰਿਆ ਅਤੇ ਤਨਖ਼ਾਹ ਢਾਂਚੇ ਵਿੱਚ ਸੁਧਾਰ, ਸਿਖਲਾਈ ਅਤੇ ਕਰਮਚਾਰੀ ਪ੍ਰੋਗਰਾਮ ਦੀ ਸਿਫਾਰਸ਼ ਕਰ ਸਕਦਾ ਹੈ।

# ਜੰਮੂ-ਕਸ਼ਮੀਰ ਵਿੱਚ ਰਹੱਸਮਈ ਮੌਤਾਂ ਦੀ ਗਿਣਤੀ ਹੋਈ 15



ਜੰਮੂ। ਜੰਮੂ ਦੇ ਇੱਕ ਹਸਪਤਾਲ ਵਿੱਚ ਬੁਧਵਾਰ ਨੂੰ ਇੱਕ ਨੌਂ ਸਾਲਾ ਬੱਚੀ ਦੀ ਮੌਤ ਹੋ ਗਈ, ਜਿਸ ਨਾਲ ਜੰਮੂ-ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ ਦੇ ਇੱਕ ਦੂਰ-ਦੁਰਾਡੇ ਪਿੰਡ ਵਿਚ ਡੇਢ ਮਹੀਨੇ ਵਿਚ ਰਹੱਸਮਈ ਮੌਤਾਂ ਦੀ ਗਿਣਤੀ 15 ਹੋ ਗਈ ਹੈ। ਪੁਲਿਸ ਨੇ ਮੌਤਾਂ ਦੇ ਕਾਰਨਾਂ ਦੀ ਜਾਂਚ ਲਈ ਇੱਕ ਵਿਸ਼ੇਸ਼ ਜਾਂਚ ਟੀਮ (ਸ਼ੀਠ) ਬਣਾਈ ਹੈ। ਜੰਮੂ-ਕਸ਼ਮੀਰ ਦੀ ਸਿਹਤ ਮੰਤਰੀ ਸਕੀਨਾ ਮਸੂਦ ਨੇ ਬਾਧਲ ਪਿੰਡ ਵਿਚ ਹੋਈਆਂ ਮੌਤਾਂ ਪਿੱਛੇ ਕਿਸੇ ਵੀ ਰਹੱਸਮਈ ਬਿਮਾਰੀ ਦੇ ਕਾਰਨ ਨੂੰ ਰੱਦ ਕਰਦੇ ਹੋਏ ਕਿਹਾ ਕਿ ਕੇਂਦਰ ਸ਼ਾਸਤ ਪ੍ਰਦੇਸ਼ ਦੇ ਅੰਦਰ ਅਤੇ ਬਾਹਰ ਕੀਤੇ ਗਏ ਸਾਰੇ ਟੈਸਟ ਨਕਾਰਾਤਮਕ ਆਏ ਹਨ। ਅਧਿਕਾਰੀਆਂ ਨੇ ਦਸਿਆ ਕਿ ਜਬੀਨਾ, ਜੋ ਕਿ ਜੰਮੂ ਦੇ ਐਸਐਮਜੀਐਸ ਹਸਪਤਾਲ ਵਿਚ ਇਲਾਜ ਅਧੀਨ ਸੀ, ਦੀ ਬੁਧਵਾਰ ਸ਼ਾਮ ਨੂੰ ਮੌਤ ਹੋ ਗਈ। ਉਨ੍ਹਾਂ ਨੇ ਦਸਿਆ ਕਿ ਪਿਛਲੇ ਚਾਰ ਦਿਨਾਂ ਵਿਚ ਉਸ ਦੇ ਚਾਰ ਭੈਣ-ਭਰਾ ਅਤੇ ਦਾਦਾ ਜੀ ਦੀ ਵੀ ਮੌਤ ਹੋ ਗਈ।

ਹਾਲਾਂਕਿ, ਸਕੀਨਾ ਮਸੂਦ ਨੇ ਕਿਹਾ ਕਿ ਪਿਛਲੇ ਸਾਲ 7 ਦਸੰਬਰ ਤੋਂ ਬਾਅਦ ਕੋਟਰਾਂਕਾ ਸਬ-ਡਵੀਜ਼ਨ ਦੇ ਬਾਧਲ ਪਿੰਡ ਵਿਚ ਤਿੰਨ ਰਿਸ਼ਤੇਦਾਰ ਪ੍ਰਵਾਰਾਂ ਦੀਆਂ ਮੌਤਾਂ ਬਹੁਤ ਚਿੰਤਾਜਨਕ ਹਨ ਅਤੇ ਪੁਲਿਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਕਾਰਨ ਦਾ ਪਤਾ ਲਗਾਉਣ ਲਈ ਤੇਜ਼ੀ ਨਾਲ ਜਾਂਚ ਕਰਨਗੇ।ਮੰਤਰੀ ਨੇ ਪੱਤਰਕਾਰਾਂ ਨੂੰ ਦਸਿਆ, "ਪੰਜ ਲੋਕਾਂ ਦੀ ਮੌਤ ਦੀ ਜਾਣਕਾਰੀ ਮਿਲਣ ਤੋਂ ਬਾਅਦ ਸਿਹਤ ਵਿਭਾਗ ਨੇ 3,500 ਪਿੰਡ ਵਾਸੀਆਂ ਦੀ ਘਰ-ਘਰ ਜਾ ਕੇ ਜਾਂਚ ਕੀਤੀ।"ਮੰਤਰੀ ਨੇ ਕਿਹਾ, "ਨਮੂਨੇ ਇਕੱਠੇ ਕੀਤੇ ਗਏ ਸਨ ਅਤੇ ਜਾਂਚ ਲਈ ਜੰਮੂ-ਕਸ਼ਮੀਰ ਦੇ ਅੰਦਰ ਅਤੇ ਬਾਹਰ ਵੱਖ-ਵੱਖ ਪ੍ਰਯੋਗਸ਼ਾਲਾਵਾਂ ਵਿਚ ਭੇਜੇ ਗਏ ਸਨ।" ਕੁਝ ਦਿਨਾਂ ਬਾਅਦ ਤਿੰਨ ਹੋਰ ਲੋਕਾਂ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਵਿਭਾਗ ਨੇ ਦੇਸ਼ ਦੇ ਪ੍ਰਮੁੱਖ ਸਿਹਤ ਸੰਸਥਾਵਾਂ ਤੋਂ ਮਦਦ ਮੰਗੀ। ਉਨ੍ਹਾਂ ਦੀ ਟੀਮ ਇੱਥੇ ਪਹੁੰਚੀ ਅਤੇ ਵਿਸਥਾਰਤ ਜਾਂਚ ਕੀਤੀ।

ਮੰਗਲਵਾਰ ਸ਼ਾਮ ਨੂੰ ਅਧਿਕਾਰੀਆਂ ਨੇ ਪਿੰਡ ਵਿੱਚ ਕੁੱਲ ਮੌਤਾਂ ਦੀ ਗਿਣਤੀ 14 ਦੱਸੀ। ਰਾਜੌਰੀ ਦੇ ਸੀਨੀਅਰ ਪੁਲਿਸ ਸੁਪਰਡੈਂਟ ਗੌਰਵ ਸਿਕਰਵਾਰ ਨੇ ਕਿਹਾ ਕਿ ਮੌਤਾਂ ਦੀ ਜਾਂਚ ਦੀ ਕਾਰਵਾਈ ਦੀ ਸੰਵੇਦਨਸ਼ੀਲਤਾ ਨੂੰ ਧਿਆਨ ਵਿਚ ਰੱਖਦੇ ਹੋਏ ਬਾਧਲ ਪੁਲਿਸ ਸੁਪਰਡੈਂਟ (ਆਪ੍ਰੇਸ਼ਨ) ਵਜਾਹਤ ਹੁਸੈਨ ਦੀ ਪ੍ਰਧਾਨਗੀ ਹੇਠ 11 ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਦਾ ਗਠਨ ਕੀਤਾ ਗਿਆ ਹੈ।

ਮਸੂਦ ਨੇ ਕਿਹਾ ਕਿ 40 ਦਿਨਾਂ ਤੋਂ ਵੱਧ ਸਮੇਂ ਬਾਅਦ ਮੌਤਾਂ ਦੁਬਾਰਾ ਹੋਣੀਆਂ ਸ਼ੁਰੂ ਹੋ ਗਈਆਂ ਹਨ ਅਤੇ ਇਹ ਸਪਸ਼ਟ ਹੈ ਕਿ ਜੇਕਰ ਮੌਤਾਂ ਕਿਸੇ ਬਿਮਾਰੀ ਕਾਰਨ ਹੁੰਦੀਆਂ, ਤਾਂ ਇਹ ਤੁਰਤ ਫੈਲ ਜਾਂਦੀ ਅਤੇ ਉਨ੍ਹਾਂ ਤਿੰਨ ਪਰਿਵਾਰਾਂ ਤਕ ਸੀਮਤ ਨਾ ਹੁੰਦੀ ਜੋ ਇੱਕ ਦੂਜੇ ਦੇ ਨੇੜੇ ਰਹਿੰਦੇ ਹਨ ਅਤੇ ਇੱਕ ਦੂਜੇ ਨਾਲ ਸਬੰਧਤ ਹਨ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਜਾਂ ਬਾਹਰ ਕੀਤੀ ਗਈ ਕਿਸੇ ਵੀ ਜਾਂਚ ਰਿਪੋਰਟ ਵਿਚ ਕੁਝ ਵੀ ਸਾਹਮਣੇ ਨਹੀਂ ਆਇਆ ਹੈ। ਇਨ੍ਹਾਂ ਵਿਚ ਪੁਣੇ ਵਿਚ ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ICMR), ਦਿੱਲੀ ਵਿਚ ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (NCDC), ਗਵਾਲੀਅਰ ਵਿਚ ਡਿਫੈਂਸ ਰਿਸਰਚ ਐਂਡ ਡਿਵੈਲਪਮੈਂਟ ਐਸਟੈਬਲਿਸ਼ਮੈਂਟ (DRDE) ਅਤੇ ਫਘੀ-ਚੰਡੀਗੜ੍ਹ ਵਿਖੇ ਮਾਈਕ੍ਰੋਬਾਇਓਲੋਜੀ ਵਿਭਾਗ ਵਿਚ ਕੀਤੇ ਗਏ ਟੈਸਟ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਪਾਣੀ ਅਤੇ ਹੋਰ ਭੋਜਨ ਦੇ ਨਮੂਨਿਆਂ ਦੇ ਮਾਮਲੇ ਵਿਚ ਵੀ ਇਹੀ ਸਥਿਤੀ ਹੈ।

ਮੰਤਰੀ, ਜਿਨ੍ਹਾਂ ਨੇ ਪਿਛਲੇ ਮਹੀਨੇ ਸਥਿਤੀ ਦਾ ਜਾਇਜ਼ਾ ਲੈਣ ਲਈ ਪਿੰਡ ਦਾ ਦੌਰਾ ਕੀਤਾ ਸੀ, ਨੇ ਕਿਹਾ, "ਸਿਹਤ ਵਿਭਾਗ ਨੂੰ ਕੋਈ ਬਿਮਾਰੀ, ਵਾਇਰਸ ਜਾਂ ਇਨਫੈਕਸ਼ਨ ਨਹੀਂ ਮਿਲਿਆ ਹੈ ਜਿਸ ਕਾਰਨ ਮੌਤਾਂ ਹੋਈਆਂ।"

ਉਨ੍ਹਾਂ ਕਿਹਾ ਕਿ ਮੌਤਾਂ ਦਾ ਅਸਲ ਕਾਰਨ ਜਾਂਚ ਦਾ ਵਿਸ਼ਾ ਹੈ। ਜਦੋਂ ਸਿਹਤ ਮਾਹਰਾਂ ਵਲੋਂ ਕੁਝ ਮ੍ਰਿਤਕਾਂ ਦੇ ਨਮੂਨਿਆਂ ਵਿਚ ਕੁਝ 'ਨਿਊਰੋਟੌਕਸਿਨ' ਦੀ ਮੌਜੂਦਗੀ ਬਾਰੇ ਕੀਤੇ ਗਏ ਖ਼ੁਲਾਸੇ ਬਾਰੇ ਪੁੱਛਿਆ ਗਿਆ ਤਾਂ ਮੰਤਰੀ ਨੇ ਕਿਹਾ ਕਿ ਉਹ ਜਾਂਚ ਪੂਰੀ ਹੋਣ ਤੋਂ ਬਾਅਦ ਹੀ ਕਿਸੇ ਸਿੱਟੇ 'ਤੇ ਪਹੁੰਚਣਗੇ।

ਉਨ੍ਹਾਂ ਕਿਹਾ, "ਮੈਂ ਜ਼ਿਲ੍ਹਾ ਵਿਕਾਸ ਕਮਿਸ਼ਨਰ ਦੇ ਸੰਪਰਕ ਵਿਚ ਹਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨਾਲ ਵੀ ਗੱਲ ਕੀਤੀ ਹੈ। ਸਚਾਈ ਸਾਹਮਣੇ ਲਿਆਉਣ ਲਈ ਜਲਦੀ ਜਾਂਚ ਹੋਣੀ ਚਾਹੀਦੀ ਹੈ।"

ਮਸੂਦ ਨੇ ਕਿਹਾ ਕਿ ਉਹ ਕੁਝ ਟੈਸਟ ਰਿਪੋਰਟਾਂ ਦੀ ਉਡੀਕ ਕਰ ਰਹੇ ਸਨ, ਜਿਨ੍ਹਾਂ ਵਿੱਚ ਫੋਰੈਂਸਿਕ ਸਾਇੰਸ ਲੈਬਾਰਟਰੀ (FSL) ਰਿਪੋਰਟ ਵੀ ਸ਼ਾਮਲ ਹੈ, ਜਿਸ ਵਿਚ ਸਮਾਂ ਲਗਿਆ, ਪਰ ਇਹ ਸਪਸ਼ਟ ਸੀ ਕਿ ਮੌਤਾਂ ਕਿਸੇ ਬਿਮਾਰੀ ਜਾਂ ਵਾਇਰਸ ਕਾਰਨ ਨਹੀਂ ਹੋਈਆਂ।

# ਅਗਲੇ ਦੋ ਸਾਲ ਭਾਰਤ ਦੀ ਵਿਕਾਸ ਦਰ 6.7 ਫ਼ੀਸਦ ਰਹੇਗੀ: ਵਿਸ਼ਵ ਬੈਂਕ




ਵਾਸ਼ਿੰਗਟਨ: ਵਿਸ਼ਵ ਬੈਂਕ ਦੇ ਦੱਖਣੀ ਏਸ਼ੀਆ ਦੇ ਨਵੇਂ ਵਿਕਾਸ ਅਨੁਮਾਨਾਂ ਅਨੁਸਾਰ ਅਪਰੈਲ 2025 ਤੋਂ ਅਗਲੇ ਦੋ ਵਿੱਤੀ ਸਾਲਾਂ ਲਈ ਭਾਰਤ ਦੀ ਆਰਥਿਕ ਵਿਕਾਸ ਦਰ 6.7 ਫੀਸਦ ਪ੍ਰਤੀ ਸਾਲ 'ਤੇ ਸਥਿਰ ਰਹਿਣ ਦਾ ਅਨੁਮਾਨ ਹੈ। ਵਿਸ਼ਵ ਬੈਂਕ ਨੇ ਬੀਤੇ ਦਿਨ ਕਿਹਾ ਕਿ ਵਿੱਤੀ ਸਾਲ 2025-26 'ਚ ਦੱਖਣੀ ਏਸ਼ੀਆ 'ਚ ਵਿਕਾਸ ਦਰ 6.2 ਫੀਸਦ ਰਹਿਣ ਦੀ ਉਮੀਦ ਹੈ। ਇਸ ਵਿੱਚ ਭਾਰਤ 'ਚ ਮਜ਼ਬੂਤ ਵਿਕਾਸ ਹੋਣਾ ਵੀ ਸ਼ਾਮਲ ਹੈ। ਵਿਸ਼ਵ ਬੈਂਕ ਨੇ ਕਿਹਾ, 'ਭਾਰਤ 'ਚ ਅਪਰੈਲ 2025 ਤੋਂ ਅਗਾਮੀ ਦੋ ਵਿੱਤੀ ਸਾਲਾਂ 'ਚ ਵਿਕਾਸ ਦਰ 6.7 ਫੀਸਦ ਪ੍ਰਤੀ ਸਾਲ 'ਤੇ ਸਥਿਰ ਰਹਿਣ ਦਾ ਅਨੁਮਾਨ ਹੈ।' ਬੈਂਕ ਨੇ ਕਿਹਾ, 'ਸੇਵਾ ਖੇਤਰ 'ਚ ਲਗਾਤਾਰ ਵਿਸਤਾਰ ਹੋਣ ਦੀ ਉਮੀਦ ਹੈ। ਨਿਰਮਾਣ ਗਤੀਵਿਧੀਆਂ ਮਜ਼ਬੂਤ ਹੋਣਗੀਆਂ ਜਿਸ ਨੂੰ ਕਾਰੋਬਾਰੀ ਮਾਹੌਲ 'ਚ ਸੁਧਾਰ ਲਈ ਸਰਕਾਰ ਦੀਆਂ ਤਰਜੀਹਾਂ ਦੀ ਹਮਾਇਤ ਹਾਸਲ ਹੋਵੇਗੀ। ਨਿਵੇਸ਼ ਵਿਕਾਸ ਸਥਿਰ ਰਹਿਣ ਦਾ ਅਨੁਮਾਨ ਹੈ ਅਤੇ ਨਿੱਜੀ ਨਿਵੇਸ਼ 'ਚ ਵਿਕਾਸ ਨਾਲ ਜਨਤਕ ਨਿਵੇਸ਼ 'ਚ ਨਰਮੀ ਆਵੇਗੀ।' ਸਾਲ 2023 ਵਿੱਚ ਭਾਰਤ ਦੀ ਵਿਕਾਸ ਦਰ 8.2 ਫੀਸਦ ਸੀ ਜੋ 2024 ਵਿੱਚ ਘੱਟ 6.5 ਫੀਸਦ 'ਤੇ ਆ ਗਈ।

**ਭਾਰਤ ਦੀ ਵਿਕਾਸ ਦਰ ਉਮੀਦ ਤੋਂ ਵੱਧ ਸੁਸਤ: IMF**

ਕੌਮਾਂਤਰੀ ਮੁਦਰਾ ਕੋਸ਼ (IMF) ਨੇ ਕਿਹਾ ਕਿ ਉਦਯੋਗਿਕ ਗਤੀਵਿਧੀਆਂ ਵਿੱਚ ਉਮੀਦ ਤੋਂ ਵੱਧ ਮੰਦੀ ਕਾਰਨ ਭਾਰਤ ਵਿੱਚ ਵਿਕਾਸ ਦਰ ਅਨੁਮਾਨ ਤੋਂ ਵੱਧ ਧੀਮੀ ਹੋ ਗਈ ਅਤੇ 2026 ਤੱਕ ਇਸ ਦੇ 6.5 ਫੀਸਦ 'ਤੇ ਬਰਕਰਾਰ ਰਹਿਣ ਦੀ ਸੰਭਾਵਨਾ ਹੈ। IMF ਨੇ 'ਵਰਲਡ ਇਕਨਾਮਿਕ ਆਊਟਲੁੱਕ' ਦੀ ਆਪਣੀ ਤਾਜ਼ਾ ਰਿਪੋਰਟ ਵਿੱਚ ਕਿਹਾ, ''ਭਾਰਤ ਵਿੱਚ ਵਿਕਾਸ ਦਰ ਉਮੀਦ ਤੋਂ ਵੱਧ ਧੀਮੀ ਰਹੀ, ਜਿਸ ਦਾ ਕਾਰਨ ਉਦਯੋਗਿਕ ਗਤੀਵਿਧੀਆਂ ਵਿੱਚ ਉਮੀਦ ਤੋਂ ਵੱਧ ਗਿਰਾਵਟ ਹੈ।'' ਇਸ ਮੁਤਾਬਕ ਆਲਮੀ ਅਰਥਚਾਰਾ ਸਥਿਰ ਹੈ।

# ਡੇਅਰੀਆਂ ਦਾ ਘਿਨਾਉਣਾ ਸੱਚ ਆਇਆ ਸਾਹਮਣੇ

ਚੰਡੀਗੜ੍ਹ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਡੇਅਰੀਆਂ ਵਿੱਚ ਦੁਧਾਰੂ ਪਸ਼ੂਆਂ ਨੂੰ ਦਿੱਤੇ ਜਾ ਰਹੇ ਆਕਸੀਟੋਸਿਨ ਦੇ ਖਿਲਾਫ਼ ਇੱਕ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਪਟੀਸ਼ਨਕਰਤਾ ਨੂੰ ਕਿਹਾ ਹੈ ਕਿ ਉਹ ਇਸ ਮਾਮਲੇ 'ਤੇ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਇੱਕ ਮੰਗ ਪੱਤਰ ਦੇਣ। ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕੇਂਦਰ ਅਤੇ ਰਾਜ ਸਰਕਾਰ ਨੂੰ ਹੁਕਮ ਦਿੱਤਾ ਹੈ ਕਿ ਉਹ 60 ਦਿਨਾਂ ਦੇ ਅੰਦਰ-ਅੰਦਰ ਇਸ ਮੰਗ ਪੱਤਰ 'ਤੇ ਢੁਕਵਾਂ ਫ਼ੈਸਲਾ ਲੈਣ।

ਮੋਹਾਲੀ ਦੀਆਂ 227 ਪਸ਼ੂ ਡੇਅਰੀਆਂ ਵਿੱਚ ਮੌਜੂਦ 3887 ਦੁਧਾਰੂ ਪਸ਼ੂਆਂ 'ਤੇ ਕੀਤੇ ਸਰਵੇਖਣ ਦੇ ਅਧਾਰ 'ਤੇ ਇੱਕ ਜਨਹਿੱਤ ਪਟੀਸ਼ਨ ਦਾਖਲ ਕਰਦਿਆਂ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਪਸ਼ੂਆਂ ਤੋਂ ਜ਼ਿਆਦਾ ਦੁੱਧ ਲੈਣ ਲਈ ਆਕਸੀਟੋਸਿਨ ਦਾ ਟੀਕਾ ਲਾਇਆ ਜਾ ਰਿਹਾ ਹੈ। ਜਿਹੜਾ ਕਿ ਨਾ ਸਿਰਫ਼ ਦੁਧਾਰੂ ਪਸ਼ੂਆਂ ਲਈ ਖਤਰਨਾਕ ਹੈ, ਬਲਕਿ ਇਹ ਦੁੱਧ ਪੀਣ ਵਾਲੇ ਲੋਕਾਂ ਦੀ ਸਿਹਤ ਲਈ ਵੀ ਜਾਨਲੇਵਾ ਹੈ। ਪਟੀਸ਼ਨ ਦਾਖਲ ਕਰਦਿਆਂ "ਦੀ ਪੀੜ੍ਹਜ਼ ਪੀਪਲ ਵੈਲਫੇਅਰ ਸੋਸਾਇਟੀ" ਨੇ ਮਾਣਯੋਗ ਹਾਈ ਕੋਰਟ ਨੂੰ ਦੱਸਿਆ ਕਿ ਮੋਹਾਲੀ ਸ਼ਹਿਰ ਦੀਆਂ ਡੇਅਰੀਆਂ ਵਿੱਚ ਪਸ਼ੂਆਂ ਨਾਲ ਮਾੜਾ ਵਿਵਹਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਮੋਹਾਲੀ ਦੀਆਂ 227 ਪਸ਼ੂ ਡੇਅਰੀਆਂ ਵਿੱਚ 3887 ਪਸ਼ੂਆਂ 'ਤੇ ਸਰਵੇਖਣ ਕੀਤਾ ਸੀ। ਇਸ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਜ਼ਿਆਦਾਤਰ ਥਾਵਾਂ 'ਤੇ ਪਸ਼ੂਆਂ ਨੂੰ ਬੇਹੱਦ ਮਾੜੇ ਹਾਲਾਤ ਵਿੱਚ ਰੱਖਿਆ ਗਿਆ ਹੈ। ਡੇਅਰੀਆਂ ਵਿੱਚ ਸਾਫ਼-ਸਫ਼ਾਈ ਦਾ ਬਿਲਕੁਲ ਖਿਆਲ ਨਹੀਂ ਰੱਖਿਆ ਜਾ ਰਿਹਾ ਅਤੇ ਪਸ਼ੂਆਂ ਦੇ ਪੀਣ ਲਈ ਸਾਫ਼ ਪਾਣੀ ਤੱਕ ਮੌਜੂਦ ਨਹੀਂ ਹੈ। ਕੁਝ ਮਾਮਲਿਆਂ ਵਿੱਚ ਤਾਂ ਪਸ਼ੂਆਂ ਨੂੰ ਸਿਰਫ਼ ਦੋ ਫੁੱਟ ਰੱਸੀ ਨਾਲ ਬੰਨ੍ਹ ਕੇ ਰੱਖਿਆ ਗਿਆ ਅਤੇ ਪਸ਼ੂਆਂ ਕੋਲ ਖੜ੍ਹੇ ਹੋਣ ਨੂੰ ਥਾਂ ਤੱਕ ਨਹੀਂ ਸੀ।

# ISRO ਦੇ ਤੀਜੇ ਲਾਂਚ ਪੈਡ ਨੂੰ ਮਿਲੀ ਕੈਬਨਿਟ ਦੀ ਮਨਜ਼ੂਰੀ



WORLD PUNJABI NEWS NETWORK ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਨੇ ਸ਼੍ਰੀਹਰੀਕੋਟਾ, ਆਂਧਰਾ ਪ੍ਰਦੇਸ਼ ਵਿੱਚ ਇਸਰੋ ਦੇ ਸਤੀਸ਼ ਧਵਨ ਪੁਲਾੜ ਕੇਂਦਰ ਵਿੱਚ ਤੀਜੇ ਲਾਂਚ ਪੈਡ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਤੀਜੇ ਲਾਂਚ ਪੈਡ ਪ੍ਰੋਜੈਕਟ ਵਿੱਚ ਇਸਰੋ ਦੇ ਅਗਲੀ ਪੀੜ੍ਹੀ ਦੇ ਲਾਂਚ ਰਾਕੇਟ ਲਈ ਸ਼੍ਰੀਹਰੀਕੋਟਾ ਲਾਂਚ ਬੁਨਿਆਦੀ ਢਾਂਚਾ ਸਥਾਪਤ ਕਰਨਾ ਅਤੇ ਦੂਜੇ ਲਾਂਚ ਪੈਡ ਲਈ ਸਟੈਂਡਬਾਏ ਲਾਂਚ ਪੈਡ ਵਜੋਂ ਸਹਾਇਤਾ ਪ੍ਰਦਾਨ ਕਰਨਾ ਸ਼ਾਮਲ ਹੈ। ਇਹ ਪ੍ਰੋਜੈਕਟ ਭਵਿੱਖ ਦੇ ਭਾਰਤੀ ਮਨੁੱਖੀ ਪੁਲਾੜ ਮਿਸ਼ਨਾਂ ਲਈ ਲਾਂਚ ਸਮਰੱਥਾ ਨੂੰ ਵਧਾਏਗਾ। ਆਂਧਰਾ ਪ੍ਰਦੇਸ਼ ਦੇ ਸ਼੍ਰੀਹਰੀਕੋਟਾ ਵਿੱਚ ਤੀਜੇ ਲਾਂਚ ਪੈਡ ਨੂੰ ਇਸ ਤਰੀਕੇ ਨਾਲ ਡਿਜ਼ਾਇਨ ਕੀਤਾ ਗਿਆ ਹੈ ਕਿ ਜਿੰਨਾ ਸੰਭਵ ਹੋਵੇ, ਓਨਾ ਨਾ ਸਿਰਫ਼ ਭਾਰਤ ਸਗੋਂ ਪੂਰੀ ਦੁਨੀਆ ਲਈ ਅਨੁਕੂਲ ਹੋ। ਇਸ ਤੋਂ ਇਲਾਵਾ, ਇਹ ਨਾ ਸਿਰਫ NGLV ਬਲਕਿ LVM3 ਰਾਕੇਟ ਨੂੰ ਸੈਮੀਕ੍ਰਾਇਓਜੇਨਿਕ ਪੜਾਅ ਅਤੇ NGLV ਦੇ ਸਕੇਲ-ਅੱਪ ਸੰਰਚਨਾ ਦੇ ਨਾਲ ਵੀ ਸਪੋਰਟ ਕਰਨ ਦੇ ਯੋਗ ਹੋਵੇਗਾ। ਇਸ ਪ੍ਰੋਜੈਕਟ ਨੂੰ ਉਦਯੋਗਾਂ ਦੀ ਵੱਧ ਤੋਂ ਵੱਧ ਭਾਗੀਦਾਰੀ ਨਾਲ ਪੂਰਾ ਕੀਤਾ ਜਾਵੇਗਾ। ਪਹਿਲਾਂ ਲਾਂਚ ਪੈਡ ਸਥਾਪਤ ਕਰਨ ਵਿੱਚ ਇਸਰੋ ਦੇ ਤਜ਼ਰਬੇ ਦਾ ਪੂਰਾ ਲਾਭ ਲਿਆ ਜਾਵੇਗਾ ਅਤੇ ਮੌਜੂਦਾ ਲਾਂਚ ਕੰਪਲੈਕਸ ਸੁਵਿਧਾਵਾਂ ਦੀ ਵਰਤੋਂ ਕੀਤੀ ਜਾਵੇਗੀ। 48 ਮਹੀਨਿਆਂ ਜਾਂ 4 ਸਾਲਾਂ ਦੇ ਅੰਦਰ ਤੀਜੇ ਲਾਂਚ ਪੈਡ ਯਾਨੀ TLP ਨੂੰ ਸਥਾਪਿਤ ਕਰਨ ਦਾ ਟੀਚਾ ਰੱਖਿਆ ਗਿਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਕੇਂਦਰੀ ਮੰਤਰੀ ਮੰਡਲ ਨੇ ISRO ਦੇ ਸਤੀਸ਼ ਧਵਨ ਪੁਲਾੜ ਕੇਂਦਰ ਸ਼੍ਰੀਹਰੀਕੋਟਾ ਵਿਖੇ ਇੱਕ ਤੀਜੇ ਲਾਂਚ ਪੈਡ (TLP) ਦੀ ਸਥਾਪਨਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਇਹ ਅਗਲੀ ਪੀੜ੍ਹੀ ਦੇ ਲਾਂਚ ਵਾਹਨਾਂ, ਭਵਿੱਖ ਦੇ ਮਨੁੱਖੀ ਸਪੇਸਫਲਾਈਟ ਮਿਸ਼ਨਾਂ ਅਤੇ LVM-3 ਨੂੰ ਵਧਾਉਣ ਦਾ ਸਮਰਥਨ ਕਰੇਗਾ। ਇਸ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਕੁੱਲ 3984.86 ਕਰੋੜ ਰੁਪਏ ਦੀ ਲੋੜ ਹੈ। ਇਸ ਰਕਮ ਵਿੱਚ ਲਾਂਚ ਪੈਡ ਅਤੇ ਇਸ ਨਾਲ ਸਬੰਧਤ ਸੁਵਿਧਾਵਾਂ ਸਥਾਪਤ ਕਰਨ ਦੀ ਲਾਗਤ ਵੀ ਸ਼ਾਮਲ ਹੈ। ਇਹ ਪ੍ਰੋਜੈਕਟ ਭਾਰਤ ਦੀ ਪੁਲਾੜ ਪ੍ਰਣਾਲੀ ਨੂੰ ਮਜ਼ਬੂਤ ਕਰੇਗਾ। ਇਸ ਦੇ ਮੁਕੰਮਲ ਹੋਣ ਤੋਂ ਬਾਅਦ 'ਚ ਪਹਿਲਾਂ ਨਾਲੋਂ ਜ਼ਿਆਦਾ ਰਾਕੇਟ ਲਾਂਚ ਕੀਤੇ ਜਾ ਸਕਦੇ ਹਨ। ਇਸ ਤੋਂ ਇਲਾਵਾ ਦੇਸ਼ ਵਿਚ ਮਨੁੱਖੀ ਪੁਲਾੜ ਉਡਾਣਾਂ ਅਤੇ ਪੁਲਾੜ ਖੋਜ ਮਿਸ਼ਨਾਂ ਦੀ ਗਿਣਤੀ ਵਧੇਗੀ। ਹੁਣ ਤੱਕ ਦੋ ਲਾਂਚ ਪੈਡ ਭਾਰਤ ਦੇ ਪੁਲਾੜ ਮਿਸ਼ਨਾਂ ਨੂੰ ਸੰਭਾਲ ਚੁੱਕੇ ਹਨ। ਭਾਰਤ ਦਾ ਸਪੇਸ ਰਾਕੇਟ ਸਿਸਟਮ ਅਜੇ ਵੀ ਪੂਰੀ ਤਰ੍ਹਾਂ ਦੋ ਲਾਂਚ ਪੈਡਾਂ 'ਤੇ ਨਿਰਭਰ ਹੈ। ਪਹਿਲੇ ਲਾਂਚ ਪੈਡ ਨੂੰ FLP ਅਤੇ ਦੂਜੇ ਲਾਂਚ ਪੈਡ ਨੂੰ SLP ਕਿਹਾ ਜਾਂਦਾ ਹੈ। FLP ਨੂੰ 30 ਸਾਲ ਪਹਿਲਾਂ PSLV ਰਾਕੇਟ ਲਾਂਚ ਕਰਨ ਲਈ ਤਿਆਰ ਕੀਤਾ ਗਿਆ ਸੀ। ਪਹਿਲਾ ਲਾਂਚ ਪੈਡ ਪਿਛਲੇ 30 ਸਾਲਾਂ ਤੋਂ PSLV ਅਤੇ SSLV ਨੂੰ ਲਾਂਚ ਕਰਨ ਵਿੱਚ ਆਪਣੀ ਭੂਮਿਕਾ ਨਿਭਾ ਰਿਹਾ ਹੈ। ਉਸ ਤੋਂ ਬਾਅਦ GSLV ਅਤੇ LVM3 ਰਾਕੇਟ ਲਾਂਚ ਕਰਨ ਲਈ ਲਗਭਗ 20 ਸਾਲ ਪਹਿਲਾਂ SLP ਯਾਨੀ ਦੂਜਾ ਲਾਂਚ ਪੈਡ ਸਥਾਪਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ, SLP ਹਮੇਸ਼ਾ PSLV ਲਈ ਸਟੈਂਡਬਾਏ ਵਜੋਂ ਕੰਮ ਕਰਦਾ ਹੈ। SLP ਤੋਂ ਚੰਦਰਯਾਨ-3 ਸਮੇਤ ਕਈ ਵਿਸ਼ੇਸ਼ ਮਿਸ਼ਨ ਲਾਂਚ ਕੀਤੇ ਗਏ ਹਨ। ਇਸ ਤੋਂ ਇਲਾਵਾ, SLP ਗਗਨਯਾਨ ਮਿਸ਼ਨ ਲਈ ਮਨੁੱਖੀ ਦਰਜਾਬੰਦੀ ਵਾਲੇ LVM3 ਨੂੰ ਲਾਂਚ ਕਰਨ ਦੀ ਵੀ ਤਿਆਰੀ ਕਰ ਰਿਹਾ ਹੈ।

# BGMI ਦਾ ਨਵਾਂ ਅਪਡੇਟ ਹੋਇਆ ਰਿਲੀਜ਼

WORLD PUNJABI NEWS NETWORK ਨਵੀਂ ਦਿੱਲੀ: Battlegrounds Mobile India ਯਾਨੀ BGMI 3.6 ਅਪਡੇਟ ਦਾ ਪਿਛਲੇ ਕਈ ਹਫਤਿਆਂ ਤੋਂ ਇੰਤਜ਼ਾਰ ਕੀਤਾ ਜਾ ਰਿਹਾ ਸੀ ਪਰ ਹੁਣ ਇਹ ਅਪਡੇਟ ਜਾਰੀ ਕਰ ਦਿੱਤਾ ਗਿਆ ਹੈ। BGMI ਦਾ ਇਹ ਅਪਡੇਟ ਹੁਣ ਗੂਗਲ ਪਲੇ ਸਟੋਰ 'ਤੇ ਉਪਲਬਧ ਹੈ। ਨਵੇਂ ਅਪਡੇਟ ਨੂੰ ਡਾਉਨਲੋਡ ਕਰਕੇ ਉਪਭੋਗਤਾ ਇਸ ਗੇਮ ਵਿੱਚ ਕਈ ਨਵੇਂ ਫੀਚਰ, ਥੀਮ, ਮੋਡ, ਗੇਮਿੰਗ ਆਈਟਮਾਂ, ਨਵੀਂ ਸਮਰੱਥਾ, ਨਵੇਂ ਵਾਹਨ ਆਦਿ ਦਾ ਅਨੁਭਵ ਕਰ ਸਕਦੇ ਹਨ। BGMI 3.6 ਅੱਪਡੇਟ ਦਾ ਹੌਲੀ-ਹੌਲੀ ਰੋਲਆਊਟ 16 ਜਨਵਰੀ 2025 ਨੂੰ ਸ਼ਾਮ 6:30 ਵਜੇ ਤੋਂ ਸ਼ੁਰੂ ਕੀਤਾ ਗਿਆ ਸੀ। ਜੇਕਰ ਨਵਾਂ BGMI ਅਪਡੇਟ ਤੁਹਾਡੇ ਫੋਨ 'ਚ ਅਜੇ ਤੱਕ ਨਹੀਂ ਆਇਆ ਹੈ, ਤਾਂ ਤੁਹਾਨੂੰ ਕੁਝ ਦੇਰ ਇੰਤਜ਼ਾਰ ਕਰਨਾ ਹੋਵੇਗਾ। ਇਸ ਤੋਂ ਬਾਅਦ ਤੁਹਾਡੇ ਫੋਨ 'ਚ ਵੀ BGMI ਦਾ ਲੇਟੇਸਟ ਅਪਡੇਟ ਆ ਜਾਵੇਗਾ। ਜੇਕਰ ਤੁਸੀਂ BGMI ਦੇ ਇਸ ਲੇਟੈਸਟ ਅਪਡੇਟ ਨੂੰ ਐਂਡਰਾਇਡ ਫੋਨ 'ਚ ਡਾਊਨਲੋਡ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਆਪਣੇ ਫੋਨ 'ਚ ਗੂਗਲ ਪਲੇ ਸਟੋਰ ਖੋਲ੍ਹਣਾ ਹੋਵੇਗਾ। ਇਸ ਤੋਂ ਬਾਅਦ ਤੁਹਾਨੂੰ ਇਸ 'ਚ Battlegrounds Mobile India ਨੂੰ ਸਰਚ ਕਰਨਾ ਹੋਵੇਗਾ। ਜੇਕਰ ਇਹ ਗੇਮਿੰਗ ਐਪ ਤੁਹਾਡੇ ਫੋਨ 'ਚ ਪਹਿਲਾਂ ਤੋਂ ਹੀ ਡਾਊਨਲੋਡ ਹੈ, ਤਾਂ ਉੱਥੇ ਅਪਡੇਟ ਦਾ ਵਿਕਲਪ ਦਿਖਾਈ ਦੇਵੇਗਾ। ਇਸ 'ਤੇ ਕਲਿੱਕ ਕਰਨ ਤੋਂ ਬਾਅਦ BGMI ਦਾ ਨਵਾਂ ਅਪਡੇਟ ਤੁਹਾਡੇ ਫੋਨ ਵਿੱਚ ਡਾਊਨਲੋਡ ਹੋਣਾ ਸ਼ੁਰੂ ਹੋ ਜਾਵੇਗਾ। ਜੇਕਰ ਤੁਹਾਡੇ ਫੋਨ 'ਚ ਅਪਡੇਟ ਆਪਸ਼ਨ ਨਜ਼ਰ ਨਹੀਂ ਆ ਰਿਹਾ ਹੈ, ਤਾਂ ਕੁਝ ਘੰਟੇ ਇੰਤਜ਼ਾਰ ਕਰੋ ਅਤੇ ਦੁਬਾਰਾ ਚੈੱਕ ਕਰੋ।

ਤੁਹਾਨੂੰ ਦੱਸ ਦੇਈਏ ਕਿ ਹੁਣ ਤੱਕ ਕ੍ਰਾਫਟਨ ਇੰਡੀਆ ਨੇ ਬੈਟਲਗ੍ਰਾਊਂਡਸ ਮੋਬਾਈਲ ਇੰਡੀਆ ਦਾ ਨਵੀਨਤਮ ਅਪਡੇਟ ਸਿਰਫ ਐਂਡਰਾਇਡ ਡਿਵਾਈਸਾਂ ਲਈ ਜਾਰੀ ਕੀਤਾ ਹੈ। ਜੇਕਰ ਤੁਸੀਂ ਆਈਫੋਨ ਯੂਜ਼ਰ ਹੋ, ਤਾਂ ਤੁਹਾਨੂੰ ਫਿਲਹਾਲ ਇੰਤਜ਼ਾਰ ਕਰਨਾ ਹੋਵੇਗਾ। ਇਸ ਦੇ ਨਾਲ ਹੀ, ਐਂਡਰਾਇਡ ਉਪਭੋਗਤਾਵਾਂ ਨੂੰ ਸਲਾਹ ਦਿੱਤੀ ਗਈ ਕਿ ਤੁਹਾਨੂੰ ਕਿਸੇ ਵੀ ਏਪੀਕੇ ਫਾਈਲਾਂ ਦੇ ਜ਼ਰੀਏ ਨਵੀਨਤਮ ਅਪਡੇਟਸ ਨੂੰ ਡਾਉਨਲੋਡ ਨਹੀਂ ਕਰਨਾ ਚਾਹੀਦਾ, ਕਿਉਂਕਿ ਕਈ




ਖਤਰਨਾਕ ਵਾਇਰਸ ਉਨ੍ਹਾਂ ਦੇ ਜ਼ਰੀਏ ਤੁਹਾਡੇ ਫੋਨ ਵਿੱਚ ਦਾਖਲ ਹੋ ਸਕਦੇ ਹਨ। ਇਸ ਲਈ BGMI ਦੇ ਨਵੀਨਤਮ ਅਪਡੇਟ ਨੂੰ ਡਾਊਨਲੋਡ ਕਰਨ ਲਈ ਤੁਹਾਨੂੰ ਸਿਰਫ਼ ਗੂਗਲ ਪਲੇ ਸਟੋਰ ਦੀ ਵਰਤੋਂ ਕਰਨੀ ਚਾਹੀਦੀ ਹੈ।

**BGMI 3.6 ਅੱਪਡੇਟ ਦੇ ਖਾਸ ਫੀਚਰਸ**

ਨਵੇਂ ਅਪਡੇਟ ਰਾਹੀਂ ਸੈਕਰਡ ਕੁਆਰਟ ਥੀਮ ਮੋਡ BGMI 'ਤੇ ਆ ਰਿਹਾ ਹੈ, ਜਿਸ 'ਚ ਕਈ ਨਵੇਂ ਖੇਤਰ ਅਤੇ ਮੋਡ ਹੋਣਗੇ। ਨਵੇਂ ਅਪਡੇਟ ਦੇ ਨਾਲ ਐਕਵਾ ਡਰੈਗਨ ਨਾਂ ਦਾ ਨਵਾਂ ਫੀਚਰ ਵੀ ਆਵੇਗਾ। ਇਹ ਗੇਮਰਜ਼ ਨੂੰ ਦੁਸ਼ਮਣਾਂ ਤੋਂ ਛੁਪਾ ਦੇਵੇਗਾ। ਗੇਮਰਜ਼ ਦੇ ਨੁਕਸਾਨ ਨੂੰ ਘਟਾ ਕੇ ਇਹ ਉਨ੍ਹਾਂ ਦੇ ਨਾਲ ਹਰ ਜਗ੍ਹਾ ਜਾਵੇਗਾ। ਨਵੇਂ ਅਪਡੇਟ 'ਚ Naturespirit Deer ਨਾਂ ਦਾ ਫੀਚਰ ਵੀ ਆ ਰਿਹਾ ਹੈ। ਇਸ ਦੇ ਜ਼ਰੀਏ, ਗੇਮਰ ਮੁਸ਼ਕਲ ਹਾਲਾਤਾਂ ਵਾਲੇ ਖੇਤਰਾਂ ਤੋਂ ਬਹੁਤ ਤੇਜ਼ੀ ਨਾਲ ਭੱਜ ਸਕਣਗੇ। ਫਿਰ ਚੰਗੀ ਸਥਿਤੀ ਲੱਭਣ ਤੋਂ ਬਾਅਦ ਤੁਸੀਂ ਟੈਲੀਪੋਰਟ ਕਰ ਸਕਦੇ ਹੋ ਅਤੇ ਦੁਸ਼ਮਣਾਂ 'ਤੇ ਹਮਲਾ ਕਰ ਸਕਦੇ ਹੋ।

BGMI ਵਿੱਚ ਨਵੇਂ ਅਪਡੇਟ ਦੇ ਨਾਲ Whirlwind Tiger ਨਾਮ ਦਾ ਇੱਕ ਨਵਾਂ ਫੀਚਰ ਵੀ ਆਵੇਗਾ। ਇਸ ਦੇ ਜ਼ਰੀਏ ਮੰਗਲ ਅਸਮਾਨ 'ਚ ਉੱਡਦੇ ਹੋਏ ਇੱਕ ਜਗ੍ਹਾ ਤੋਂ ਦੂਜੀ ਦੂਰ ਤੱਕ ਜਾ ਸਕਦਾ ਹੈ। ਇਸ ਦੀ ਵਿੰਡਸ਼ੀਲਡ ਕਾਹਲੀ ਵਿੱਚ ਖਰਾਬ ਨਹੀਂ ਹੋਵੇਗੀ। ਫਲੇਮਿੰਗ ਫੀਨਿਕਸ ਨਾਮਕ ਇੱਕ ਨਵੀਂ ਵਿਸ਼ੇਸ਼ਤਾ ਦੀ ਵਰਤੋਂ ਕਰਕੇ ਗੇਮਰ ਪੂਰੇ ਯੁੱਧ ਦੇ ਮੈਦਾਨ ਨੂੰ ਅੱਗ ਲਗਾ ਸਕਦੇ ਹਨ। ਇਸ ਤੋਂ ਇਲਾਵਾ ਨਵੇਂ ਅਪਡੇਟ ਦੇ ਜ਼ਰੀਏ ਇਸ ਗੇਮ 'ਚ ਫਲੋਟਿੰਗ ਆਈਲੈਂਡ ਅਤੇ ਆਟੋਮੈਟਿਕ ਕਾਰ ਡਰਾਈਵਿੰਗ ਵਰਗੇ ਕਈ ਸ਼ਾਨਦਾਰ ਫੀਚਰਸ ਵੀ ਸ਼ਾਮਲ ਹੋਣ ਜਾ ਰਹੇ ਹਨ।

# ਪੁਲਾੜ ਤੋਂ ਕਲਿੱਕ ਕਰ ਸਕਦੇ ਹੋ ਤੁਸੀਂ ਆਪਣੀ ਸੈਲਫ਼ੀ!



## ਗੂਗਲ ਤੇ ਸਾਬਕਾ ਨਾਸਾ ਇੰਜੀਨੀਅਰ ਮਾਰਕ ਰੋਬਰ ਵੱਲੋਂ ਕੀਤਾ ਗਿਆ ਖਾਸ ਪ੍ਰੋਗਰਾਮ ਲਾਂਚ

WORLD PUNJABI NEWS NETWORK ਨਵੀਂ ਦਿੱਲੀ: ਗੂਗਲ ਦੇ ਮਸ਼ਹੂਰ ਯੂਟਿਊਬਰ ਅਤੇ ਸਾਬਕਾ ਨਾਸਾ ਇੰਜੀਨੀਅਰ ਮਾਰਕ ਰੋਬਰ ਨੇ ਆਪਣੀ ਪਾਰਟਨਰਸ਼ਿਪ ਵਿੱਚ ਇੱਕ ਖਾਸ ਪ੍ਰੋਜੈਕਟ ਲਾਂਚ ਕੀਤਾ ਹੈ। ਇਸ ਰਾਹੀਂ ਯੂਜ਼ਰਸ ਨੂੰ ਪੁਲਾੜ 'ਚ ਸੈਲਫ਼ੀ ਕਲਿੱਕ ਕਰਨ ਦਾ ਮੌਕਾ ਮਿਲੇਗਾ। ਇਸ ਪ੍ਰੋਜੈਕਟ ਨੂੰ ਗੂਗਲ ਨੇ CrunchLabs ਅਤੇ T-Mobile ਦੇ ਨਾਲ ਪਾਰਟਨਰਸ਼ਿਪ 'ਚ ਲਾਂਚ ਕੀਤਾ ਹੈ। ਇਹ ਧਰਤੀ 'ਤੇ ਮੌਜੂਦ ਲੋਕਾਂ ਨੂੰ ਪੁਲਾੜ 'ਚ ਭੇਜੇ ਗਏ ਛੋਟੇ ਸੈਟਾਲਾਈਟਾਂ ਦੇ ਰਾਹੀਂ ਸੈਲਫ਼ੀ ਕਲਿੱਕ ਕਰਨ ਦਾ ਮੌਕਾ ਦੇਵੇਗਾ।

ਮਾਰਕ ਰੋਬਰ ਨੇ CubeSat ਸੈਟਾਲਾਈਟ ਤਿਆਰ ਕੀਤਾ ਹੈ, ਜਿਸਨੂੰ SpaceX ਦੇ Falcon 9 ਰਾਕੇਟ ਰਾਹੀਂ ਪੁਲਾੜ 'ਚ ਭੇਜਿਆ ਗਿਆ ਅਤੇ Transporter 12 ਮਿਸ਼ਨ ਦਾ ਹਿੱਸਾ ਬਣਾਇਆ ਗਿਆ ਹੈ। ਇਸ ਸੈਟਾਲਾਈਟ 'ਚ ਇੱਕ ਗੂਗਲ ਪਿਕਸਲ ਡਿਵਾਈਸ ਵੀ ਲਗਾਈ ਗਈ ਹੈ ਜਿਸਦੇ ਡਿਸਪਲੇ 'ਤੇ ਯੂਜ਼ਰਸ ਦੀਆਂ ਤਸਵੀਰਾਂ ਦਿਖਾਈ ਜਾਣਗੀਆਂ ਅਤੇ ਦੂਜੇ ਕੈਮਰਾ ਨਾਲ ਇਸ ਫੋਟੋ ਦੇ ਨਾਲ ਬੈਕਗ੍ਰਾਊਂਡ 'ਚ ਧਰਤੀ ਨੂੰ ਰੱਖਦੇ ਹੋਏ ਤਸਵੀਰ ਕਲਿੱਕ ਕੀਤੀ ਜਾਵੇਗੀ। ਇਹ ਸੈਲਫ਼ੀ ਤੁਹਾਨੂੰ ਮਿਲੇਗੀ ਅਤੇ ਤੁਸੀਂ ਸ਼ੇਅਰ ਵੀ ਕਰ ਸਕੋਗੇ।

**ਸੈਲਫ਼ੀ ਕਰਵਾਉਣ ਲਈ ਫਾਲੋ ਕਰੋ ਇਹ ਸਟੈਪ**

ਸੈਲਫ਼ੀ ਕਰਵਾਉਣ ਲਈ ਸਭ ਤੋਂ ਪਹਿਲਾ ਤੁਹਾਨੂੰ ਆਪਣੀ ਫ਼ੋਟੋ ਸਬਮਿਟ ਕਰਨੀ ਹੋਵੇਗੀ। ਇਸ ਲਈ ਯੂਜ਼ਰਸ ਨੂੰ ਵੈੱਬਸਾਈਟ g.co/pixel/spaceselfie 'ਤੇ ਜਾਣਾ ਹੋਵੇਗਾ ਅਤੇ ਰਜਿਸਟ੍ਰੇਸ਼ਨ ਕਰਨਾ ਹੋਵੇਗਾ। ਇਸ ਦੌਰਾਨ ਤੁਹਾਡੀ ਇਮੇਲ 'ਤੇ ਇੱਕ ਕੋਡ ਭੇਜਿਆ ਜਾਵੇਗਾ। ਇਸ ਕੋਡ ਦੇ ਨਾਲ SpaceSelfie.com 'ਤੇ ਜਾਓ ਅਤੇ ਆਪਣੀ ਫ਼ੋਟੋ ਅਪਲੋਡ ਕਰੋ। ਫ਼ੋਟੋ ਅਪਲੋਡ ਹੋਣ ਤੋਂ ਬਾਅਦ ਤੁਹਾਨੂੰ ਇੰਤਜ਼ਾਰ ਕਰਨਾ ਹੋਵੇਗਾ ਅਤੇ ਮਿਸ਼ਨ ਨਾਲ ਜੁੜੇ ਅਪਡੇਟ ਇਮੇਲ ਰਾਹੀਂ ਦਿੱਤੇ ਜਾਣਗੇ। ਦਾਅਵਾ ਕੀਤਾ ਜਾ ਰਿਹਾ ਹੈ ਕਿ ਸੈਟਾਲਾਈਟ ਯੂਜ਼ਰ ਦੀ ਲੋਕੇਸ਼ਨ ਦੇ ਉਪਰ ਤੋਂ ਜਾਏਗਾ ਅਤੇ ਉਹ ਇੱਕ ਫ਼ੋਟੋ ਕਲਿੱਕ ਕਰੇਗਾ। ਇਸ ਫ਼ੋਟੋ 'ਚ ਸਕ੍ਰੀਨ 'ਤੇ ਯੂਜ਼ਰ ਦੇ ਵੱਲੋਂ ਸਬਮਿਟ ਕੀਤੀ ਗਈ ਸੈਲਫ਼ੀ ਅਤੇ ਬੈਕਗ੍ਰਾਊਂਡ 'ਚ ਧਰਤੀ ਦਿਖਾਈ ਦੇਵੇਗੀ।

**ਇਸ ਦਿਨ ਤੱਕ ਫ਼ੋਟੋ ਨੂੰ ਕਰ ਸਕਦੇ ਹੋ ਸਬਮਿਟ**

ਦੱਸ ਦੇਈਏ ਕਿ ਫ਼ੋਟੋ ਸਬਮਿਟ ਕਰਨ ਦਾ ਯੂਜ਼ਰਸ ਨੂੰ 28 ਫਰਵਰੀ ਤੱਕ ਦਾ ਸਮੇਂ ਦਿੱਤਾ ਗਿਆ ਹੈ। ਇਸ ਲਈ ਤਰੁੰਤ ਉੱਪਰ ਦੱਸੇ ਕਦਮਾਂ ਨੂੰ ਫਾਲੋ ਕਰਕੇ ਤੁਸੀਂ ਵੀ ਪੁਲਾੜ 'ਚ ਸੈਲਫ਼ੀ ਕਲਿੱਕ ਕਰਵਾ ਸਕਦੇ ਹੋ।

# ਭਾਰਤ ਮੋਬਿਲਿਟੀ ਐਕਸਪੋ 2025 ਦਾ ਆਯੋਜਨ 17 ਤੋਂ 22 ਜਨਵਰੀ ਤੱਕ

WORLD PUNJABI NEWS NETWORK ਨਵੀਂ ਦਿੱਲੀ: ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਭਾਰਤ ਮੋਬਿਲਿਟੀ ਐਕਸਪੋ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜੋ ਦੇਸ਼ ਦਾ ਸਭ ਤੋਂ ਵੱਡਾ ਆਟੋ ਸ਼ੋਅ ਹੈ। ਇਹ ਸ਼ੋਅ ਅੱਜ ਸਵੇਰੇ 10:30 ਵਜੇ ਸ਼ੁਰੂ ਹੋਵੇਗਾ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਿੱਲੀ ਦੇ ਭਾਰਤ ਮੰਡਪਮ ਵਿਖੇ ਦੇਸ਼ ਦੇ ਸਭ ਤੋਂ ਵੱਡੇ ਤਕਨੀਕੀ ਸਮਾਗਮ ਭਾਰਤ ਮੋਬਿਲਿਟੀ ਗਲੋਬਲ ਐਕਸਪੋ 2025 ਦਾ ਉਦਘਾਟਨ ਕਰਨਗੇ। ਹਰ ਸਾਲ ਭਾਰਤ ਅਤੇ ਵਿਦੇਸ਼ਾਂ ਦੀਆਂ ਮਸ਼ਹੂਰ ਵਾਹਨ ਨਿਰਮਾਤਾ ਕੰਪਨੀਆਂ ਆਟੋ ਐਕਸਪੋ ਵਿੱਚ ਹਿੱਸਾ ਲੈਂਦੀਆਂ ਹਨ ਅਤੇ ਆਪਣੇ ਉਤਪਾਦਾਂ ਨੂੰ ਪ੍ਰਦਰਸ਼ਿਤ ਕਰਦੀਆਂ ਹਨ। ਭਾਰਤ ਮੋਬਿਲਿਟੀ ਐਕਸਪੋ 2025 ਵਿੱਚ ਆਟੋ ਐਕਸਪੋ, ਟਾਇਰ ਸ਼ੋਅ, ਬੈਟਰੀ ਸ਼ੋਅ, ਮੋਬਿਲਿਟੀ ਟੈਕ, ਸਟੀਲ ਇਨੋਵੇਸ਼ਨ ਅਤੇ ਇੰਡੀਆ ਸਾਈਕਲ ਸ਼ੋਅ ਸ਼ਾਮਲ ਹਨ।

ਇਸ ਸਾਲ ਦਾ ਭਾਰਤ ਮੋਬਿਲਿਟੀ ਐਕਸਪੋ 2025 ਅੱਜ ਤੋਂ ਸ਼ੁਰੂ ਹੋ ਰਿਹਾ ਹੈ। ਪ੍ਰੋਗਰਾਮ ਦਾ ਪਹਿਲਾ ਦਿਨ ਸਿਰਫ ਮੀਡੀਆ ਲਈ ਰਾਖਵਾਂ ਰੱਖਿਆ ਗਿਆ ਹੈ। ਮੀਡੀਆ ਅਤੇ ਡੀਲਰ ਦੋਵੇਂ 18 ਜਨਵਰੀ ਨੂੰ ਹੋਣ ਵਾਲੇ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋ ਸਕਣਗੇ। ਇਸ ਤੋਂ ਬਾਅਦ 19 ਜਨਵਰੀ ਤੋਂ 22 ਜਨਵਰੀ ਤੱਕ ਭਾਰਤ ਮੋਬਿਲਿਟੀ ਐਕਸਪੋ 2025 ਨੂੰ ਆਮ ਲੋਕਾਂ ਲਈ ਖੋਲ੍ਹਿਆ ਜਾਵੇਗਾ। ਭਾਰਤ ਮੋਬਿਲਿਟੀ ਗਲੋਬਲ ਐਕਸਪੋ 2025 ਦੀ ਐਂਟਰੀ ਦਰਸ਼ਕਾਂ ਲਈ ਪੂਰੀ ਤਰ੍ਹਾਂ ਮੁਫਤ ਹੋਵੇਗੀ। ਰਜਿਸਟਰ ਕਰਨ ਦੇ ਚਾਹਵਾਨ ਯਾਤਰੀਆਂ ਨੂੰ www.bharat-mobility.com ਦੇ ਵਿਜ਼ਟਰ ਰਜਿਸਟ੍ਰੇਸ਼ਨ ਸੈਕਸ਼ਨ 'ਤੇ ਜਾਣਾ ਹੋਵੇਗਾ ਅਤੇ ਵੇਰਵੇ ਭਰਨੇ ਹੋਣਗੇ। ਭਾਰਤ ਮੋਬਿਲਿਟੀ ਐਕਸਪੋ 2025 ਤਿੰਨ ਵੱਖ-ਵੱਖ ਥਾਵਾਂ 'ਤੇ ਆਯੋਜਿਤ ਕੀਤਾ ਜਾਵੇਗਾ। ਪਹਿਲਾ ਸਥਾਨ ਭਾਰਤ ਮੰਡਪਮ ਪ੍ਰਗਤੀ ਮੈਦਾਨ, ਦੂਜਾ ਸਥਾਨ ਯਸ਼ੋਭੂਮੀ ਦਵਾਰਕਾ ਅਤੇ ਤੀਜਾ ਸਥਾਨ ਇੰਡੀਆ ਐਕਸਪੋ ਸੈਂਟਰ ਅਤੇ ਮਾਰਟ ਗ੍ਰੇਟਰ ਨੋਇਡਾ ਹੈ। ਪਹਿਲੇ ਦੋ ਸਥਾਨ ਨਵੀਂ ਦਿੱਲੀ ਵਿੱਚ ਹਨ ਅਤੇ ਇੱਕ ਸਥਾਨ ਉੱਤਰ ਪ੍ਰਦੇਸ਼ ਵਿੱਚ ਹੈ। ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸਾਰੀਆਂ ਥਾਵਾਂ 'ਤੇ ਪਬਲਿਕ ਟਰਾਂਸਪੋਰਟ ਰਾਹੀਂ ਆਸਾਨੀ ਨਾਲ ਪਹੁੰਚਿਆ ਜਾ ਸਕਦਾ ਹੈ। ਨਵੀਂ ਦਿੱਲੀ ਦੇ ਪ੍ਰਗਤੀ ਮੈਦਾਨ ਸਥਿਤ ਭਾਰਤ ਮੰਡਪਮ ਵਿਖੇ ਆਟੋ ਐਕਸਪੋ, ਟਾਇਰ ਸ਼ੋਅ, ਬੈਟਰੀ ਸ਼ੋਅ, ਮੋਬਿਲਿਟੀ ਟੈਕ, ਸਟੀਲ ਇਨੋਵੇਸ਼ਨ ਅਤੇ ਇੰਡੀਆ ਸਾਈਕਲ ਸ਼ੋਅ ਦਾ ਆਯੋਜਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਆਟੋ ਐਕਸਪੋ ਕੰਪੋਨੈਂਟਸ ਸ਼ੋਅ 2025 ਦਾ ਆਯੋਜਨ ਯਸ਼ੋਭੂਮੀ, ਦਵਾਰਕਾ, ਨਵੀਂ ਦਿੱਲੀ ਵਿਖੇ ਕੀਤਾ ਜਾਵੇਗਾ, ਜੋ ਕਿ 18 ਜਨਵਰੀ ਤੋਂ 21 ਜਨਵਰੀ ਤੱਕ ਚੱਲੇਗਾ।



19 ਤੋਂ 22 ਜਨਵਰੀ ਤੱਕ ਆਯੋਜਿਤ ਹੋਣ ਵਾਲੇ ਇੰਡੀਆ ਐਕਸਪੋ ਐਂਡ ਮਾਰਟ ਵਿੱਚ ਭਾਰਤ ਨਿਰਮਾਣ ਉਪਕਰਣ ਸ਼ੋਅ ਅਤੇ ਅਰਬਨ ਮੋਬਿਲਿਟੀ ਐਂਡ ਇਨਫਰਾਸਟ੍ਰਕਚਰ ਸ਼ੋਅ ਦਾ ਆਯੋਜਨ ਕੀਤਾ ਜਾਵੇਗਾ। ਭਾਰਤ ਮੋਬਿਲਿਟੀ ਐਕਸਪੋ 2025 ਵਿੱਚ ਸਭ ਤੋਂ ਵੱਧ ਧਿਆਨ ਇਲੈਕਟ੍ਰਿਕ ਵਾਹਨਾਂ, ਸੰਕਲਪ ਵਾਹਨਾਂ, ਸਥਿਰਤਾ ਅਤੇ ਉੱਨਤ ਤਕਨਾਲੋਜੀ 'ਤੇ ਦਿੱਤਾ ਜਾਵੇਗਾ। ਕਾਰ ਨਿਰਮਾਤਾ ਕੰਪਨੀਆਂ ਮਾਰੂਤੀ ਸੁਜ਼ੂਕੀ, ਹੁੰਡਈ, ਟਾਟਾ ਮੋਟਰਜ਼, ਮਹਿੰਦਰਾ, ਪੋਰਸ਼ੇ, ਵੋਲਕਸਵੈਗਨ, ਸਕੋਡਾ, ਟੋਇਟਾ, ਮਰਸਡੀਜ਼ ਬੈਂਜ਼, BMW, ਔਡੀ, ਵਿਨਫਾਸਟ, ਬੀਵਾਈਡੀ, ਐਮਜੀ ਮੋਟਰ ਅਤੇ ਹੋਰ ਕੰਪਨੀਆਂ ਵੱਲ ਵਧੇਰੇ ਧਿਆਨ ਦਿੱਤਾ ਜਾਵੇਗਾ। ਦੋਪਹੀਆ ਵਾਹਨ ਬਣਾਉਣ ਵਾਲੀਆਂ ਕੰਪਨੀਆਂ ਦੀ ਗੱਲ ਕਰੀਏ ਤਾਂ ਸੁਜ਼ੂਕੀ, ਹੀਰੋ ਮੋਟੋਕਾਰਪ, ਟੀਵੀਐਸ ਮੋਟਰ ਕੰਪਨੀ, ਹੌਂਡਾ ਮੋਟਰਸਾਈਕਲ ਇੰਡੀਆ, ਬਜਾਜ ਆਟੋ, ਕੇਟੀਐਮ ਆਦਿ ਵਰਗੀਆਂ ਕੰਪਨੀਆਂ ਇਸ ਸੂਚੀ ਵਿੱਚ ਸ਼ਾਮਲ ਹਨ। ਇਹ ਸਾਰੀਆਂ ਕੰਪਨੀਆਂ ਆਪਣੇ ਆਉਣ ਵਾਲੇ ਉਤਪਾਦਾਂ ਦੇ ਨਾਲ-ਨਾਲ ਸੰਕਲਪ ਮਾਡਲ ਪੇਸ਼ ਕਰਨਗੀਆਂ। ਇਸ ਤੋਂ ਇਲਾਵਾ ਓਲਾ ਇਲੈਕਟ੍ਰਿਕ, ਅਥਰ ਐਨਰਜੀ, ਅਲਟਰਾਵਾਇਲਟ ਅਤੇ ਓਕੀਨਾਵਾ ਵਰਗੇ ਕੁਝ ਇਲੈਕਟ੍ਰਿਕ ਦੋਪਹੀਆ ਵਾਹਨ ਨਿਰਮਾਤਾ ਸ਼ਾਮਲ ਹਨ। ਭਾਰਤ ਮੋਬਿਲਿਟੀ ਐਕਸਪੋ 2025 ਵਿੱਚ ਇਨ੍ਹਾਂ ਉਤਪਾਦਾਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਚਾਰ ਪਹੀਆ ਵਾਹਨਾਂ ਦੀ ਗੱਲ ਕਰੀਏ ਤਾਂ ਇਸ ਈਵੈਂਟ ਵਿੱਚ ਮਾਰੂਤੀ ਸੁਜ਼ੂਕੀ ਈ ਵਿਟਾਰਾ, ਹੁੰਡਈ ਕ੍ਰੇਟਾ ਇਲੈਕਟ੍ਰਿਕ, ਟਾਟਾ ਸਿਏਰਾ ਈਵੀ, ਵਿਨਫਾਸਟ ਵੀਐਫ7, ਵਿਨਫਾਸਟ ਵੀਐਫ9, ਬੀਵਾਈਡੀ ਸੀਲੀਅਨ 7, ਐਮਜੀ ਸਾਈਬਰਸਟਰ, ਐਮਜੀ ਐਮ9 ਸ਼ਾਮਲ ਹਨ। ਦੋਪਹੀਆ ਵਾਹਨਾਂ ਦੀ ਲਾਂਚਿੰਗ ਦੀ ਗੱਲ ਕਰੀਏ ਤਾਂ Hero Xoom 125R, Hero Xoom 160R, TVS ਦੀ ਨਵੀਂ ਐਡਵੈਂਚਰ ਮੋਟਰਸਾਈਕਲ ਅਤੇ ਬਜਾਜ ਆਟੋ ਦੀ ਦੂਜੀ CNG ਮੋਟਰਸਾਈਕਲ ਨੂੰ ਪੇਸ਼ ਕੀਤਾ ਜਾ ਸਕਦਾ ਹੈ।

# ਭਾਰਤ 'ਚ ਨਹੀਂ ਰਿਲੀਜ਼ ਹੋਵੇਗੀ ਦਿਲਜੀਤ ਦੋਸਾਂਝ ਦੀ ਫ਼ਿਲਮ 'Punjab 95' ਯੂ ਟਿਊਬ ਤੋਂ ਹਟਾਇਆ ਟ੍ਰੇਲਰ

ਫਰੀਦਕੋਟ: ਦਿਲ-ਲੁਮਿਨਾਤੀ ਟੂਰ 2024 ਅਧੀਨ ਦੁਨੀਆਂ-ਭਰ ਵਿਚ ਅਪਣੀ ਗਾਇਨ ਕਲਾ ਦਾ ਲੋਹਾ ਮੰਨਵਾਉਣ ਵਿਚ ਸਫ਼ਲ ਰਹੇ ਹਨ ਦਿਲਜੀਤ ਦੋਸਾਂਝ, ਜਿੰਨਾਂ ਦੀ ਫ਼ਿਲਮ 'ਪੰਜਾਬ 95' ਆਖ਼ਿਰਕਾਰ ਰਿਲੀਜ਼ ਲਈ ਤਿਆਰ ਹੈ, ਜੋ ਪਹਿਲੇ ਪੜ੍ਹਾਅ ਅਧੀਨ ਅੰਤਰਰਾਸ਼ਟਰੀ ਪੱਧਰ ਦੇ ਸਿਨੇਮਾਂ ਘਰਾਂ ਵਿੱਚ ਅਪਣੀ ਮੌਜ਼ੂਦਗੀ ਦਰਜ਼ ਕਰਵਾਉਣ ਜਾ ਰਹੀ ਹੈ। ਦੱਸ ਦਈਏ ਕਿ ਇਹ ਫਿਲਾਮ ਭਾਰਤ ਵਿੱਚ ਨਹੀਂ ਰਿਲੀਜ਼ ਹੋਵੇਗੀ। ਭਾਰਤ ਵਿੱਚ ਯੂ ਟਿਊਬ ਤੋਂ ਫਿਲਮ ਦਾ ਟ੍ਰੇਲਰ ਵੀ ਹਟਾ ਦਿੱਤਾ ਗਿਆ ਹੈ। 7 ਫ਼ਰਵਰੀ ਨੂੰ ਸਾਹਮਣੇ ਲਿਆਂਦੀ ਜਾ ਰਹੀ ਉਕਤ ਫ਼ਿਲਮ ਦਾ ਟ੍ਰੇਲਰ ਵੀ ਜਾਰੀ ਕੀਤਾ ਗਿਆ ਸੀ, ਜਿਸ ਨੂੰ ਹਰ ਪਾਸਿਓ ਦਰਸ਼ਕਾਂ ਦਾ ਭਰਵਾਂ ਹੁੰਗਾਰਾਂ ਮਿਲ ਰਿਹਾ ਸੀ। ਮਨੁੱਖੀ ਅਧਿਕਾਰ ਕਾਰਕੁਨ ਰਹੇ ਸਵ: ਜਸਵੰਤ ਸਿੰਘ ਖਾਲੜਾ ਦੇ ਜੀਵਨ ਅਤੇ ਸੰਘਰਸ਼ ਪੜਾਵਾਂ 'ਤੇ ਅਧਾਰਤ, ਇਹ ਫਿਲਮ ਸੈਂਸਰ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਆਫ ਇੰਡੀਆ ਨਾਲ ਵਿਵਾਦ ਕਾਰਨ ਲੰਮੇਂ ਸਮੇਂ ਤੋਂ ਰਿਲੀਜ਼ ਹੋਣ ਦਾ ਪੰਧ ਤੈਅ ਨਹੀਂ ਕਰ ਸਕੀ। ਪਰ ਹੁਣ ਅਗਲੇ ਫਰਵਰੀ ਮਹੀਨੇ ਇਸ ਨੂੰ ਰਿਲੀਜ਼ ਕੀਤੇ ਜਾਣ ਦਾ ਐਲਾਨ ਸਬੰਧਤ ਨਿਰਮਾਣ ਹਾਊਸ ਵੱਲੋ ਕਰ ਦਿੱਤਾ ਹੈ। ਆਲਮੀਪੱਧਰ ਉੱਪਰ ਚਰਚਾ ਦਾ ਕੇਂਦਰ ਬਿੰਦੂ ਬਣੀ ਇਸ ਫ਼ਿਲਮ ਦੇ ਕਈ ਦ੍ਰਿਸ਼ਾਂ ਨੂੰ ਲੈ ਕੇ ਸੀਬੀਐਫਸੀ ਦੁਆਰਾ



ਇਤਰਾਜ਼ ਪ੍ਰਗਟਾਇਆ ਗਿਆ ਸੀ ਅਤੇ 120 ਕੱਟਾਂ ਦੀ ਹਿਦਾਇਤ ਕੀਤੀ ਗਈ ਸੀ, ਪਰ ਫਿਲਮ ਦੇ ਲੀਡ ਅਦਾਕਾਰ ਦਿਲਜੀਤ ਦੋਸਾਂਝ ਨੇ ਜਾਣਕਾਰੀ ਸਾਂਝਿਆ ਕਰਦਿਆ ਦੱਸਿਆ ਹੈ ਕਿ ਫ਼ਿਲਮ ਨੂੰ ਬਿਨ੍ਹਾਂ ਕਿਸੇ ਕੱਟ ਦੇ ਵਿਦੇਸ਼ੀ ਹਿੱਸਿਆਂ ਵਿੱਚ ਰਿਲੀਜ਼ ਕੀਤਾ ਜਾ ਰਿਹਾ ਹੈ। ਆਰਐੱਸਵੀਪੀ ਫ਼ਿਲਮਜ ਦੇ ਬੈਨਰ ਹੇਠ ਬਣਾਈ ਗਈ ਉਕਤ ਫ਼ਿਲਮ ਦਾ ਨਿਰਮਾਣ ਰੋਣੀ ਸਕਰੂਵਾਲਾ ਅਤੇ ਹਨੀ ਤ੍ਰੇਹਨ ਦੁਆਰਾ , ਜਦਕਿ ਨਿਰਦੇਸ਼ਨ ਹਨੀ ਤ੍ਰੇਹਨ ਵੱਲੋ ਕੀਤਾ ਗਿਆ ਹੈ । ਬਿੱਗ ਸੈੱਟਅੱਪ ਅਧੀਨ ਬਣਾਈ ਗਈ ਇਸ ਫ਼ਿਲਮ ਵਿਚ ਦਿਲਜੀਤ ਦੋਸਾਂਝ ਲੀਡ ਰੋਲ ਵਿਚ ਹਨ, ਜਿੰਨਾਂ ਤੋਂ ਇਲਾਵਾ ਅਰੁਜਨ ਰਾਮਪਾਲ, ਸ਼ਵਿੰਦਰ ਵਿੱਕੀ, ਜਗਜੀਤ ਸੰਧੂ ਵੱਲੋ ਵੀ ਮਹੱਤਵਪੂਰਨ ਕਿਰਦਾਰ ਅਦਾ ਕੀਤੇ ਗਏ ਹਨ।

# ਨਵਾਂ ਗੀਤ ਸੰਗੀਤ ਪ੍ਰੇਮੀਆਂ ਦੇ ਸਨਮੁੱਖ ਕਰਨਗੇ ਨਿਰਮਲ ਸਿੱਧੂ

ਚੰਡੀਗੜ੍ਹ: ਪੰਜਾਬੀ ਗਾਇਕੀ ਦੇ ਖੇਤਰ ਵਿੱਚ ਦਹਾਕਿਆਂ ਤੋਂ ਅਪਣੇ ਵਜ਼ੂਦ ਦਾ ਇਜ਼ਹਾਰ ਕਰਵਾਉਂਦੇ ਆ ਰਹੇ ਹਨ ਗਾਇਕ ਅਤੇ ਸੰਗੀਤਕਾਰ ਨਿਰਮਲ ਸਿੱਧੂ, ਜੋ ਲੰਮੇਂ ਸਮੇਂ ਬਾਅਦ ਅਪਣਾ ਨਵਾਂ ਦੋਗਾਣਾ ਗੀਤ ਸੰਗੀਤ ਪ੍ਰੇਮੀਆਂ ਦੇ ਸਨਮੁੱਖ ਕਰਨ ਜਾ ਰਹੇ ਹਨ, ਜੋ ਜਲਦ ਹੀ ਵੱਖ-ਵੱਖ ਸੰਗੀਤਕ ਪਲੇਟਫ਼ਾਰਮ ਉਪਰ ਅਪਣੀ ਪ੍ਰਭਾਵਪੂਰਨ ਮੌਜ਼ੂਦਗੀ ਦਰਜ ਕਰਵਾਏਗਾ। ਸੰਗੀਤਕ ਗਲਿਆਰਿਆਂ ਵਿੱਚ ਖਿੱਚ ਅਤੇ ਚਰਚਾ ਦਾ ਕੇਂਦਰ ਬਿੰਦੂ ਬਣਦੇ ਜਾ ਰਹੇ ਇਸ ਦੋਗਾਣਾ ਗੀਤ ਨੂੰ ਅਵਾਜ਼ਾਂ ਨਿਰਮਲ ਸਿੱਧੂ ਅਤੇ ਸੁਦੇਸ਼ ਕੁਮਾਰੀ ਵੱਲੋਂ ਦਿੱਤੀਆਂ ਗਈਆਂ ਹਨ, ਜਿੰਨ੍ਹਾਂ ਦੁਆਰਾ ਇਸ ਤੋਂ ਪਹਿਲਾਂ ਵੀ ਕਈ ਮਕਬੂਲ ਗਾਣਿਆ ਲਈ ਗਾਇਨ ਕਲੋਬ੍ਰੇਸ਼ਨ ਨੂੰ ਅੰਜ਼ਾਮ ਦਿੱਤਾ ਜਾ ਚੁੱਕਾ ਹੈ। ਵੱਡੇ ਪੱਧਰ ਉੱਪਰ ਸੰਗੀਤਕ ਮਾਰਕੀਟ ਵਿੱਚ ਜਾਰੀ ਕੀਤੇ ਜਾ ਰਹੇ ਉਕਤ ਦੋਗਾਣਾ ਗੀਤ ਦੀ ਰਿਕਾਰਡਿੰਗ ਪ੍ਰਕਿਰਿਆ ਨੂੰ ਇੰਨੀ ਦਿਨੀਂ ਲੰਦਨ ਵਿਖੇ ਪੂਰਾ ਕੀਤਾ ਜਾ ਰਿਹਾ ਹੈ, ਜਾਣਕਾਰੀ ਸਾਂਝੀ ਕਰਦਿਆਂ ਨਿਰਮਲ ਸਿੱਧੂ ਨੇ ਦੱਸਿਆ ਕਿ ਕਾਫ਼ੀ ਲੰਮੇਂ ਵਕਫ਼ੇ ਬਾਅਦ ਸੁਦੇਸ਼ ਕੁਮਾਰੀ ਅਤੇ ਉਨ੍ਹਾਂ ਦੀ ਕਲੋਬ੍ਰੇਟ ਦੋਗਾਣਾ ਗਾਇਕੀ ਦਾ ਸੰਗੀਤ ਪ੍ਰੇਮੀ ਆਨੰਦ ਮਾਣਨਗੇ, ਜਿਸ ਨੂੰ ਬਹੁਤ ਹੀ ਆਧੁਨਿਕ ਸੰਗੀਤ ਸਾਂਚੇ ਵਿੱਚ ਰੰਗਿਆ ਗਿਆ ਹੈ, ਜੋ ਸੰਗੀਤ ਪ੍ਰੇਮੀਆਂ ਅਤੇ ਉਨ੍ਹਾਂ ਦੇ ਚਾਹੁੰਣ ਵਾਲਿਆਂ ਨੂੰ ਨਿਵੇਕਲਾਪਣ ਦਾ ਵੀ ਅਹਿਸਾਸ ਕਰਵਾਏਗਾ। ਓਧਰ ਵਰਕ ਫ੍ਰੰਟ ਦੀ ਗੱਲ ਕੀਤੀ ਜਾਵੇ ਤਾਂ ਬਤੌਰ ਸੋਲੋ ਗਾਇਕ ਵੀ ਸੰਗੀਤਕ ਗਲਿਆਰਿਆਂ ਵਿੱਚ ਚੌਖੀ ਭੱਲ ਸਥਾਪਿਤ ਕਰਨ ਵਿੱਚ ਸਫ਼ਲ ਰਹੇ ਹਨ ਗਾਇਕ ਅਤੇ ਸੰਗੀਤਕਾਰ ਨਿਰਮਲ ਸਿੱਧੂ, ਜੋ ਮਿਆਰੀ ਗਾਇਕੀ ਅਤੇ ਪੁਰਾਤਨ ਲੋਕ ਵੰਨਗੀਆਂ ਨੂੰ ਉਭਾਰਨ ਵਿੱਚ ਵੀ ਲਗਾਤਾਰ ਅਹਿਮ ਭੂਮਿਕਾ ਨਿਭਾਉਂਦੇ ਆ ਰਹੇ ਹਨ।

# ਪੰਜਾਬੀ ਫਿਲਮ 'ਮੇਰੀ ਪਿਆਰੀ ਦਾਦੀ' ਦੀ ਸ਼ੂਟਿੰਗ ਸ਼ੁਰੂ

ਚੰਡੀਗੜ੍ਹ: ਪੰਜਾਬੀ ਸਿਨੇਮਾ ਨੂੰ ਸਾਰਥਿਕ ਅਤੇ ਪ੍ਰਭਾਵੀ ਰੰਗ-ਰੂਪ ਦੇਣ ਵਿੱਚ ਪ੍ਰਤਿਭਾਵਾਨ ਨਿਰਦੇਸ਼ਕ ਤਾਜ ਅਹਿਮ ਭੂਮਿਕਾ ਨਿਭਾ ਰਹੇ ਹਨ, ਜਿੰਨ੍ਹਾਂ ਵੱਲੋਂ ਕੰਟੈਂਟ ਆਧਾਰਿਤ ਫਿਲਮਾਂ ਸਾਹਮਣੇ ਲਿਆਉਣ ਦੇ ਜਾਰੀ ਇਸੇ ਸਿਲਸਿਲੇ ਨੂੰ ਹੋਰ ਵਿਸ਼ਾਲਤਾ ਦੇਣ ਜਾ ਰਹੀ ਹੈ ਉਨ੍ਹਾਂ ਦੀ ਸੈਂਟ ਉਤੇ ਪੁੱਜ ਚੁੱਕੀ ਪੰਜਾਬੀ ਫਿਲਮ 'ਮੇਰੀ ਪਿਆਰੀ ਦਾਦੀ', ਜੋ ਜ਼ੋਰਾਂ-ਸ਼ੋਰਾਂ ਨਾਲ ਮੁੱਢਲੇ ਸਿਰਜਨਾਤਮਕ ਪੜਾਅ ਵੱਲ ਵੱਧ ਚੁੱਕੀ ਹੈ।




'ਐੱਚ.ਐੱਫ. ਪ੍ਰੋਡੋਕਸ਼ਨ' ਦੇ ਬੈਨਰ ਹੇਠ ਬਣਾਈ ਜਾ ਰਹੀ ਅਤੇ 'ਜੈ ਮਾਂ ਫਿਲਮਜ਼' ਦੀ ਇਨ ਹਾਊਸ ਐਸੋਸੀਏਸ਼ਨ ਅਧੀਨ ਵਜ਼ੂਦ ਵਿੱਚ ਲਿਆਂਦੀ ਜਾ ਰਹੀ ਉਕਤ ਫਿਲਮ ਦੇ ਲੇਖਨ ਨੂੰ ਅੰਜ਼ਾਮ ਦੇਣ ਦੇ ਨਾਲ-ਨਾਲ ਨਿਰਦੇਸ਼ਨ ਕਮਾਂਡ ਤਾਜ ਸੰਭਾਲਣਗੇ, ਜੋ ਪੰਜਾਬੀ ਸਿਨੇਮਾ ਦੇ ਬਿਹਤਰੀਨ ਲੇਖਕ ਅਤੇ ਨਿਰਦੇਸ਼ਕ ਵਜੋਂ ਚੋਖੀ ਭੱਲ ਸਥਾਪਿਤ ਕਰ ਲੈਣ ਵਿੱਚ ਵੀ ਕਾਮਯਾਬ ਰਹੇ ਹਨ। ਪਰਿਵਾਰਿਕ ਡ੍ਰਾਮੈਟਿਕ ਅਤੇ ਭਾਵਪੂਰਨ ਕਹਾਣੀ ਅਧਾਰਿਤ ਇਸ ਖੂਬਸੂਰਤ ਫਿਲਮ ਦੁਆਰਾ ਇੱਕ ਹੋਰ ਨਵਾਂ ਚਿਹਰਾ ਸ਼ਬਦ ਪਾਲੀਵੁੱਡ ਵਿੱਚ ਸ਼ਾਨਦਾਰ ਪਾਰੀ ਦਾ ਅਗਾਜ਼ ਕਰੇਗਾ, ਜਿਸ ਤੋਂ ਫਿਲਮ ਦੇ ਹੋਰਨਾਂ ਕਲਾਕਾਰਾਂ ਦੀ ਗੱਲ ਕਰੀਏ ਤਾਂ ਇੰਨ੍ਹਾਂ ਵਿੱਚ ਮਨਪ੍ਰੀਤ ਮਨੀ, ਨਿਰਮਲ ਰਿਸ਼ੀ, ਸੁੱਖੀ ਚਾਹਲ, ਬਲਜਿੰਦਰ ਕੌਰ, ਜੀਤੂ ਸਿਆਂ, ਜਰਨੈਲ ਸਿੰਘ ਆਦਿ ਸ਼ੁਮਾਰ ਹਨ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਸਟਾਰਟ ਟੂ ਫਿਨਿਸ਼ ਸ਼ੈਡਿਊਲ ਅਧੀਨ ਮੁਕੰਮਲ ਕੀਤੀ ਜਾਣ ਵਾਲੀ ਇਸ ਅਰਥ-ਭਰਪੂਰ ਪੰਜਾਬੀ ਫਿਲਮ ਦੇ ਡਾਇਲਾਗ ਸੁੱਖੀ ਢਿੱਲੋਂ ਲਿਖ ਰਹੇ ਹਨ।

# ਆਉਣ ਵਾਲੀ ਫਿਲਮ 'ਚੋਰਾਂ ਨਾਲ ਯਾਰੀਆਂ' ਦੀ ਟੀਮ ਸ਼੍ਰੀ ਕਰਤਾਰਪੁਰ ਪੁੱਜੀ

## ਲਹਿੰਦੇ ਪੰਜਾਬ ਦੇ ਕਲਾਕਾਰਾਂ ਅਤੇ ਕਲਾ ਖੇਤਰ ਸ਼ਖਸ਼ੀਅਤਾਂ ਨੇ ਕੀਤਾ ਗਰਮਜੋਸ਼ੀ ਨਾਲ ਸਵਾਗਤ

ਦੇਸ਼-ਵਿਦੇਸ਼ ਵਿੱਚ ਅਲਹਦਾ ਕੰਟੈਂਟ ਅਤੇ ਮੁਹਾਂਦਰੇ ਨੂੰ ਲੈ ਚਰਚਾ ਅਤੇ ਖਿੱਚ ਦਾ ਕੇਂਦਰ ਬਿੰਦੂ ਬਣੀ ਹੋਈ ਹੈ ਪੰਜਾਬੀ ਫਿਲਮ 'ਚੋਰਾਂ ਨਾਲ ਯਾਰੀਆਂ', ਜਿਸ ਦੀ ਸਟਾਰ-ਕਾਸਟ ਉਚੇਚੇ ਤੌਰ ਉਤੇ ਸ਼੍ਰੀ ਕਰਤਾਰਪੁਰ ਸਾਹਿਬ ਪਹੁੰਚ ਚੁੱਕੀ ਹੈ, ਜਿੱਥੇ ਲਹਿੰਦੇ ਪੰਜਾਬ ਦੇ ਕਲਾਕਾਰਾਂ ਅਤੇ ਕਲਾ ਖੇਤਰ ਸ਼ਖਸ਼ੀਅਤਾਂ ਵੱਲੋਂ ਪੂਰੀ ਟੀਮ ਦਾ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਪਾਕਿ ਧਰਤੀ ਦੇ ਇਸ ਪਵਿੱਤਰ ਮੁਕੱਦਸ ਅਤੇ ਇਤਿਹਾਸਕ ਅਸਥਾਨ ਵਿਖੇ ਨਤਮਸਤਕ ਹੋਏ ਉਕਤ ਫਿਲਮ ਟੀਮ ਮੈਬਰਾਂ 'ਚ ਪ੍ਰਭ ਗਰੇਵਾਲ, ਮਨਰੀਤ ਸਰਾਂ, ਮਲਕੀਤ ਰੌਣੀ, ਗੁਰਪ੍ਰੀਤ ਮੰਡ, ਦਵਿੰਦਰ ਸਿੰਘ, ਨਿਰਮਾਤਾ ਗੁਰਦਿਆਲ ਸਿੰਘ ਸਿੱਧੂ, ਨਿਰਦੇਸ਼ਕ ਨਸੀਬ ਰੰਧਾਵਾ, ਗੁਰਜੀਤ ਚਾਹਲ ਤੋਂ ਇਲਾਵਾ ਸ਼ਮਸ਼ੇਰ ਸਿੰਘ, ਬਲਰਾਜ ਸਿੰਘ, ਰਮਨਦੀਪ ਕੌਰ, ਅਮਿਤੋਜਬੀਰ ਸਿੰਘ, ਤੇਜਕਰਨ ਸਿੰਘ, ਇਕਬਾਲ ਸਿੰਘ ਸੰਧੂ, ਰਮਨਜੀਤ ਕੌਰ, ਅਵਨਤਾਰ ਸਿੰਘ, ਹਰਮਨਦੀਪ ਕੌਰ ਆਦਿ ਸ਼ੁਮਾਰ ਸਨ, ਜਦਕਿ ਦੂਜੇ



ਪਾਸਿਓ ਸਵਾਗਤੀ ਟੀਮ ਦੀ ਅਗਵਾਈ ਹਨੀ ਅਲਬੇਲਾ, ਅੰਜੁਮ ਗਿੱਲ, ਅਹਿਮਦ ਰਜ਼ਾ ਪੰਜਾਬੀ, ਬਾਬਰ ਜਲੰਧਰੀ ਨੇ ਕੀਤੀ ਹੋਇਆ। ਚੜ੍ਹਦੇ ਅਤੇ ਲਹਿੰਦੇ ਪੰਜਾਬ ਦੀ ਇਸ ਕਲਾਕਾਰੀ ਮਿਲਣੀ ਨੂੰ ਲੈ ਕੇ ਦੋਹਾਂ ਪਾਸਿਓ ਕਾਫ਼ੀ ਉਤਸ਼ਾਹ ਅਤੇ ਖੁਸ਼ੀ ਪਾਈ ਜਾ ਰਹੀ ਹੈ, ਜਿਸ ਸੰਬੰਧਤ ਹੀ ਅਪਣੇ ਮਨੀ ਵਲਵਲਿਆਂ ਦਾ ਇਜ਼ਹਾਰ ਲਾਹੌਰੀਏ ਖਿੱਤੇ ਦੀਆਂ ਇੰਨ੍ਹਾਂ ਮੰਨੀਆਂ-ਪ੍ਰਮੰਨੀਆਂ ਸ਼ਖਸ਼ੀਅਤਾਂ ਨੇ ਕਿਹਾ ਕਿ ਦੋਹਾਂ ਵਤਨਾਂ ਦੀ ਇਹ ਕਲਾ ਇਕੱਠਤਾ ਆਪਸੀ ਰਿਸ਼ਤਿਆਂ ਦੇ ਅਨੂਠੇ ਸੁਮੇਲ ਨੂੰ ਦਰਸਾ ਰਹੀ ਹੈ, ਜੋ ਆਪਸੀ ਸਾਂਝ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਵੇਗੀ।

# 'ਰਾਇਲ ਕਿੰਗਜ਼ ਪੰਜਾਬ' ਦੇ ਬ੍ਰਾਂਡ ਅੰਬੈਸਡਰ ਬਣੇ ਗੁਰਪ੍ਰੀਤ ਘੁੱਗੀ




ਚੰਡੀਗੜ੍ਹ: ਪੰਜਾਬੀ ਸਿਨੇਮਾ ਦੇ ਖੇਤਰ ਵਿੱਚ ਕਈ ਨਵੇਂ ਦਿਸਹਿੱਦੇ ਸਿਰਜਣ ਵਿੱਚ ਸਫ਼ਲ ਰਹੇ ਹਨ ਅਦਾਕਾਰ ਅਤੇ ਕਾਮੇਡੀਅਨ ਗੁਰਪ੍ਰੀਤ ਘੁੱਗੀ, ਜਿੰਨ੍ਹਾਂ ਨੂੰ ਸੈਲੀਬ੍ਰਿਟੀ ਕ੍ਰਿਕਟ ਲੀਗ 'ਰਾਇਲ ਕਿੰਗਜ਼ ਪੰਜਾਬ' ਦਾ ਬ੍ਰਾਂਡ ਅੰਬੈਸਡਰ ਨਿਯੁਕਤ ਕੀਤਾ ਗਿਆ ਹੈ, ਜੋ ਇਸ ਲੀਗ ਦੀ ਨੁਮਾਇੰਦਗੀ ਕਰ ਰਹੇ ਪਹਿਲੇ ਪੰਜਾਬੀ ਅਦਾਕਾਰ ਹੋਣਗੇ।

ਹਾਲ ਹੀ ਵਿੱਚ ਅਪਣਾ ਅਧਿਕਾਰਿਤ ਲੋਗੋ ਜਾਰੀ ਕਰਨ ਵਾਲੀ ਰਾਇਲ ਕਿੰਗਜ਼ ਪੰਜਾਬ ਦੀ ਮਾਲਿਕਾਨਾ ਕਮਾਂਡ ਮੋਹਰੀ ਰੀਅਲ ਅਸਟੇਟ ਫਰਮ ਸ਼ੁਭ ਇੰਫਰਾ ਸੰਭਾਲ ਰਹੀ ਹੈ, ਜਿਸ ਦੇ ਨਿਰਦੇਸ਼ਕ ਹਰੀਸ਼ ਗਰਗ ਹਨ, ਜਿੰਨ੍ਹਾਂ ਅਨੁਸਾਰ ਰੋਇਲ ਕਿੰਗਜ਼ ਪੰਜਾਬ ਕ੍ਰਿਕਟ ਪ੍ਰਸ਼ੰਸਕਾਂ ਦੇ ਲਈ ਫਖਰ ਅਤੇ ਜਨੂੰਨ ਦਾ ਪ੍ਰਤੀਕ ਹੈ, ਜੋ ਕ੍ਰਿਕਟ ਨੂੰ ਹੋਰ ਰੁਮਾਂਚ ਭਰਪੂਰ ਬਣਾਉਣ ਲਈ ਲਗਾਤਾਰ ਤਰੱਦਦਸ਼ੀਲ ਹੈ, ਜਿਸ ਨਾਲ ਗੁਰਪ੍ਰੀਤ ਘੁੱਗੀ ਜਿਹੀ ਦਿੱਗਜ ਕਲਾ ਅਤੇ ਸਿਨੇਮਾ ਸ਼ਖਸੀਅਤ ਦਾ ਜੁੜਾਵ ਸਮੂਹ ਪੰਜਾਬੀਆਂ ਨੂੰ ਇਸ ਖੇਡ ਨਾਲ ਜੋੜਨ ਵਿੱਚ ਵੀ ਅਹਿਮ ਭੂਮਿਕਾ ਨਿਭਾਵੇਗਾ। ਦੇਸ਼-ਵਿਦੇਸ਼ ਵਿੱਚ ਰਿਲੀਜ਼ ਹੋਈ ਅਪਣੀ ਪੰਜਾਬੀ ਫਿਲਮ 'ਫ਼ਰਲੋ' ਨੂੰ ਲੈ ਕੇ ਵੀ ਇੰਨੀ ਦਿਨੀਂ ਲਾਈਮਲਾਈਟ ਦਾ ਹਿੱਸਾ ਬਣੇ ਹੋਏ ਹਨ ਅਜ਼ੀਮ ਅਦਾਕਾਰ ਗੁਰਪ੍ਰੀਤ ਘੁੱਗੀ, ਜਿੰਨ੍ਹਾਂ ਵੱਲੋਂ ਨਿਰਮਿਤ ਕੀਤੀ ਗਈ ਇਸ ਅਰਥ-ਭਰਪੂਰ ਫਿਲਮ ਦਾ ਨਿਰਦੇਸ਼ਨ ਵਿਕਰਮ ਗਰੋਵਰ ਦੁਆਰਾ ਕੀਤਾ ਗਿਆ ਹੈ।

ਪਾਲੀਵੁੱਡ ਫਿਲਮ ਉਦਯੋਗ ਵਿੱਚ ਮਜ਼ਬੂਤ ਪੈੜਾਂ ਸਥਾਪਿਤ ਕਰ ਚੁੱਕੇ ਇਹ ਬਾਕਮਾਲ ਅਦਾਕਾਰ ਪਹਿਲੀ ਵਾਰ ਕਿਸੇ ਸੈਲੀਬ੍ਰਿਟੀ ਕ੍ਰਿਕਟ ਲੀਗ ਨਾਲ ਬਤੌਰ ਬ੍ਰਾਂਡ ਅੰਬੈਸਡਰ ਅਪਣੀ ਮੌਜ਼ੂਦਗੀ ਦਰਜ ਕਰਵਾਉਣ ਜਾ ਰਹੇ ਹਨ, ਜੋ ਅਪਣੀ ਇਸ ਨਵੀਂ ਜ਼ਿੰਮੇਵਾਰੀ ਨੂੰ ਲੈ ਕੇ ਕਾਫ਼ੀ ਉਤਸ਼ਾਹਿਤ ਨਜ਼ਰ ਆ ਰਹੇ ਹਨ।

# ਨੀਰੂ ਬਾਜਵਾ ਨਾਲ ਕੰਮ ਕਰਨਾ ਸੁਪਨਾ ਸੱਚ ਹੋਣ ਵਾਂਗ: ਦਿਲਬਰ ਆਰੀਆ

ਜਲੰਧਰ: ਪੰਜਾਬੀ ਫ਼ਿਲਮ ਇੰਡਸਟਰੀ 'ਚ ਇਨ੍ਹੀਂ ਦਿਨੀਂ ਕਾਫ਼ੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ ਕਿਉਂਕਿ ਉੱਭਰਦੀ ਸਟਾਰ ਦਿਲਬਰ ਆਰੀਆ ਤੇ ਪੰਜਾਬੀ ਸਿਨੇਮਾ ਕੁਈਨ ਨੀਰੂ ਬਾਜਵਾ ਨਵੀਂ ਫ਼ਿਲਮ 'ਮਧਾਣੀਆਂ' 'ਚ ਇਕੱਠੀਆਂ ਨਜ਼ਰ ਆਉਣ ਵਾਲੀਆਂ ਹਨ। ਇਹ ਇਕ ਪਰਿਵਾਰਕ ਡਰਾਮਾ ਹੈ, ਜਿਸ 'ਚ ਨੀਰੂ ਬਾਜਵਾ, ਦੇਵ ਖਰੌੜ, ਨਵ ਬਾਜਵਾ ਤੇ ਦਿਲਬਰ ਆਰੀਆ ਮੁੱਖ ਭੂਮਿਕਾਵਾਂ 'ਚ ਹਨ। ਫ਼ਿਲਮ ਦਾ ਨਿਰਦੇਸ਼ਨ ਪੰਜਾਬੀ ਇੰਡਸਟਰੀ ਦੇ ਮਸ਼ਹੂਰ ਨਿਰਦੇਸ਼ਕ ਨਵ ਬਾਜਵਾ ਨੇ ਕੀਤਾ ਹੈ। 'ਮਧਾਣੀਆਂ' ਦਿਲ ਨੂੰ ਛੂਹ ਲੈਣ ਵਾਲੀ ਕਹਾਣੀ ਹੈ, ਜੋ ਪਿਆਰ ਤੇ ਪਰਿਵਾਰ ਦੇ ਆਲੇ-ਦੁਆਲੇ ਘੁੰਮਦੀ ਹੈ। ਆਪਣੀ ਸ਼ਾਨਦਾਰ ਅਦਾਕਾਰੀ ਤੇ ਸ਼ਾਨਦਾਰ ਸਕ੍ਰੀਨ ਮੌਜੂਦਗੀ ਨਾਲ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਣ ਵਾਲੀ ਦਿਲਬਰ ਆਰੀਆ ਪੰਜਾਬੀ ਫ਼ਿਲਮ ਇੰਡਸਟਰੀ 'ਚ ਆਪਣੀ ਵੱਖਰੀ ਪਛਾਣ ਬਣਾ ਰਹੇ ਹਨ। ਆਪਣੀ ਨਵੀਂ ਫ਼ਿਲਮ ਬਾਰੇ ਖ਼ੁਸ਼ੀ ਜ਼ਾਹਿਰ ਕਰਦਿਆਂ ਦਿਲਬਰ ਨੇ ਕਿਹਾ, 'ਫ਼ਿਲਮ 'ਮਧਾਣੀਆਂ' ਇਕ ਅਜਿਹੀ ਕਹਾਣੀ ਹੈ, ਜੋ ਦਿਲਾਂ ਨੂੰ ਛੂਹ ਜਾਵੇਗੀ ਤੇ ਡੂੰਘੀ ਛਾਪ ਛੱਡੇਗੀ। ਨੀਰੂ ਬਾਜਵਾ ਵਰਗੀ ਅਦਾਕਾਰਾ ਨਾਲ ਕੰਮ ਕਰਨਾ, ਜਿਸ ਦੀ ਮੈਂ ਹਮੇਸ਼ਾ ਪ੍ਰਸ਼ੰਸਾ ਕੀਤੀ ਹੈ, ਇਹ ਮੇਰੇ ਲਈ ਇਕ ਸੁਪਨਾ ਹੈ ਤੇ ਉਨ੍ਹਾਂ ਨਾਲ ਸਕ੍ਰੀਨ ਸਾਂਝੀ ਕਰਨਾ ਮੇਰੇ ਲਈ ਪ੍ਰੇਰਨਾ, ਰਚਨਾਤਮਕਤਾ ਤੇ ਸਿੱਖਣ ਦਾ ਇਕ ਮਹਾਨ ਸਫ਼ਰ ਰਿਹਾ ਹੈ। ਮੈਂ ਇਸ ਫ਼ਿਲਮ ਨੂੰ ਆਪਣੇ ਦਿਲ ਦੇ ਬਹੁਤ ਨੇੜੇ ਲਿਆਉਣ ਲਈ ਬਹੁਤ ਉਤਸ਼ਾਹਿਤ ਹਾਂ ਤੇ ਮੈਨੂੰ ਉਮੀਦ




ਹੈ ਕਿ 'ਮਧਾਣੀਆਂ' ਦਰਸ਼ਕਾਂ ਨੂੰ ਰਿਸ਼ਤਿਆਂ ਦੀ ਖ਼ੂਬਸੂਰਤੀ ਦਾ ਅਹਿਸਾਸ ਕਰਵਾਏਗੀ।'' ਇਸ ਐਲਾਨ ਤੋਂ ਬਾਅਦ ਪ੍ਰਸ਼ੰਸਕਾਂ 'ਚ ਭਾਰੀ ਉਤਸ਼ਾਹ ਹੈ। ਦਿਲਬਰ ਆਰੀਆ ਤੇ ਨੀਰੂ ਬਾਜਵਾ ਦੀ ਇਸ ਨਵੀਂ ਜੋੜੀ ਨੂੰ ਵੱਡੇ ਪਰਦੇ 'ਤੇ ਦੇਖਣ ਲਈ ਹਰ ਕੋਈ ਬੇਤਾਬ ਹੈ। ਫ਼ਿਲਮ 'ਚ ਦਮਦਾਰ ਅਦਾਕਾਰੀ, ਦਿਲ ਨੂੰ ਛੂਹ ਲੈਣ ਵਾਲਾ ਸੰਗੀਤ ਤੇ ਇਕ ਡੂੰਘੀ ਕਹਾਣੀ ਪੇਸ਼ ਕੀਤੀ ਜਾਵੇਗੀ, ਜੋ ਇਹ ਸਿਨੇਮਾ ਪ੍ਰੇਮੀਆਂ ਲਈ ਇਕ ਵਧੀਆ ਅਨੁਭਵ ਕਰੇਗੀ। ਇੰਡਸਟਰੀ 'ਚ ਦਿਲਬਰ ਦੀ ਕਾਮਯਾਬੀ ਵਾਕਈ ਸ਼ਲਾਘਾਯੋਗ ਹੈ। ਉਸ ਦੀ ਮਨਮੋਹਕ ਸ਼ਖ਼ਸੀਅਤ, ਬਹੁਮੁਖੀ ਪ੍ਰਤਿਭਾ ਤੇ ਸਖ਼ਤ ਮਿਹਨਤ ਨੇ ਉਸ ਨੂੰ ਸਭ ਤੋਂ ਹੋਣਹਾਰ ਸਿਤਾਰਿਆਂ 'ਚੋਂ ਇਕ ਬਣਾ ਦਿੱਤਾ ਹੈ। ਜਿਵੇਂ-ਜਿਵੇਂ 'ਮਧਾਣੀਆਂ' ਦੀ ਰਿਲੀਜ਼ ਡੇਟ ਨੇੜੇ ਆ ਰਹੀ ਹੈ, ਪ੍ਰਸ਼ੰਸਕ ਇਸ ਫ਼ਿਲਮ ਨੂੰ ਦੇਖਣ ਲਈ ਬੇਤਾਬ ਹਨ। ਇਸ ਫ਼ਿਲਮ 'ਚ ਦਿਲਬਰ ਤੇ ਨੀਰੂ ਦੀ ਜੋੜੀ ਦੇ ਜਾਦੂਈ ਪ੍ਰਦਰਸ਼ਨ ਦਾ ਹਰ ਕੋਈ ਇੰਤਜ਼ਾਰ ਕਰ ਰਿਹਾ ਹੈ।

# ਕੰਵਰ ਗਰੇਵਾਲ ਦੀ ਅਵਾਜ਼ 'ਚ "ਵਿੱਦਿਆ" ਗੀਤ ਹੋਇਆ ਰਿਲੀਜ਼

ਜਲੰਧਰ : ਪੰਜਾਬ ਦੇ ਮਸ਼ਹੂਰ ਸੂਫ਼ੀ ਗਾਇਕ ਕੰਵਰ ਗਰੇਵਾਲ ਦੀ ਆਵਾਜ਼ ਵਿਚ 'ਵਿੱਦਿਆ' ਗੀਤ ਰਿਲੀਜ਼ ਕੀਤਾ ਗਿਆ ਹੈ, ਜੋ ਕਿ ਕਲਗੀਧਰ ਟਰਸਟ ਬੜੂ ਸਾਹਿਬ ਦੁਆਰਾ ਸੰਚਾਲਿਤ ਅਕਾਲ ਅਕੈਡਮੀਆਂ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਗਾਇਕ ਕੰਵਰ ਗਰੇਵਾਲ ਵੱਲੋਂ ਜਾਰੀ ਬਿਆਨ ਰਾਹੀਂ ਦੱਸਿਆ ਗਿਆ ਕਿ ਅਕਾਲ ਅਕੈਡਮੀਆਂ ਬਾਰੇ ਮਹੱਤਵਪੂਰਨ ਜਾਣਕਾਰੀ ਦਿੰਦੇ ਹੋਏ ਇਸ ਗੀਤ ਰਾਹੀਂ ਅਕਾਲ ਅਕੈਡਮੀਆਂ ਦਾ ਦਿਲਕਸ਼ ਤੇ ਆਧੁਨਿਕ ਵਿੱਦਿਅਕ ਢਾਂਚਾ ਦੇਖਣ ਨੂੰ ਮਿਲੇਗਾ। ਉਨ੍ਹਾਂ ਦੱਸਿਆ ਕਿ ਇਹ ਸੰਸਥਾ ਆਪਣੇ 130 ਸਕੂਲਾਂ ਰਾਹੀਂ 70 ਹਜ਼ਾਰ ਬੱਚਿਆ ਨੂੰ ਵਿੱਦਿਆ ਦੇ ਰਹੀ ਹੈ, ਜਿੱਥੇ ਅੱਜ ਦੇ ਸਮੇਂ ਵਿੱਚ ਅਧਿਆਤਮਿਕ ਤੇ ਦੁਨਿਆਵੀ ਗਿਆਨ ਦੀ ਜ਼ਰੂਰਤ ਹੈ ਅਤੇ ਅਕਾਲ ਅਕੈਡਮੀਆਂ ਇਸ ਕਿਰਤ ਨੂੰ ਬੜੇ ਉੱਦਮ ਅਤੇ ਸਮਰੱਥਾ ਨਾਲ ਪੂਰਾ ਕਰ ਰਹੀਆਂ ਹਨ। ਕੰਵਰ ਗਰੇਵਾਲ ਨੇ ਅੱਗੇ ਦੱਸਿਆ ਕਿ ਬੜੂ ਸਾਹਿਬ ਦੁਆਰਾ ਸੰਚਾਲਿਤ ਇਨ੍ਹਾਂ ਅਕੈਡਮੀਆਂ ਵਿਚ ਅਨੇਕਾਂ ਹੀ ਬੱਚੇ ਉੱਚ-ਕੋਟੀ ਦੀ ਵਿੱਦਿਆ ਹਾਸਲ ਕਰ ਕੇ ਜੱਜ, ਆਈ.ਏ.ਐੱਸ. ਅਫਸਰ, ਡਾਕਟਰ, ਇੰਜੀਨੀਅਰ ਅਤੇ ਹੋਰ ਵੱਡੇ-ਵੱਡੇ ਅਹੁਦਿਆਂ 'ਤੇ ਸੇਵਾਵਾਂ ਨਿਭਾਅ ਰਹੇ ਹਨ। ਅਕਾਲ ਅਕੈਡਮੀਆਂ ਦੇ ਇਸ



ਸ਼ਲਾਘਾਯੋਗ ਕਦਮ ਨਾਲ, ਨਾ ਸਿਰਫ ਪੰਜਾਬੀ ਸਮਾਜ, ਸਗੋਂ ਸਾਰੇ ਸੰਸਾਰ ਵਿਚ ਵਿੱਦਿਆ ਦੇ ਅਧਿਆਤਮਿਕ ਅਤੇ ਦੁਨਿਆਵੀ ਸੁਮੇਲ ਰਾਹੀਂ ਸੁਧਾਰ ਲਿਆਂਦਾ ਜਾ ਰਿਹਾ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਨਵੀਂ ਦਿਸ਼ਾ ਮਿਲ ਰਹੀ ਹੈ। ਇਸ ਗੀਤ ਦੀ ਰਿਲੀਜ਼ ਦੁਆਰਾ, ਬੜੂ ਸਾਹਿਬ ਦੇ ਉਦੇਸ਼ ਅਤੇ ਅਕਾਲ ਅਕੈਡਮੀਆਂ ਦੀ ਮਹੱਤਤਾ ਨੂੰ ਜਨਮਾਨਸ ਵਿੱਚ ਬਹੁਤ ਹੀ ਸੋਹਣੇ ਢੰਗ ਨਾਲ ਪੇਸ਼ ਕੀਤਾ ਗਿਆ ਹੈ।

# ਸਾਈਬਰ ਕਰਾਈਮ ਬਣਿਆ ਵੱਡੀ ਚੁਣੌਤੀ




ਪੰਜਾਬੀਆਂ ਨੂੰ ਸੰਸਾਰ ਦੇ ਵਧੀਆ ਕਿਸਾਨ ਅਤੇ ਜਵਾਨ ਸਮਝਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਉਹ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਵਿੱਚ ਵਿਸ਼ਵਾਸ ਰੱਖਦੇ ਸਨ। ਪਰ ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ ਕਿ ਉਨ੍ਹਾਂ ਵਿੱਚੋਂ ਕੁਝ ਹੌਲੀ-ਹੌਲੀ ਇਨ੍ਹਾਂ ਗੁਣਾਂ ਨੂੰ ਤਿਆਗ, ਕਿਸੇ ਹੋਰ ਹੀ ਰਾਹ ਵੱਲ ਤੁਰ ਰਹੇ ਹਨ। ਪੰਜਾਬ ਵਿੱਚ ਭ੍ਰਿਸ਼ਟਾਚਾਰ, ਮਿਲਾਵਟ ਅਤੇ ਬੇਈਮਾਨੀ ਪੈਰ ਪਸਾਰ ਰਹੇ ਹਨ। ਦੁੱਧ, ਲੱਸੀ, ਪੀਣ ਵਾਲੇ ਨਸ਼ਿਆਂ ਵੱਲ ਮੁੱਖ ਮੋੜ ਰਹੇ ਹਨ। ਹੁਣ ਜਿਹੜੀ ਨਵੀਂ ਬਿਮਾਰੀ ਸੰਸਾਰ ਨੂੰ ਆਪਣੀ ਲਪੇਟ ਵਿੱਚ ਲੈ ਰਹੀ ਹੈ, ਉਸ ਵਿੱਚ ਵੀ ਪੰਜਾਬੀ ਪਿੱਛੇ ਨਹੀਂ ਰਹੇ। ਇਹ ਨਵੀਂ ਬਿਮਾਰੀ, ਜਿਸ ਨੂੰ ਸਾਈਬਰ ਕਰਾਈਮ ਆਖਿਆ ਜਾਂਦਾ ਹੈ, ਪੰਜਾਬ ਵਿੱਚ ਵੀ ਪੈਰ ਪਸਾਰ ਰਹੀ ਹੈ। ਮੈਨੂੰ ਇਹ ਲਿਖਣ ਲਈ ਮਜਬੂਰ ਇਸ ਕਰ ਕੇ ਹੋਣਾ ਪਿਆ ਕਿ ਕੁਝ ਦਿਨ ਪਹਿਲਾਂ ਹੀ ਸਾਡੇ ਗੁਆਂਢੀ ਪਰਿਵਾਰ ਨੂੰ 17 ਲੱਖ ਦਾ ਚੂਨਾ ਲੱਗਿਆ ਹੈ। ਉਨ੍ਹਾਂ ਦਾ ਪੁੱਤਰ ਕੈਨੇਡਾ ਵਿੱਚ ਹੈ। ਉਸ ਦਿਨ ਮਾਂ ਘਰ ਇਕੱਲੀ ਹੀ ਸੀ। ਉਹ ਅਧਿਆਪਕਾ ਹੈ। ਪੁੱਤਰ ਦੀ ਆਵਾਜ਼ ਬਣਾ ਕੇ ਕਿਸੇ ਨੇ ਉਸ ਨੂੰ ਫੋਨ ਕੀਤਾ ਤੇ ਆਪਣੀ ਬੁਰੀ ਹਾਲਤ ਬਿਆਨ ਕਰਦਿਆਂ ਛੇਤੀ ਪੈਸੇ ਭੇਜਣ ਦੀ ਬੇਨਤੀ ਕੀਤੀ। ਇੱਥੋਂ ਤੱਕ ਆਖਿਆ ਕਿ ਜੇਕਰ ਅੱਜ ਪੈਸੇ ਨਾ ਪਹੁੰਚੇ ਤਾਂ ਉਸ ਨੂੰ ਜੇਲ੍ਹ ਵੀ ਹੋ ਸਕਦੀ ਹੈ। ਆਪਣਾ ਬੈਂਕ ਅਤੇ ਖਾਤਾ ਵੀ ਦੱਸ ਦਿੱਤਾ ਜਿੱਥੇ ਪੈਸੇ ਭੇਜਣੇ ਸਨ। ਮਾਂ ਵਿਚਾਰੀ ਘਬਰਾ ਗਈ। ਬੈਂਕ ਵਿੱਚ ਜਾ ਕੇ ਆਪਣੀਆਂ ਐੱਫਡੀਜ਼ ਤੁੜਵਾਈਆਂ ਤੇ ਬਿਨਾਂ ਸੋਚੇ ਸਮਝੇ ਪੈਸੇ ਭੇਜ ਦਿੱਤੇ। ਰਾਤ ਨੂੰ ਪੁੱਤਰ ਦਾ ਫੋਨ ਆਇਆ ਤਾਂ ਮਾਂ ਨੇ ਪੁੱਛਿਆ, "ਪੁੱਤਰ, ਪੈਸੇ ਮਿਲ ਗਏ ਤੇ ਤੇਰੀ ਮੁਸੀਬਤ ਟਲ ਗਈ?" ਪੁੱਤਰ ਹੈਰਾਨ ਸੀ। ਉਸ ਨੇ ਪੁੱਛਿਆ, "ਕਿਹੜੀ ਮੁਸੀਬਤ ਤੇ ਕਿਹੜੇ ਪੈਸੇ?" ਮਾਂ ਨੇ ਸਾਰੀ ਗੱਲ ਦੱਸੀ ਤਾਂ ਉਸ ਨੂੰ ਪਤਾ ਲੱਗਾ ਕਿ ਉਹ ਠੱਗੇ ਗਏ ਹਨ।

ਕੁਝ ਦਿਨ ਪਹਿਲਾਂ ਮੇਰੇ ਨਾਲ ਵੀ ਕੁਝ ਅਜਿਹਾ ਹੋਇਆ ਸੀ। ਮੈਨੂੰ ਸਵੇਰੇ ਕੋਈ 10 ਕੁ ਵਜੇ ਫੋਨ ਆਇਆ। ਮੈਂ ਫੋਨ ਚੁੱਕਿਆ ਤੇ ਅੱਗੋਂ ਆਵਾਜ਼ ਆਈ, "ਡਾ. ਰਣਜੀਤ ਸਿੰਘ ਜੀ ਬੋਲ ਰਹੇ ਹਨ?" ਮੈਂ ਸੋਚਿਆ ਮੇਰਾ ਕੋਈ ਪਾਠਕ ਹੋਵੇਗਾ ਕਿਉਂਕਿ ਦਿਨ ਵਿੱਚ ਅਜਿਹੇ ਕਈ ਫੋਨ ਆਉਂਦੇ ਹਨ। ਮੇਰੇ 'ਹਾਂ' ਕਹਿਣ 'ਤੇ ਉਹ ਆਖਣ ਲੱਗਾ, "ਡਾ. ਸਾਹਿਬ, ਮੈਂ ਤੁਹਾਡਾ ਬਹੁਤ ਪੁਰਾਣਾ ਪਾਠਕ ਹਾਂ, ਵੈਸੇ ਤੁਹਾਡਾ ਪੁੱਤਰ ਕਿੱਥੇ ਕੰਮ ਕਰਦਾ ਹੈ?" ਮੈਨੂੰ ਜਾਪਿਆ ਕਿ ਮੇਰਾ ਕੋਈ ਜਾਣੂ ਹੋਵੇਗਾ। ਇਸ ਕਰ ਕੇ ਮੈਥੋਂ ਦੱਸਿਆ ਗਿਆ। ਇੱਥੇ ਇਹ ਦੱਸਣਾ ਵੀ ਉਚਿਤ ਹੋਵੇਗਾ ਕਿ ਉਹ ਠੇਠ ਪੰਜਾਬੀ ਬੋਲ ਰਿਹਾ ਸੀ। ਉਸ ਨੇ ਅੱਗੋਂ ਦੱਸਿਆ, "ਮੈਂ ਦਿੱਲੀ ਪੁਲੀਸ ਤੋਂ ਬੋਲ ਰਿਹਾ ਹਾਂ। ਤੁਹਾਡਾ ਪੁੱਤਰ ਇੱਕ ਗੰਭੀਰ ਕੇਸ ਵਿੱਚ ਫਸ ਗਿਆ ਹੈ।" ਜਦੋਂ ਮੈਂ ਪੁੱਛਿਆ ਕਿ ਕਿਹੜੇ ਕੇਸ ਵਿੱਚ ਫਸ ਗਿਆ ਤਾਂ ਉਸ ਨੇ ਆਖਿਆ, "ਉਹ ਆਪਣੇ ਦਫ਼ਤਰ ਜਾ ਰਿਹਾ ਸੀ ਕਿ ਰਾਹ ਵਿੱਚ ਕਿਸੇ ਨੇ ਉਸ ਤੋਂ ਲਿਫ਼ਟ ਮੰਗੀ ਤਾਂ ਤੁਹਾਡੇ ਪੁੱਤਰ ਨੇ ਉਸ ਨੂੰ ਆਪਣੀ ਗੱਡੀ ਵਿੱਚ ਬਿਠਾ ਲਿਆ। ਅਸੀਂ ਨਾਕੇ 'ਤੇ ਜਦੋਂ ਕਾਰ ਦੀ ਤਲਾਸ਼ੀ ਲਈ ਤਾਂ ਉਸ ਬੰਦੇ ਕੋਲੋਂ ਨਸ਼ੇ ਦੀਆਂ ਪੁੜੀਆਂ ਮਿਲੀਆਂ। ਅਸੀਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਕਿਉਂਕਿ ਉਹ ਤੁਹਾਡੇ ਪੁੱਤਰ ਦੀ ਗੱਡੀ ਵਿੱਚ ਸੀ, ਇਸ ਕਰ ਕੇ ਉਸ ਨੂੰ ਵੀ ਗ੍ਰਿਫ਼ਤਾਰ ਕਰਨਾ ਪਿਆ। ਮੈਂ ਤੁਹਾਨੂੰ ਇਸ ਕਰ ਕੇ ਫੋਨ ਕੀਤਾ ਕਿ ਤੁਸੀਂ ਸ਼ਰੀਫ ਆਦਮੀ ਹੋ, ਸਮਾਜ ਵਿੱਚ ਤੁਹਾਡੀ ਇੱਜ਼ਤ ਹੈ ਤੇ ਤੁਹਾਡਾ ਪੁੱਤਰ ਵੀ ਚੰਗੇ ਅਹੁਦੇ ਉੱਤੇ ਹੈ। ਜੇਕਰ ਉਸ ਨੂੰ ਸਜ਼ਾ ਹੋ ਗਈ ਤਾਂ ਜ਼ਿੰਦਗੀ ਬਰਬਾਦ ਹੋ ਜਾਵੇਗੀ।" ਮੈਂ ਆਖਿਆ, "ਬੇਟੇ ਨਾਲ ਮੇਰੀ ਗੱਲ ਕਰਾਓ।" ਉਸ ਨੇ ਆਖਿਆ, "ਲਓ ਕਰੋ।" ਫੋਨ 'ਤੇ ਕੋਈ ਰੋਂਦਾ ਹੋਇਆ ਆਖ ਰਿਹਾ ਸੀ, "ਡੈਡੀ ਮੈਨੂੰ ਬਚਾ ਲਵੋ"। ਫਿਰ ਉਹ ਉੱਚੀ-ਉੱਚੀ ਰੋਣ ਲੱਗ ਪਿਆ।" ਮੈਂ ਉਸ ਨੂੰ ਤਸੱਲੀ ਦਿੱਤੀ, "ਤੂੰ ਫ਼ਿਕਰ ਨਾ ਕਰ ਮੈਂ ਤੈਨੂੰ ਕੁਝ ਨਹੀਂ ਹੋਣ ਦਿੰਦਾ।" ਮੈਂ ਫ਼ੋਨ ਕਰਨ ਵਾਲੇ ਨੂੰ ਪੁੱਛਿਆ ਕਿ ਹੁਣ ਕੀ ਕੀਤਾ ਜਾਵੇ? ਉਹ ਆਖਣ ਲੱਗਾ, "ਸਾਡਾ ਸਾਹਿਬ ਪਰ੍ਹੇ ਖੜ੍ਹਾ ਹੈ, ਮੈਂ ਉਸ ਨਾਲ ਗੱਲ ਕਰਦਾਂ ਹਾਂ ਪਰ ਤੁਸੀਂ ਫੋਨ ਬੰਦ ਨਹੀਂ ਕਰਨਾ।" ਦੋ ਕੁ ਮਿੰਟ ਪਿੱਛੋਂ ਉਹ ਮੁੜ ਆਖਣ ਲੱਗਾ, "ਮੈਂ ਸਾਹਿਬ ਨੂੰ ਬੜੀ ਮੁਸ਼ਕਿਲ ਨਾਲ ਮਨਾਇਆ, ਚਾਰ ਲੱਖ ਮੰਗ ਰਿਹੈ।" ਮੈਂ ਆਖਿਆ, "ਮੇਰੇ ਕੋਲ ਇੰਨੇ ਪੈਸੇ ਤਾਂ ਨਹੀਂ ਹਨ।" ਉਹ ਕਹਿੰਦਾ, "ਤੁਸੀਂ ਕਿੰਨੇ ਦੇਵੋਗੇ?" ਮੈਂ ਆਖਿਆ, "ਮੈਂ ਤਾਂ ਦੋ ਲੱਖ ਹੀ ਦੇ ਸਕਦਾ ਹਾਂ।"

ਥੋੜ੍ਹੀ ਦੇਰ ਪਿੱਛੋਂ ਉਹ ਆਖਣ ਲੱਗਾ, "ਮੈਂ ਬੜੀ ਮੁਸ਼ਕਿਲ ਨਾਲ ਮਨਾਇਆ। ਤੁਸੀਂ ਇੰਝ ਕਰੋ ਮੈਂ ਤੁਹਾਨੂੰ ਬੈਂਕ ਤੇ ਖਾਤਾ ਨੰਬਰ ਦੱਸਦਾਂ ਹੁਣੇ ਪੈਸੇ ਭੇਜ ਦੇਵੋ ਪਰ ਫੋਨ ਬੰਦ ਨਹੀਂ ਕਰਨਾ। ਤੁਸੀਂ ਫੋਨ ਬੰਦ ਕਰ ਦਿੱਤਾ ਤਾਂ ਸਾਹਿਬ ਨੇ ਚਲਾਨ ਕਰ ਦੇਣਾ, ਫਿਰ ਮੈਂ ਕੁਝ ਨਹੀਂ ਕਰ ਸਕਦਾ।" ਉਸ ਨੇ ਦਵਾਰਕਾ ਦੇ ਇੱਕ ਬੈਂਕ ਦਾ ਨੰਬਰ ਲਿਖਵਾਇਆ ਤੇ ਖਾਤਾਧਾਰਕ ਕੋਈ ਔਰਤ ਸੀ। ਖੁਸ਼ਕਿਸਮਤੀ ਸਮਝੋ ਕਿ ਮੈਨੂੰ ਮੋਬਾਈਲ ਰਾਹੀਂ ਪੈਸੇ ਭੇਜਣੇ ਨਹੀਂ ਆਉਂਦੇ। ਮੈਂ ਆਖਿਆ, "ਕੁਝ ਸਮਾਂ ਲੱਗੇਗਾ ਮੈਂ ਆਪਣੇ ਬੈਂਕ ਜਾ ਕੇ ਪੈਸੇ ਭੇਜਦਾ ਹਾਂ।" ਉਹ ਆਖਣ ਲੱਗਾ, "ਏਨੀ ਦੇਰ ਸਾਹਿਬ ਨੇ ਉਡੀਕ ਨਹੀਂ ਕਰਨੀ, ਪੈਸੇ ਤਾਂ ਹੁਣੇ ਭੇਜੋ, ਨਹੀਂ ਤਾਂ ਚਲਾਨ ਭਰਿਆ ਜਾਵੇਗਾ।" ਮੈਂ ਬੇਨਤੀ ਕੀਤੀ, "ਮੈਨੂੰ ਫੋਨ ਰਾਹੀਂ ਪੈਸੇ ਭੇਜਣੇ ਨਹੀਂ ਆਉਂਦੇ, ਮੇਰੀ ਮਜਬੂਰੀ ਹੈ।" ਉਹ ਆਖਣ ਲੱਗਾ, "ਗੁਆਂਢੀ ਰਾਹੀਂ ਭਿਜਵਾ ਦੇਵੋ।" ਮੇਰੀ ਮਜਬੂਰੀ ਸੀ। ਉਹ ਨਾ ਮੰਨਿਆ ਤਾਂ ਮੈਨੂੰ ਸ਼ੱਕ ਹੋ ਗਿਆ ਤੇ ਮੈਂ ਆਖ ਬੈਠਾ, "ਜਿਸ ਤਰ੍ਹਾਂ ਤੁਸੀਂ ਕਰ ਰਹੇ ਹੋ, ਮੈਨੂੰ ਤਾਂ ਫਰਾਡ ਲੱਗਦਾ ਹੈ।" ਇਹ ਸੁਣ ਕੇ ਉਸ ਨੇ ਫੋਨ ਬੰਦ ਕਰ ਦਿੱਤਾ। ਉਦੋਂ ਹੀ ਮੈਂ ਆਪਣੇ ਬੇਟੇ ਨੂੰ ਫੋਨ ਮਿਲਾਇਆ। ਉਸ ਨੇ ਦੱਸਿਆ ਕਿ ਉਹ ਤਾਂ ਆਪਣੇ ਦਫ਼ਤਰ ਵਿੱਚ ਹੈ ਤੇ ਅਜਿਹੀ ਕੋਈ ਘਟਨਾ ਨਹੀਂ ਹੋਈ। ਮੈਂ ਸ਼ੁਕਰ ਕੀਤਾ ਕਿ ਮੈਂ ਆਪਣੇ ਆਪ ਨੂੰ ਕੋਸਦਾ ਹੁੰਦਾ ਸਾਂ ਕਿ ਮੈਨੂੰ ਮੋਬਾਈਲ ਰਾਹੀਂ ਪੇਮੈਂਟ ਕਰਨੀ ਨਹੀਂ ਆਉਂਦੀ ਜੋ ਸਿੱਖਣੀ ਚਾਹੀਦੀ ਹੈ। ਉਸ ਦਿਨ ਇਹ ਕੰਮ ਨਾ ਆਉਣਾ ਮੇਰੇ ਲਈ ਵਰਦਾਨ ਬਣ ਗਿਆ।

ਕੁਝ ਦਿਨ ਪਹਿਲਾਂ ਰਾਤ ਦੇ ਦਸ ਕੁ ਵਜੇ ਵਟਸਐਪ 'ਤੇ ਫੋਨ ਆਇਆ, ਮੇਰੇ 'ਹੈਲੋ' ਆਖਣ 'ਤੇ ਉਹ ਬੋਲਿਆ, "ਮਾਮਾ ਜੀ ਸਤਿ ਸ੍ਰੀ ਅਕਾਲ, ਕੈਨੇਡਾ ਤੋਂ ਬੋਲ ਰਿਹਾ ਹਾਂ। ਪਹਿਚਾਣਿਆ ਮੈਨੂੰ।" ਮੈਂ ਆਖਿਆ, "ਕੋਸ਼ਿਸ਼ ਕਰ ਰਿਹਾਂ, ਪਰ ਯਾਦ ਨਹੀਂ ਆ ਰਿਹਾ।" ਉਹ ਬੋਲਿਆ, "ਕੋਸ਼ਿਸ਼ ਕਰੋ।"

ਮੇਰੀ ਇੱਕ ਦੂਰ ਦੀ ਭੈਣ ਦੇ ਬੱਚੇ ਉੱਥੇ ਰਹਿੰਦੇ ਹਨ, ਮੈਂ ਸੋਚਿਆ ਉਹੀ ਹੋਣਗੇ।

ਮੈਂ ਪੁੱਛਿਆ, "ਕੁਲਵੰਤ ਬੋਲ ਰਿਹੈਂ?"

"ਮਾਮਾ ਜੀ, ਤੁਸੀਂ ਪਛਾਣ ਹੀ ਲਿਆ।"

"ਤੁਹਾਨੂੰ ਮਿਲਿਆਂ ਬਹੁਤ ਸਾਲ ਹੋ ਗਏ। ਇਸ ਉਮਰ ਵਿੱਚ ਕਿੱਥੇ ਯਾਦ ਰਹਿੰਦੈ।"

"ਹੋਰ ਮਾਮਾ ਜੀ ਮਾਮੀ ਜੀ ਠੀਕ ਹਨ?"

"ਬਿਲਕੁਲ ਠੀਕ ਹਨ।"

"ਮਾਮਾ ਜੀ, ਮੇਰਾ ਇੱਕ ਕੰਮ ਕਰੋ।"

"ਦੱਸ ਕੀ ਕਰਨੈ ?"

"ਮੈਂ ਤੁਹਾਨੂੰ ਕੁਝ ਪੈਸੇ ਭੇਜਣੇ ਹਨ। ਆਪਣਾ ਬੈਂਕ ਦਾ ਖਾਤਾ ਨੰਬਰ ਭੇਜੋ।"

"ਮੈਨੂੰ ਕਿਉਂ ਭੇਜਣੇ ਹਨ? ਆਪਣੇ ਘਰਦਿਆਂ ਨੂੰ ਭੇਜ।"

"ਨਹੀਂ, ਮੈਂ ਉਨ੍ਹਾਂ ਨੂੰ ਨਹੀਂ ਭੇਜਣੇ। ਮੈਂ ਅਗਲੇ ਮਹੀਨੇ ਆਉਣਾ ਹੈ ਤੇ ਤੁਹਾਡੇ ਤੋਂ ਲੈ ਲਵਾਂਗਾ।"

"ਨਹੀਂ ਬਈ, ਮੈਂ ਬੁੱਢੇ ਵਾਰੇ ਇਸ ਝੰਜਟ ਵਿੱਚ ਨਹੀਂ ਪੈਣਾ। ਨਾਲੇ ਮੈਨੂੰ ਹੁਣ ਖਾਤਾ ਨੰਬਰ ਵੀ ਜ਼ੁਬਾਨੀ ਯਾਦ ਨਹੀਂ।"

"ਪਲੀਜ਼ ਮਾਮਾ ਜੀ, ਇੰਝ ਨਾ ਕਰੋ। ਮੈਨੂੰ ਤੁਹਾਡੇ ਨਾਲ ਬਹੁਤ ਲਗਾਅ ਹੈ।"

"ਮੇਰੀ ਮਜਬੂਰੀ ਹੈ। ਇਸ ਵੇਲੇ ਰਾਤ ਨੂੰ ਮੈਂ ਪਾਸ ਬੁੱਕ ਕਿੱਥੋਂ ਲੱਭਦਾ ਫਿਰਾਂਗਾ!"

"ਅੱਛਾ ਮਾਮਾ ਜੀ, ਮੈਨੂੰ ਤਾਂ ਤੁਹਾਡੇ 'ਤੇ ਬਹੁਤ ਉਮੀਦ ਸੀ।"

"ਮੇਰੀ ਮਜਬੂਰੀ ਹੈ ਬੇਟਾ, ਸਤਿ ਸ੍ਰੀ ਅਕਾਲ।"

ਸ਼ਾਇਦ ਮੈਂ ਖਾਤਾ ਨੰਬਰ ਦੱਸ ਵੀ ਦਿੰਦਾ, ਪਰ ਕੋਸ਼ਿਸ਼ ਕਰਨ 'ਤੇ ਵੀ ਮੈਨੂੰ ਆਪਣਾ ਖਾਤਾ ਨੰਬਰ ਯਾਦ ਨਹੀਂ ਰਹਿੰਦਾ ਕਿਉਂਕਿ ਹੁਣ ਕਾਫ਼ੀ ਲੰਮੇ ਨੰਬਰ ਹੋ ਗਏ ਹਨ। ਇੱਥੇ ਵੀ ਮੇਰੀ ਯਾਦਦਾਸ਼ਤ ਦੀ ਕਮਜ਼ੋਰੀ ਮੇਰੀ ਸਹਾਇਕ ਬਣੀ।

ਜੋ ਵੀ ਹੈ, ਪੰਜਾਬੀਆਂ ਦਾ ਇਸ ਪਾਸੇ ਤੁਰਨਾ ਬਹੁਤ ਹੀ ਬੁਰਾ ਹੈ। ਦੁਨੀਆ ਦਾ ਸ਼ਾਇਦ ਹੀ ਕੋਈ ਅਜਿਹਾ ਭੈੜ ਹੋਵੇਗਾ ਜਿਸ ਨੂੰ ਸਾਡੀ ਨਵੀਂ ਪੀੜ੍ਹੀ ਨਹੀਂ ਅਪਣਾ ਰਹੀ। ਵਿਦੇਸ਼ ਤੋਂ ਨਿੱਤ ਖ਼ਬਰਾਂ ਮਿਲਦੀਆਂ ਹਨ ਜਿਸ ਤੋਂ ਪੰਜਾਬੀ ਮੁੰਡੇ ਤੇ ਕੁੜੀਆਂ ਵੱਲੋਂ ਨਸ਼ਾ ਤਸਕਰੀ, ਗੁੰਡਾਗਰਦੀ ਅਤੇ ਗ਼ਲਤ ਕੰਮ ਕਰਨ ਬਾਰੇ ਜਾਣਕਾਰੀ ਪ੍ਰਾਪਤ ਹੁੰਦੀ ਹੈ। ਜਿੱਥੇ ਪੰਜਾਬੀ ਵਿਦੇਸ਼ਾਂ ਵਿੱਚ ਵਿਉਪਾਰ, ਖੇਤੀ, ਪੜ੍ਹਾਈ ਅਤੇ ਰਾਜਨੀਤੀ ਵਿੱਚ ਮੱਲਾਂ ਮਾਰ ਰਹੇ ਹਨ ਉੱਥੇ ਕੁਝ ਬੰਦਿਆਂ ਦੇ ਗ਼ਲਤ ਕੰਮ ਪੂਰੀ ਪੰਜਾਬੀ ਕੌਮ ਨੂੰ ਬਦਨਾਮ ਕਰਦੇ ਹਨ।

**- ਡਾ. ਰਣਜੀਤ ਸਿੰਘ**



# ਕਹਾਣੀ

## ਮਾਂ ਵਰਗਾ ਬਾਪੂ

ਜਦੋਂ ਮੈਂ ਆਪਣੇ ਬਾਪੂ ਨੂੰ ਪੁੱਛਣਾ ਕਿ "ਮਾਂ ਕਿਹੋ ਜਿਹੀ ਸੀ ਬਾਪੂ?" ਬਾਪੂ ਨੇ ਚੰਨ ਵੱਲ ਉਂਗਲ ਕਰ ਦੇਣੀ ਤੇ ਕਹਿਣਾ, "ਔਹ, ਚੰਨ ਵਰਗੀ।"

"ਸੱਚੀਂ ਬਾਪੂ...?" ਮੈਂ ਹੈਰਾਨ ਹੋ ਕਹਿਣਾ।

ਫਿਰ ਬਾਪੂ ਨੇ ਥੋੜ੍ਹਾ ਹੱਸਣਾ ਤੇ ਕਹਿਣਾ, "ਓ ਨਹੀਂ ਨਹੀਂ, ਮੈਂ ਤਾਂ ਝੂਠ ਬੋਲਦਾ ਸੀ।"

ਮੈਂ ਫਿਰ ਉਨ੍ਹਾਂ ਨੂੰ ਕਹਿਣਾ, "ਦੱਸੋ ਬਾਪੂ ਜੀ, ਮਾਂ ਕਿਹੋ ਜਿਹੀ ਸੀ?" ਬਾਪੂ ਨੇ ਡੂੰਘਾ ਜਿਹਾ ਸਾਹ ਲੈਣਾ ਤੇ ਸੋਚਾਂ ਵਿੱਚ ਗਵਾਚ ਜਾਣਾ। ਜਦੋਂ ਮੈਂ ਪੈਦਾ ਹੋਈ ਤਾਂ ਮਾਂ ਚਲ ਵੱਸੀ। ਘਰ ਵਿੱਚ ਬੱਸ ਮੈਂ ਤੇ ਮੇਰਾ ਬਾਪੂ ਰਹਿ ਗਏ ਤੇ ਬਾਪੂ ਨੇ ਹੀ ਮੈਨੂੰ ਪਾਲਿਆ ਪੋਸਿਆ। ਜਦੋਂ ਥੋੜ੍ਹੀ ਵੱਡੀ ਹੋਈ ਤਾਂ ਰੋਜ਼ ਸਵਾਲ ਕਰਨੇ ਤੇ ਅੱਜ ਫਿਰ ਪੁੱਛ ਲਿਆ, "ਦਸ ਬਾਪੂ, ਮਾਂ ਕਿਹੋ ਜਿਹੀ ਸੀ?"

"ਧੀਏ ਤੇਰੀ ਮਾਂ ਬਿਲਕੁਲ ਤੇਰੇ ਵਰਗੀ ਸੋਹਣੀ ਸੀ।"

ਮੈਂ ਬਾਪੂ ਦੀ ਇਹ ਗੱਲ ਸੁਣ ਕੇ ਬਹੁਤ ਖੁਸ਼ ਹੋ ਜਾਣਾ ਤੇ ਬਾਪੂ ਸੰਦੂਕਾਂ ਵਾਲੇ ਕਮਰੇ ਵਿੱਚ ਵੜ ਕੇ ਆਪਣੇ ਭਰੇ ਮਨ ਨੂੰ ਹੰਝੂ ਵਹਾ ਕੇ ਹੌਲਾ ਕਰ ਆਉਂਦਾ। ਮੈਂ ਆਮ ਵੇਖਿਆ ਸੀ, ਬਾਪੂ ਦੇ ਤੱਤੇ ਤਵੇ ਉੱਤੇ ਹੱਥ ਸੜਦੇ। ਕਚੀਚੀ ਜਿਹੀ ਵੱਟ ਬਾਪੂ ਉਹ ਦਰਦ ਬਰਦਾਸ਼ਤ ਕਰ ਜਾਂਦਾ। ਬਾਪੂ ਦੇ ਉਸ ਤੱਤੇ ਤਵੇ ਦੀ ਜਲਣ ਅਤੇ ਦਰਦ ਮੈਨੂੰ ਅੱਜ ਵੀ ਮਹਿਸੂਸ ਹੁੰਦੇ ਨੇ।

ਤਾਏ ਹੁਰਾਂ ਨੇ ਬਾਪੂ ਨੂੰ ਬਥੇਰਾ ਕਿਹਾ ਕਿ ਤੂੰ ਦੂਜਾ ਵਿਆਹ ਕਰਵਾ ਲੈ, ਪਰ ਬਾਪੂ ਨਾ ਮੰਨਿਆ ਅਤੇ ਉਸ ਨੇ ਜਵਾਬ ਦਿੰਦਿਆਂ ਕਹਿਣਾ, "ਨਾ ਮੈਂ ਆਪਣੀ ਧੀ ਰੋਲਣੀ ਆ? ਕੀ ਪਤਾ ਕਿਹੋ ਜਿਹੀ ਆਉ। ਬਚੀ-ਖੁਚੀ ਆਵਦੀ ਧੀ ਨਾਲ ਹੀ ਕੱਟਣੀ ਐ।"

ਤਾਏ ਨੇ ਫਿਰ ਕਹਿਣਾ, "ਭਰਾਵਾ, ਸਾਨੂੰ ਪਤੈ ਕਿ ਤੂੰ ਕੱਟ ਲਵੇਂਗਾ, ਪਰ ਸਾਨੂੰ ਆਹ ਧੀ ਰਾਣੀ ਦਾ ਫਿਕਰ ਹੈ।"

"ਅੱਛਾ ਥੋਨੂੰ ਬਾਹਲਾ ਫਿਕਰ ਆ? ਜੀਹਨੂੰ ਫਿਕਰ ਕਰਨਾ ਚਾਹੀਦਾ ਸੀ, ਉਸ ਨੇ ਕੀਤਾ ਨਾ। ਸਾਨੂੰ ਅੱਧ ਵਿਚਾਲੇ ਛੱਡ ਕੇ ਤੁਰਗੀ।" ਬਾਪੂ ਦਾ ਗੁੱਸਾ ਸ਼ਾਇਦ ਜਾਇਜ਼ ਸੀ। ਇੱਕ ਹਮਸਫਰ ਦਾ ਏਦਾਂ ਛੱਡ ਕੇ ਤੁਰ ਜਾਣਾ ਕਿੰਨਾ ਦੁਖਦਾਈ ਹੁੰਦਾ ਹੈ, ਇਹ ਬਾਪੂ ਤੋਂ ਵੱਧ ਕੇ ਕੋਈ ਹੋਰ ਜਾਣ ਨਹੀਂ ਸਕਦਾ ਸੀ। ਬਾਪੂ ਮਰੀ ਮਾਂ ਨਾਲ ਏਦਾਂ ਗੁੱਸੇ ਹੁੰਦਾ, ਜਿਵੇਂ ਉਹ ਇਸ ਕਮਲੇ ਜਿਹੇ ਦੀਆਂ ਗੱਲਾਂ ਸੁਣਦੀ ਹੋਵੇ ਤੇ ਕਿਸੇ ਬੱਚੇ ਵਾਂਗ ਕੱਛਾਂ ਵਿੱਚ ਹੱਥ ਜਿਹੇ ਦੇ ਮੂੰਹ ਸਿਰ ਅਕੜਾ ਖੜ੍ਹ ਜਾਣਾ ਤੇ ਬੱਸ ਫਿਰ ਤਾਇਆ ਅੱਗੇ ਕੁਝ ਨਾ ਬੋਲਦਾ।

ਤਾਏ ਦੇ ਇੱਕ ਧੀ ਤੇ ਪੁੱਤਰ ਸੀ, ਪਰ ਤਾਈ ਮੇਰੇ ਨਾਲ ਜ਼ਰਾ ਵੀ ਮੋਹ ਨਾ ਕਰਦੀ। ਸ਼ਾਇਦ ਇਸੇ ਕਰ ਕੇ ਤਾਏ ਦੀ ਧੀ ਵੀ ਮੇਰੇ ਨਾਲ ਨਾ ਖੇਡਦੀ। ਮੈਨੂੰ ਸਕੂਲ ਜਾਣ ਤੋਂ ਡਰ ਲੱਗਦਾ। ਰੋਜ਼ ਕੋਈ ਨਾ ਕੋਈ ਬਹਾਨਾ ਬਣਾਉਣਾ। ਕਦੇ ਸਿਰ ਦੁਖਦਾ, ਕਦੇ ਢਿੱਡ, ਪਰ ਬਾਪੂ ਜਾਣਦਾ ਸੀ, ਮੇਰੇ ਸਾਰੇ ਬਹਾਨਿਆਂ ਨੂੰ ਤੇ ਉਸ ਨੇ ਮੈਨੂੰ ਧੱਕੇ ਨਾਲ ਸਕੂਲ ਛੱਡ ਆਉਣਾ।

ਮੈਨੂੰ ਪੜ੍ਹਾਈ ਤੋਂ ਡਰ ਨਹੀਂ ਸੀ ਲੱਗਦਾ। ਡਰ ਲੱਗਦਾ ਸੀ ਤਾਹਨਿਆਂ ਤੋਂ। ਉਹ ਤਾਹਨੇ, ਸ਼ਾਇਦ ਜਿਨ੍ਹਾਂ ਦਾ ਮੇਰੇ ਕੋਲ ਜਵਾਬ ਨਹੀਂ ਸੀ। ਕਲਾਸ ਰੂਮ ਵਿੱਚ ਵੜਦੇ ਹੀ ਡਰ ਜਾਂਦੀ। ਮੇਰੀ ਕਲਾਸ ਦੀਆਂ ਕੁੜੀਆਂ ਤਾਹਨਾ ਐਸਾ ਮਾਰਦੀਆਂ ਕਿ ਮੇਰਾ ਰੋਣਾ ਨਿਕਲ ਜਾਂਦਾ। ਬਾਪੂ ਨੂੰ ਕੀ ਪਤਾ ਸੀ ਕਿ ਕੁੜੀਆਂ ਦੇ ਵਾਲ ਕਿਵੇਂ ਵਾਹੁਣੇ ਨੇ ਤੇ ਕਿਵੇਂ ਗੁੱਤ ਕਰਨੀ ਏ। ਬੱਸ ਮਾੜੇ ਮੋਟੇ ਵਾਲ ਬਾਪੂ ਵਾਹ ਦਿੰਦਾ ਤੇ ਮੈਂ ਸਕੂਲ ਆ ਜਾਂਦੀ, ਪਰ ਜਦੋਂ ਸਕੂਲ ਦੀਆਂ ਕੁੜੀਆਂ ਮਾਂ ਬਾਰੇ ਬੋਲਦੀਆਂ ਕਿ "ਤੈਨੂੰ ਕੁਝ ਸਿਖਾਇਆ ਨਹੀਂ ਸੀ ਤੇਰੀ ਮਾਂ ਨੇ?" ਏਨਾ ਆਖ ਕੁੜੀਆਂ ਹੱਸ ਪੈਂਦੀਆਂ। ਇਸੇ ਕਰ ਕੇ ਮੈਂ ਸਕੂਲ ਜਾਣੋ ਡਰਦੀ ਸੀ। ਬਾਪੂ ਨੂੰ ਵੀ ਇਹ ਗੱਲ ਦਸਣੀ ਤਾਂ ਬਾਪੂ ਇਸ ਦੇ ਹੱਲ ਲਈ ਲਾਚਾਰ ਜਿਹਾ ਹੋ ਜਾਂਦਾ, ਪਰ ਅੱਜ ਕੁਝ ਸੁੱਖ ਦਾ ਸਾਹ ਆਇਆ। ਸਕੂਲ ਵਿੱਚੋਂ ਗਰਮੀਆਂ ਦੀਆਂ ਛੁੱਟੀਆਂ ਮਿਲ ਗਈਆਂ। ਤਾਹਨੇ ਮਿਹਣਿਆਂ ਦਾ ਡਰ ਨਹੀਂ ਸੀ ਰਿਹਾ। ਫਿਰ ਹਸਦੇ ਖੇਡਦੇ ਗਰਮੀਆਂ ਦੀਆਂ ਛੁੱਟੀਆਂ ਕਿਵੇਂ ਲੰਘ ਗਈਆਂ, ਪਤਾ ਹੀ ਨਾ ਲੱਗਿਆ ਤੇ ਆਖਰ ਸਕੂਲ ਜਾਣ ਦਾ ਵੀ ਦਿਨ ਆ ਗਿਆ। ਮਨ ਵਿੱਚ ਫਿਰ ਉਹੀ ਡਰ। ਸਕੂਲ ਵਾਲੀ ਵਰਦੀ ਪਾ ਕੇ ਮੈਂ ਬਾਪੂ ਕੋਲ ਕੰਘਾ ਲੈ ਜਾ ਖੜੀ। ਬਾਪੂ ਨੇ ਵੀ ਅੱਜ ਹੱਸ ਕੇ ਕੰਘਾ ਫੜ ਲਿਆ ਤੇ ਮੇਰੇ ਵਾਲ ਵਾਹੁਣੇ ਸ਼ੁਰੂ ਕਰ ਦਿੱਤੇ। ਅੱਜ ਕਮਾਲ ਹੋ ਗਿਆ ਸੀ। ਸੱਚੀ ਬਾਪੂ ਨੇ ਅੱਜ ਮੇਰੇ ਬਹੁਤ ਸੋਹਣੀਆਂ ਦੋ ਗੁੱਤਾਂ ਕਰ ਦਿੱਤੀਆਂ। ਮੇਰੇ ਤੋਂ ਚਾਅ ਨਾ ਚੁੱਕਿਆ ਜਾ ਰਿਹਾ ਸੀ। ਸ਼ੀਸ਼ੇ ਅੱਗੇ ਖੜ੍ਹ ਕੇ ਮੈਂ ਕਾਫੀ ਦੇਰ ਖੁਦ ਨੂੰ ਤਕਦੀ ਰਹੀ।

"ਪੁੱਤਰ, ਤੂੰ ਹਮੇਸ਼ਾ ਪੁੱਛਦੀ ਰਹਿੰਦੀ ਸੀ ਕਿ ਮਾਂ ਕਿਹੋ ਜਿਹੀ ਸੀ? ਆਹ ਵੇਖ ਸ਼ੀਸ਼ਾ।" ਬਾਪੂ ਨੇ ਮੈਨੂੰ ਸ਼ੀਸ਼ੇ ਅੱਗੇ ਖੜ੍ਹ ਨੂੰ ਵੇਖ ਕੇ ਕਿਹਾ ਅਤੇ ਮੈਂ ਬਾਪੂ ਨੂੰ ਘੁੱਟ ਕੇ ਜੱਫੀ ਪਾ ਲਈ।

ਮੈਂ ਬਾਪੂ ਨੂੰ ਕਿਹਾ, "ਬਾਪੂ ਮੇਰੀ ਇੱਕ ਗੱਲ ਮੰਨੇਂਗਾ?"

"ਦੱਸ ਮੇਰੀ ਧੀਏ ਕੀ ਗੱਲ ਏ?"

"ਬਾਪੂ ਅੱਜ ਮੇਰੀ ਇੱਕ ਫੋਟੋ ਕਰਵਾ ਦਿਓ?"

ਬਾਪੂ ਨੇ ਮੇਰੀ ਫੋਟੋ ਕਰਵਾ ਦਿੱਤੀ ਤੇ ਉਹ ਫੋਟੋ ਮੈਂ ਹਮੇਸ਼ਾ ਲਈ ਸਾਂਭ ਕੇ ਰੱਖ ਲਈ।

ਅੱਜ ਮੈਨੂੰ ਇਉਂ ਜਾਪ ਰਿਹਾ ਸੀ, ਜਿਵੇਂ ਮੈਨੂੰ ਖੰਭ ਲੱਗ ਗਏ ਹੋਣ। ਮੈਂ ਜਲਦੀ ਜਲਦੀ ਸਕੂਲ ਪਹੁੰਚਣਾ ਚਾਹੁੰਦੀ ਸੀ ਤਾਂ ਕਿ ਕੁੜੀਆਂ ਨੂੰ ਆਪਣੀਆਂ ਗੁੱਤਾਂ ਵਿਖਾ ਸਕਾਂ, ਜਿਹੜੀਆਂ ਮੈਨੂੰ ਮਜ਼ਾਕ ਕਰਦੀਆਂ ਸਨ ਅਤੇ ਉਨ੍ਹਾਂ ਨੂੰ ਕਹਾਂ ਕਿ ਆਹ ਵੇਖੋ ਮੇਰੀ ਮਾਂ ਨੇ ਮੈਨੂੰ ਗੁੱਤਾਂ ਕਰਨੀਆਂ ਸਿਖਾ ਦਿੱਤੀਆਂ ਨੇ। ਇਸ ਤੋਂ ਬਾਅਦ ਮੈਨੂੰ ਕਦੇ ਸਕੂਲ ਜਾਣ ਦਾ ਕੋਈ ਡਰ ਨਾ ਰਿਹਾ। ਫਿਰ ਮੈਂ ਦਿਲ ਲਾ ਕੇ ਇੰਨਾ ਪੜ੍ਹੀ ਕਿ ਸਿੱਖਿਆ ਦੀਆਂ ਬੁਲੰਦੀਆਂ ਛਹੂ ਲਈਆਂ। ਸਾਰੇ ਪਿੰਡ ਵਾਲੇ ਮੇਰੇ ਬਾਪੂ ਉੱਤੇ ਫਖਰ ਕਰਦੇ ਸਨ ਕਿ ਉਨ੍ਹਾਂ ਨੇ ਕਿੰਨੀ ਸ਼ਿੱਦਤ ਨਾਲ ਬਿਨਾਂ ਦੀ ਮਾਂ ਦੀ ਧੀ ਨੂੰ ਪੜ੍ਹਾ ਲਿਖਾ ਦਿੱਤਾ। ਬਾਪੂ ਦੀ ਬਦੌਲਤ ਪੜ੍ਹ ਲਿਖ ਮੈਂ ਆਪਣੇ ਪੈਰਾਂ ਉੱਤੇ ਖੜ੍ਹ ਗਈ ਤੇ ਬਾਪੂ ਨੇ ਅੱਜ ਆਪਣਾ ਆਖਰੀ ਕਾਰਜ ਪੂਰਾ ਕਰ ਦਿੱਤਾ। ਅੱਜ ਉਸ ਨੇ ਆਪਣੀ ਧੀ ਨੂੰ ਡੋਲੀ ਬਹਾ ਕੇ ਦੂਜੇ ਘਰ ਤੋਰ ਦਿੱਤਾ।

ਹਰੇਕ ਧੀ ਆਪਣੇ ਹਮਸਫਰ ਵਿੱਚੋਂ ਆਪਣੇ ਮਾਪਿਆਂ ਵਾਂਗ ਪਿਆਰ ਸਤਿਕਾਰ ਦੇਣ ਵਾਲੇ ਵਾਲੇ ਦੀ ਝਲਕ ਵੇਖਦੀ ਹੈ। ਮੇਰਾ ਹਮਸਫਰ ਵੀ ਬਾਖੂਬੀ ਮੇਰੇ ਬਾਪੂ ਵਰਗਾ ਸੀ, ਜੋ ਮੈਨੂੰ ਸਮਝਣ ਤੇ ਮੇਰੇ ਜਜ਼ਬਾਤ ਦੀ ਕਦਰ ਕਰਨ ਵਾਲਾ ਸੀ। ਮੈਨੂੰ ਆਪਣਾ ਬਹੁਤ ਵਧੀਆ ਸਹੁਰਾ ਪਰਵਾਰ ਮਿਲਿਆ, ਪਰ ਵਿਆਹ ਤੋਂ ਕੁਝ ਸਮੇਂ ਬਾਅਦ ਮੇਰਾ ਬਾਪੂ ਇਸ ਦੁਨੀਆ ਤੋਂ ਸਦਾ ਲਈ ਚਲਾ ਗਿਆ। ਇਹ ਦੁੱਖ ਮੇਰੇ ਲਈ ਅਸਹਿ ਸੀ, ਪਰ ਮੇਰੇ ਸਹੁਰੇ ਪਰਵਾਰ ਨੇ ਮੇਰਾ ਪੂਰਾ ਸਾਥ ਦਿੱਤਾ ਅਤੇ ਮੈਨੂੰ ਕੋਈ ਕਮੀ ਨਾ ਆਉਣ ਦਿੱਤੀ। ਉਨ੍ਹਾਂ ਨੇ ਮੈਨੂੰ ਹਮੇਸ਼ਾ ਧੀਆਂ ਤੋਂ ਵਧ ਕੇ ਰੱਖਿਆ। ਮੇਰੀ ਜ਼ਿੰਦਗੀ ਇਉਂ ਹੀ ਚਲਦੀ ਰਹੀ ਤੇ ਸਾਡੇ ਘਰ ਇੱਕ ਧੀ ਨੇ ਜਨਮ ਲਿਆ। ਸਾਰਾ ਪਰਵਾਰ ਬਹੁਤ ਖੁਸ਼ ਸੀ। ਸੱਚੀਂ ਜਦ ਔਰਤ ਮਾਂ ਬਣਦੀ ਹੈ ਤਾਂ ਰੱਬ ਉਸ ਨੂੰ ਲੋੜੋਂ ਵੱਧ ਸਿਆਣੀ ਬਣਾ ਦਿੰਦਾ ਹੈ। ਮੈਨੂੰ ਆਪਣਾ ਬਚਪਨ ਯਾਦ ਆਉਂਦਾ ਤਾਂ ਮੈਂ ਹੱਸ ਪੈਂਦੀ ਕਿ ਮੈਨੂੰ ਕਮਲੀ ਜਿਹੀ ਨੂੰ ਆਪਣੀ ਗੁੱਤ ਵੀ ਕਰਨੀ ਨਹੀਂ ਸੀ ਆਉਂਦੀ, ਪਰ ਉਹੀ ਕਮਲੀ ਅੱਜ ਇੱਕ ਬੱਚੇ ਨੂੰ ਸਾਂਭ ਰਹੀ ਹੈ।

ਮਹੀਨੇ ਵਿੱਚ ਇੱਕ ਦੋ ਵਾਰ ਮੈਂ ਪਿੰਡ ਚਲੀ ਜਾਂਦੀ। ਘਰ ਦਾ ਤਾਲਾ ਖੋਲ੍ਹਦੀ ਤਾਂ ਮਹਿਸੂਸ ਹੁੰਦਾ, ਜਿਵੇਂ ਬਾਪੂ ਆਖ ਰਿਹਾ ਹੋਵੇ, "ਧੀਏ ਜਲਦੀ ਗੇੜਾ ਮਾਰ ਜਾਇਆ ਕਰ। ਮੇਰੇ ਇਕੱਲੇ ਦਾ ਦਿਲ ਜਿਹਾ ਨਹੀਂ ਲੱਗਦਾ।" ਮੇਰੀਆਂ ਅੱਖਾਂ ਤੋਂ ਹੰਝੂ ਘਰ ਦੀ ਦਹਿਲੀਜ਼ ਉੱਤੇ ਡਿੱਗਣ ਲੱਗ ਪੈਂਦੇ। ਜਦੋਂ ਮੈਂ ਘਰ ਅੰਦਰ ਵੜਨਾ ਤਾਂ ਬਾਪੂ ਦੇ ਪੈਰਾਂ ਦੀ ਮਿੱਟੀ ਨੂੰ ਮੱਥੇ ਲਾ ਕੇ ਸਿਜਦਾ ਕਰਨਾ। ਮੈਨੂੰ ਘਰ ਆਈ ਨੂੰ ਵੇਖ ਸਾਡੇ ਗੁਆਂਢ ਰਹਿੰਦੀ ਬੇਬੇ ਤਾਰੋ ਮੇਰੇ ਕੋਲ ਆ ਜਾਂਦੀ। ਕਿੰਨਾ ਕਿੰਨਾ ਚਿਰ ਮੈਂ ਤੇ ਬੇਬੇ ਤਾਰੋ ਨੇ ਬਾਪੂ ਦੀਆਂ ਗੱਲਾਂ ਕਰਨੀਆਂ। ਮੈਂ ਅੱਜ ਬਹੁਤ ਹੱਸੀ, ਜਦੋਂ ਬੇਬੇ ਤਾਰੋ ਨੇ ਦੱਸਿਆ ਕਿ "ਪੁੱਤਰ ਤੂੰ ਨਿਆਣੀ ਜਿਹੀ ਸੀ ਜਦੋਂ ਤੇਰਾ ਬਾਪੂ ਮੇਰੇ ਕੋਲ ਆਇਆ ਤੇ ਮੈਨੂੰ ਕਹਿਣ ਲੱਗਾ, ਮਾਈ ਤਾਰੋ! ਆਹ ਗੁੱਤ ਕਿਵੇਂ ਕਰੀ ਦੀ ਏ? ਮੈਨੂੰ ਵੀ ਸਿਖਾ ਜ਼ਰਾ। ਮੈਂ ਹੱਸੀ ਤੇ ਕਿਹਾ ਭਲਾ ਤੂੰ ਗੁੱਤ ਸਿਖ ਕੇ ਕੀ ਕਰਨੀ ਏ? ਇੰਨਾ ਸੁਣ ਕੇ ਤੇਰੇ ਬਾਪੂ ਨੇ ਮੂੰਹ ਉਦਾਸ ਜਿਹਾ ਕਰ ਲਿਆ, ਪਰ ਮੈਂ ਜਾਣਦੀ ਸੀ ਕਿ ਉਸ ਨੇ ਗੁੱਤ ਕਿਉਂ ਸਿੱਖਣੀ ਏ। ਫਿਰ ਉਹ ਤੇਰੇ ਸਕੂਲ ਜਾਣ ਤੋਂ ਬਾਅਦ ਰੋਜ਼ ਮੇਰੇ ਕੋਲ ਆਉਂਦਾ ਤੇ ਗੁੱਤ ਕਰਨੀ ਸਿਖਦਾ। ਸੱਚੀਂ ਤੇਰਾ ਬਾਪੂ ਕਮਲਾ ਸੀ।"

ਅੱਜ ਮੇਰੀ ਧੀ ਵੱਡੀ ਹੋ ਕੇ ਸਕੂਲ ਜਾਣ ਲੱਗ ਪਈ ਏ। ਅਚਾਨਕ ਇੱਕ ਦਿਨ ਉਹ ਮੇਰੇ ਜ਼ਿੱਦ ਪੈ ਗਈ ਤੇ ਕਹਿਣ ਲੱਗੀ ਕਿ ਮੰਮੀ ਮੇਰੀਆਂ ਦੋ ਗੁੱਤਾਂ ਕਰ ਦਿਓ। ਮੈਂ ਹੈਰਾਨ ਸੀ ਕਿ ਇਸ ਨੂੰ ਕਿਸ ਨੇ ਕਿਹਾ ਦੋ ਗੁੱਤਾਂ ਕਰਨ ਲਈ? ਮੈਂ ਉਸ ਨੂੰ ਸੁਭਾਵਿਕ ਹੀ ਕਹਿ ਦਿੱਤਾ ਕਿ ਮੈਨੂੰ ਦੋ ਗੁੱਤਾਂ ਨਹੀਂ ਕਰਨੀਆ ਆਉਂਦੀਆਂ। ਪਤਾ ਨਹੀਂ ਕਿਵੇਂ ਮੇਰੀ ਧੀ ਨੇ ਉਹ ਮੇਰੀ ਦੋ ਗੁੱਤਾਂ ਵਾਲੀ ਫੋਟੋ ਮੇਰੇ ਸਾਹਮਣੇ ਰੱਖ ਦਿੱਤੀ ਅਤੇ ਮੈਨੂੰ ਕਹਿਣ ਲੱਗੀ, "ਇਸ ਤਰ੍ਹਾਂ ਕਰ ਦਿਓ ਮੰਮੀ। ਵੇਖੋ ਕਿੰਨੀਆਂ ਸੋਹਣੀਆਂ ਗੁੱਤਾਂ ਨੇ।"

ਉਸ ਦੀ ਗੱਲ ਸੁਣ ਕੇ ਮੈਨੂੰ ਇਉਂ ਮਹਿਸੂਸ ਹੋ ਰਿਹਾ ਸੀ, ਜਿਵੇਂ ਸਮਾਂ ਫਿਰ ਪਿੱਛੇ ਚਲਾ ਗਿਆ ਹੋਵੇ। ਮੇਰਾ ਮਨ ਭਰ ਆਇਆ ਤੇ ਅੱਖਾਂ ਵਿੱਚੋਂ ਹੰਝੂ ਵਹਿ ਤੁਰੇ। ਮੈਨੂੰ ਇੰਝ ਲੱਗਿਆ ਜਿਵੇਂ ਉਹ ਫੋਟੋ ਨਹੀਂ, ਸਗੋਂ "ਮਾਂ ਵਰਗਾ ਬਾਪੂ" ਮੇਰੇ ਸਾਹਮਣੇ ਆ ਗਿਆ ਹੋਵੇ।

- ਕੁਲਵੰਤ ਘੋਲੀਆ

# ਮਿੰਨੀ ਕਹਾਣੀਆਂ

### ਜ਼ਿੰਦਗੀ ਦੀ ਖੇਡ

ਅੱਜ ਸਵੇਰੇ ਮੇਰੀ ਸਹੇਲੀ ਬੰਤੋ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ। ਕਈ ਦਿਨਾਂ ਤੋਂ ਉਸ ਦੀ ਹਾਲਤ ਠੀਕ ਨਹੀਂ ਚੱਲ ਰਹੀ ਸੀ। ਪਿੱਛੇ ਜਿਹੇ ਉਸ ਨੇ ਆਪਣੀ ਜ਼ਿੰਦਗੀ ਦੇ ਨੱਬੇ ਸਾਲ ਪੂਰੇ ਕੀਤੇ ਸਨ। ਉਹ ਮੇਰੇ ਨਾਲ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਸਾਂਝੀਆਂ ਕਰ ਲੈਂਦੀ, ਭਾਵੇਂ ਮੈਨੂੰ ਉਸ ਦੀ ਹਾਲਤ ਕਈ ਦਿਨਾਂ ਤੋਂ ਠੀਕ ਨਹੀਂ ਲੱਗ ਰਹੀ ਸੀ ਜਿਸ ਤੋਂ ਇਹ ਸਪੱਸ਼ਟ ਸੀ ਕਿ ਉਸ ਦਾ ਸਮਾਂ ਨੇੜੇ ਹੀ ਹੈ। ਅੱਜ ਮੈਨੂੰ ਜਦੋਂ ਉਸ ਦੇ ਚਲੇ ਜਾਣ ਦਾ ਪਤਾ ਲੱਗਾ ਤਾਂ ਬਹੁਤ ਦੁੱਖ ਹੋਇਆ। ਜਿਉਂ ਹੀ ਉਸ ਦੇ ਘਰ ਪਹੁੰਚੀ ਤਾਂ ਸਾਰਿਆਂ ਦੀਆਂ ਅੱਖਾਂ ਮੈਨੂੰ ਤੱਕ ਰਹੀਆਂ ਸਨ। ਬੰਤੋ ਨੂੰ ਦੇਖਦਿਆਂ ਹੀ ਮੇਰੀਆਂ ਅੱਖਾਂ ਵਿੱਚ ਹੰਝੂਆਂ ਦਾ ਸੈਲਾਬ ਜਿਹਾ ਆ ਗਿਆ, ਮੈਂ ਫੁੱਟ-ਫੁੱਟ ਕੇ ਰੋਣ ਲੱਗ ਪਈ, ਪਰ ਥੋੜ੍ਹੀ ਦੇਰ ਬਾਅਦ ਆਪਣੇ ਆਪ ਨੂੰ ਸੰਭਾਲਦਿਆਂ ਮੈਂ ਪੁੱਛਣ ਦੀ ਕੋਸ਼ਿਸ਼ ਕੀਤੀ, ਇਹ ਸਾਰਾ ਕੁਝ ਕਿੱਦਾਂ ਹੋ ਗਿਆ।

ਬੰਤੋ ਦੇ ਪੋਤੇ ਨੇ ਦੱਸਿਆ ਕਿ ਸਵੇਰੇ ਗੱਲਾਂ ਕਰਦਿਆਂ-ਕਰਦਿਆਂ ਅੱਖਾਂ ਬੰਦ ਕਰ ਲਈਆਂ। ਬੱਸ ਇਕਦਮ ਦਿਲ ਦੀ ਧੜਕਣ ਰੁਕ ਗਈ। ਕੋਰੋਨਾ ਦੀ ਮਹਾਮਾਰੀ ਕਰ ਕੇ ਸਸਕਾਰ ਕਰਨ ਲਈ ਸਿਰਫ ਵੀਹ ਵਿਅਕਤੀ ਸ਼ਮਸ਼ਾਨਘਾਟ ਜਾ ਸਕਦੇ ਸਨ, ਭਾਵੇਂ ਇਹ ਮੌਤ ਕੋਰੋਨਾ ਕਰ ਕੇ ਨਹੀਂ ਹੋਈ, ਪਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਯਮ ਹਰ ਮੌਤ ਲਈ ਸਮਾਨ ਸਨ। ਕਿਸੇ ਕਾਰਨ ਬੰਤੋ ਦੇ ਪੇਕਿਆਂ ਤੋਂ ਆਉਣ ਲਈ ਦੇਰ ਹੋ ਗਈ, ਕਾਰਨ ਸਾਫ ਸੀ, ਸੂਟ ਪੇਕਿਆਂ ਵੱਲੋਂ ਆਉਣ ਕਰਕੇ ਅਜੇ ਉਸ ਨੂੰ ਨਵ੍ਹਾਇਆ ਵੀ ਨਹੀਂ ਗਿਆ ਸੀ।

ਮੈਂ ਸੋਚ ਰਹੀ ਸੀ ਕਿ ਅੱਜ ਤੱਕ ਬੰਤੋ ਨੇ ਇਸ ਪਰਵਾਰ ਲਈ ਕੀ ਨਹੀਂ ਕੀਤਾ? ਸਾਰਾ-ਸਾਰਾ ਦਿਨ ਚੁੱਲ੍ਹੇ ਚੌਂਕੇ ਦਾ ਕੰਮ, ਲਵੇਰਾ ਸਾਂਭਣਾ ਤੋਂ ਇਲਾਵਾ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਕਰਨੀ, ਫਿਰ ਆਪਣੀ ਕਬੀਲਦਾਰੀ ਨਜਿੱਠਣੀ, ਬੱਚਿਆਂ ਦਾ ਵਿਆਹ ਕੀਤਾ, ਅੱਗੋਂ ਉਨ੍ਹਾਂ ਦੇ ਬੱਚਿਆਂ ਨੂੰ ਸੰਭਾਲਿਆ, ਵਿਆਹ ਕੀਤੇ, ਵਾਹ! ਹਰ ਜ਼ਿੰਮੇਵਾਰੀ ਨਿਭਾਈ, ਪਰ ਉਸ ਘਰ ਵਿੱਚੋਂ ਪੌਣੇ ਪੰਜ ਮੀਟਰ ਦਾ ਕੱਪੜਾ ਸਾਡੇ ਸਮਾਜ ਨੇ ਇਸ ਨੂੰ ਨਸੀਬ ਨਹੀਂ ਹੋਣ ਦਿੱਤਾ। ਭਾਵੇਂ ਘਰ ਵਿੱਚ ਕਿਸੇ ਚੀਜ਼ ਦੀ ਘਾਟ ਨਹੀਂ, ਪ੍ਰੰਤੂ ਇਹ ਸਭ ਰੀਤੀ ਰਿਵਾਜ਼ ਸੀ। ਮੈਨੂੰ ਪਤਾ ਨਾ ਲੱਗਾ ਕਿ ਕਦੋਂ ਅਸੀਂ ਸ਼ਮਸ਼ਾਨਘਾਟ ਆ ਗਏ। ਅਰਥੀ ਉਪਰ ਲਗਭਗ ਵੀਹ ਚਾਦਰਾਂ ਪਾਈਆਂ ਹੋਈਆਂ ਸਨ, ਮੈਂ ਹੈਰਾਨ ਸਾਂ ਕਿ ਅਸੀਂ ਕਿਵੇਂ ਇਨ੍ਹਾਂ ਨੂੰ ਅੱਗ ਵਿੱਚ ਸਾੜਨ ਜਾ ਰਹੇ ਹਾਂ। ਇਹ ਸਭ ਕੁਝ ਕਰ ਕੇ ਅਸੀਂ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਕੀ ਸੇਧ ਦੇਣੀ ਚਾਹੁੰਦੇ ਹਾਂ? ਦੂਜੇ ਪਾਸੇ ਕੋਰੋਨਾ ਨਾਲ ਹੋਈ ਮੌਤ ਦੇ ਅਸੀਂ ਲਾਗੇ ਜਾਣ ਤੋਂ ਸੰਕੋਚ ਕਰਦੇ ਹਾਂ ਕਿਉਂਕਿ ਸਾਨੂੰ ਆਪਣੀ ਜ਼ਿੰਦਗੀ ਨਾਲ ਬਹੁਤ ਪਿਆਰ ਹੈ, ਬੱਸ ਅੱਜ ਜ਼ਿੰਦਗੀ ਦੀ ਖੇਡ ਸ਼ਮਸ਼ਾਨਘਾਟ ਵਿੱਚ ਸਪੱਸ਼ਟ ਨਜ਼ਰ ਆ ਗਈ।

-ਕੰਵਰਦੀਪ ਸਿੰਘ ਭੱਲਾ

### ਬੇਈਮਾਨ

ਮੈਂ ਜਦ ਵੀ ਸ਼ਹਿਰੋਂ ਫਲ ਲੈ ਕੇ ਆਉਂਦਾ ਹਾਂ, ਮੇਰੀ ਪਤਨੀ ਹਮੇਸ਼ਾ ਲਿਫ਼ਾਫ਼ਾ ਖੋਲ੍ਹ ਕੇ ਵੇਖਦੀ ਹੈ ਤੇ ਕਹਿੰਦੀ ਹੈ ਕਿ ਤੁਸੀਂ ਬਿਨਾਂ ਵੇਖਿਆਂ ਅਗਲੇ 'ਤੇ ਯਕੀਨ ਕਰ ਲੈਂਦੇ ਹੋ। ਅਕਸਰ ਇੱਕ ਦੋ ਫਲ ਖ਼ਰਾਬ ਨਿਕਲਦੇ ਹਨ। ਆਦਤ ਅਨੁਸਾਰ ਮੈਂ ਰੇਹੜੀ ਵਾਲੇ ਤੋਂ ਅੰਬ ਅਤੇ ਦਰਜਨ ਕੇਲਿਆਂ ਦੀ ਲੈ ਕੇ ਤੁਰਿਆ ਤਾਂ ਇਕਦਮ ਖ਼ਿਆਲ ਆਇਆ ਕਿ ਲਿਫ਼ਾਫ਼ਾ ਖੋਲ੍ਹ ਕੇ ਵੇਖ ਲਵਾਂ। ਜਦ ਲਿਫ਼ਾਫ਼ਾ ਖੋਲ੍ਹ ਕੇ ਵੇਖਿਆ ਤਾਂ ਦੋ ਅੰਬ ਪਿਲਪਿਲੇ ਸਨ। ਮੈਂ ਗੁੱਸੇ ਵਿੱਚ ਮੋਟਰਸਾਈਕਲ ਮੋੜਿਆ ਅਤੇ ਰੇਹੜੀ ਵਾਲੇ ਕੋਲ ਜਾ ਖਲੋਤਾ। ਇੱਕ ਦੋ ਗਾਹਕ ਹੋਰ ਖੜ੍ਹੇ ਸਨ। ਮੈਂ ਲਿਫ਼ਾਫ਼ਾ ਰੇਹੜੀ 'ਤੇ ਰੱਖ ਗੁੱਸੇ ਭਰੀਆਂ ਨਜ਼ਰਾਂ ਨਾਲ ਉਸ ਨੂੰ ਵੇਖਣ ਲੱਗਾ। ਜਦੋਂ ਗਾਹਕ ਚਲੇ ਗਏ ਤਾਂ ਮੈਂ ਰੇਹੜੀ ਵਾਲੇ ਨੂੰ ਆਖਿਆ ਕਿ ਮੈਂ ਰੇਟ ਵੀ ਨਹੀਂ ਘਟਾਇਆ, ਪੈਸੇ ਵੀ ਪੂਰੇ ਦਿੱਤੇ ਪਰ ਤੂੰ ਅੰਬ ਪਿਲਪਿਲੇ ਕਿਉਂ ਪਾਏ? ਅੰਬ ਵੇਖਦੇ ਸਾਰ ਉਹ ਘਬਰਾ ਗਿਆ ਤੇ ਆਖਣ ਲੱਗਾ, "ਮੁਆਫ਼ ਕਰ ਦਿਉ। ਗ਼ਲਤੀ ਨਾਲ ਪੈ ਗਏ ਹੋਣੇ।" ਉਸ ਨੇ ਸਾਰੇ ਅੰਬ ਵਾਪਸ ਰੱਖੇ ਅਤੇ ਘਬਰਾਹਟ ਵਿੱਚ ਡੇਢ ਕਿੱਲੋ ਦੀ ਥਾਂ ਦੋ ਕਿੱਲੋ ਦਾ ਵੱਟਾ ਪਾ ਕੇ ਅੰਬ ਤੋਲ ਦਿੱਤੇ। ਮੈਂ ਵੀ ਚੁੱਪ ਰਿਹਾ ਅਤੇ ਮੋਟਰਸਾਈਕਲ ਲੈ ਕੇ ਚੱਲ ਪਿਆ। ਥੋੜ੍ਹੀ ਦੂਰ ਆ ਕੇ ਮੈਂ ਵੱਧ ਅੰਬਾਂ ਬਾਰੇ ਸੋਚਣ ਲੱਗਾ। ਹੁਣ ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਬੇਈਮਾਨ ਉਹ ਸੀ ਕਿ ਮੈਂ ਜਾਂ ਅਸੀਂ ਦੋਵੇਂ।

- ਪ੍ਰਿੰ. ਸੰਤੋਖ ਕੁਮਾਰ

### ਔਲਾਦ

ਬਾਪੂ ਅਕਸਰ ਕਿਹਾ ਕਰਦਾ ਸੀ, "ਅਸੀਂ ਤੁਹਾਨੂੰ ਔਖੇ ਵੇਲੇ ਪਾਲ ਲਿਆ, ਪਰ ਤੁਹਾਡੇ ਤੋਂ ਆਪਣੇ ਬੱਚੇ ਪਾਲ ਨਹੀਂ ਹੋਣੇ।" ਪ੍ਰੀਤਮ ਆਪਣੇ ਬਾਪੂ ਲਈ ਮਨ ਵਿੱਚ ਹਉਕਾ ਜਿਹਾ ਲਈ ਫਿਰਦਾ ਸੀ। ਉਹ ਆਪਣੇ ਬਾਪੂ ਨਾਲ ਲੜ ਕੇ ਹਮੇਸ਼ਾ ਕਰਤਾਰੇ ਬਾਪੂ ਦੀਆਂ ਮਿਸਾਲਾਂ ਦੇਣ ਲੱਗ ਪੈਂਦਾ। ਕਹਿੰਦਾ, "ਬਾਪੂ ਦੇਖ ਕਰਤਾਰੇ ਬਾਪੂ ਨੇ ਦੋ ਕਿੱਲਿਆਂ ਤੋਂ ਚਾਰ ਬਣਾ ਲਏ, ਪਰ ਤੇਰੇ ਤੋਂ ਆਪਣਾ ਘਰ ਨਹੀਂ ਸੰਵਾਰਿਆ ਗਿਆ।"

ਪ੍ਰੀਤਮ ਦਾ ਬਾਪੂ ਕਹਿੰਦਾ, "ਪੁੱਤਰਾ ਜੇ ਮੈਂ ਤੇਰੇ ਵਾਂਗ ਸ਼ਰਾਬ ਪੀ ਕੇ ਘਰ ਚਲਾਉਂਦਾ ਤਾਂ ਮੈਥੋਂ ਤੇਰੀਆਂ ਵੱਡੀਆਂ ਭੈਣਾਂ ਵਿਆਹੀਆਂ ਨਹੀਂ ਜਾਣੀਆਂ ਸੀ। ਬਾਕੀ ਤੈਨੂੰ ਪੜ੍ਹਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਸੀ, ਪਰ ਤੇਰੀਆਂ ਆਦਤਾਂ ਏਨੀਆਂ ਕੁ ਵਿਗੜ ਚੁੱਕੀਆਂ ਸੀ ਕਿ ਪੜ੍ਹਾਉਣ ਦਾ ਵੀ ਫ਼ਾਇਦਾ ਨਹੀਂ ਸੀ। ਤੇਰੀਆਂ ਅਜਿਹੀਆਂ ਗੱਲਾਂ ਸੁਣ ਇੰਜ ਲੱਗਦਾ ਜਿਵੇਂ ਕੋਈ ਪਿਛਲੇ ਜਨਮ ਦਾ ਪਾਪ ਕੀਤਾ ਹੋਵੇ।"

ਬਾਪੂ ਦੀਆਂ ਅਜਿਹੀਆਂ ਗੱਲਾਂ ਕਹੀਆਂ ਅੱਜ ਪ੍ਰੀਤਮ ਨੂੰ ਯਾਦ ਆ ਰਹੀਆਂ ਹਨ। ਪ੍ਰੀਤਮ ਦੇ ਮੌਜੂਦਾ ਹਾਲਾਤ ਦੇਖਣ ਲਈ ਉਸਦਾ ਬਾਪੂ ਤਾਂ ਨਹੀਂ ਰਿਹਾ। ਪ੍ਰੀਤਮ ਉਸ ਵੇਲੇ ਨੂੰ ਜ਼ਰੂਰ ਕੋਸ ਰਿਹਾ ਹੈ ਜਿਸ ਵੇਲੇ ਉਹ ਬਾਪੂ ਨੂੰ ਨਸ਼ੇ ਦੀ ਹਾਲਤ ਵਿੱਚ ਮੰਦਾ ਚੰਗਾ ਬੋਲਿਆ ਸੀ।

-ਰਮਨ ਮਾਨ ਕਾਲੇਕੇ

# ਗ਼ਜ਼ਲਾਂ

### ਗ਼ਜ਼ਲ

ਲੋਕੀਂ ਮਿਲੇ ਹਵਾਵਾਂ ਵਰਗੇ
ਭੁੱਲੀਆਂ ਹੋਈਆਂ ਥਾਵਾਂ ਵਰਗੇ।
ਕਿਸੇ ਠਾਰਿਆ, ਕਿਸੇ ਸਾੜਿਆ,
ਤੱਤੀਆਂ ਠੰਢੀਆਂ ਛਾਵਾਂ ਵਰਗੇ।
ਸਾਂਝਾਂ, ਰੀਝਾਂ, ਚਾਵਾਂ, ਖੁਸ਼ੀਆਂ,
ਪਾਕ-ਪਵਿੱਤਰ ਨਾਵਾਂ ਵਰਗੇ।
ਸੱਟਾਂ ਵੱਜੀਆਂ ਤਾਂ ਗਲ ਚੰਬੜੇ,
ਟੁੱਟੀਆਂ ਹੋਆਂ ਬਾਹਵਾਂ ਵਰਗੇ।
ਘੁੱਗੀਆਂ ਉੱਤੇ ਜ਼ੁਲਮ ਕਮਾਵਣ,
ਦਿਲ ਦੇ ਕਾਲੇ ਕਾਵਾਂ ਵਰਗੇ।
ਆਪਣੇ ਹੀ ਅਸਤਿੱਤਵ ਅੰਦਰ,
ਗੁੰਮ ਗਈਆਂ ਕਵਿਤਾਵਾਂ ਵਰਗੇ।
ਪੁੱਤਰਾਂ ਦੇ ਦੀਦਾਰ ਨੂੰ ਤਰਸਣ,
ਬਦਕਿਸਮਤ ਉਨ੍ਹਾਂ ਮਾਵਾਂ ਵਰਗੇ।
ਰੂਹਾਂ ਵਿੱਚੋਂ ਭੁੱਲ ਕੇ ਵੀ ਨਾ,
ਭੁੱਲੀਆਂ ਹੋਈਆਂ ਥਾਵਾਂ ਵਰਗੇ।
ਹਰ ਰਾਹੀ ਨੂੰ ਠੇਸ ਪੁਚਾਵਣ,
'ਆਤਮ' ਜਿਹੀਆਂ ਬਲਾਵਾਂ ਵਰਗੇ।

-ਡਾ. ਆਤਮਾ ਸਿੰਘ ਗਿੱਲ

### ਗ਼ਜ਼ਲ

ਜਿਸ ਦਿਸ਼ਾ ਵੱਲ ਦੇਸ਼ ਮੁੜਦਾ ਜਾ ਰਿਹਾ।
ਡਰ ਮਨੀਂ ਬੇਗਾਨਗੀ ਦਾ ਛਾ ਰਿਹਾ।
ਜੋ ਵਿਧਾ ਤੋੜੀ, ਗੁਰੂ ਗੋਬਿੰਦ ਨੇ
ਦੇਸ਼ ਫਿਰ ਓਹੀ ਵਿਧਾ ਅਪਣਾ ਰਿਹਾ।
ਗੌਲੇ ਨਾ ਵੋਟਾਂ ਲਈ ਜਿਸ ਦੇ ਗੁਨਾਹ
ਦੇਸ਼ ਲਈ ਨਾਸੂਰ ਬਣਦਾ ਜਾ ਰਿਹਾ।
ਸਹਿਮੀ ਸਹਿਮੀ ਦਿਸ ਰਹੀ ਹੈ ਹਰ ਗਲੀ
ਭੌਰੇ ਦਾ ਕਿਰਦਾਰ ਗਿਰਦਾ ਜਾ ਰਿਹਾ।
ਅੱਜ ਸ਼ਿਵ ਹੁੰਦਾ ਤਾਂ ਅੱਖੀਂ ਵੇਖਦਾ
ਕਹਿਰ ਲੂਣਾ 'ਤੇ ਸਮਾਂ ਜੋ ਢਾਹ ਰਿਹਾ।
ਤਿਤਲੀਆਂ ਨੂੰ ਚੋਭਦਾ ਸੂਲਾਂ ਰਿਹਾ
ਆਪ, ਸੂਲੀ ਵੇਖ ਕੇ ਕੁਰਲਾ ਰਿਹਾ।
ਦੇਸ਼ ਦੇ ਲੋਕਾਂ ਦਾ ਭਰਦਾ ਪੇਟ ਜੋ
ਦੇਸ਼ ਕੰਨੀ ਓਸ ਤੋਂ ਕਤਰਾ ਰਿਹਾ।
ਵੰਡ-ਦਾਤਾ ਘਰ ਭਰੇ ਭਰਦਾ ਰਿਹਾ
ਅੰਨ-ਦਾਤਾ ਖੁਦਕੁਸ਼ੀ ਕਰਦਾ ਰਿਹਾ।
ਗੈਰ ਦੀ ਝੋਲੀ ਸਦਾ ਭਰਦੇ ਰਹੇ।
'ਕਮਲ' ਜਿਨ੍ਹਾਂ ਵਾਸਤੇ ਮਰਦਾ ਰਿਹਾ।

-ਅਜੀਤ ਕਮਲ ਬਟਾਲਾ

### ਗ਼ਜ਼ਲ

ਹਰੇ ਰਹਿਣ ਰੁੱਖ-ਬੂਟੇ
ਪੇਕਿਆਂ ਵਾਲੇ ਗ੍ਰਾਵਾਂ ਦੇ।
ਮਾਪਿਆਂ ਮਗਰੋਂ ਪੇਕੇ ਹੁੰਦੇ
ਨਾਲ ਭਰਾਵਾਂ ਦੇ।
ਮਾਂ ਤੋਂ ਨਿੱਘਾ ਰਿਸ਼ਤਾ ਲੋਕੋ
ਜਗ 'ਤੇ ਸੋਹਣਾ ਨਈਂ,
ਧੀਆਂ ਤਾਂ ਸਦਾ ਉਡੀਕਣ
ਵਿਹੜੇ ਮਾਵਾਂ ਦੇ।
ਮਾਂ ਲਾਗੇ ਬਹਿ ਰੋਟੀ ਖਾਣੀ
ਸਮਾਂ ਉਹ ਬੀਤ ਗਿਆ,
ਜ਼ਿਕਰ ਨਹੀਂ ਹੁਣ ਸਾਂਝੇ
ਚੁੱਲ੍ਹੇ, ਸਾਂਝੀਆਂ ਥਾਵਾਂ ਦੇ।
ਰੋਜ਼ਗਾਰ ਲਈ ਪੁੱਤ ਜਾਂਦੇ
ਜਦ ਪਾਰ ਸਮੁੰਦਰਾਂ ਤੋਂ,
ਮਾਂ ਫਿਰ ਘੱਲਦੀ ਰਹੇ
ਅਸੀਸਾਂ ਹੱਥ ਹਵਾਵਾਂ ਦੇ।
ਵਿਹੜੇ ਦੀ ਇੱਕ ਨੁੱਕਰੇ ਮਾਂ ਨੇ
ਸੁਬ੍ਹਾ ਹੀ ਪਾ ਦੇਣੇ,
ਚੁਗਣ ਲਈ ਰੋਟੀ ਦੇ,
ਭੋਰੇ ਚਿੜੀਆਂ, ਕਾਵਾਂ ਦੇ।
ਕਈ ਜਨਮਾਂ ਤੱਕ ਬੰਦਿਆ
ਤੈਥੋਂ ਮੋੜ ਨਹੀਂ ਹੋਣੇ,
ਰੁੱਖਾਂ ਦੇ ਅਹਿਸਾਨ ਅਤੇ
ਦੂਜਾ ਕਰਜ਼ੇ ਮਾਵਾਂ ਦੇ।
ਮਾਂ ਦੇ ਹੁੰਦਿਆਂ ਰੱਬ ਦੀ ਨਹੀਂ
ਸੀ ਲੋੜ ਕਦੇ ਸਮਝੀ,
ਮਾਂ ਗੁਜ਼ਰੀ ਤਾਂ ਨਾਲ ਹੀ
ਗੁਜ਼ਰੇ ਦੌਰ ਦੁਆਵਾਂ ਦੇ।
ਉਸ ਨੂੰ ਕੀ ਹੈ ਲੋੜ 'ਸੇਖਵਾਂ'
ਕਿਸੇ ਸਵਰਗਾਂ ਦੀ,
ਸੁੱਖ ਹੰਢਾਏ ਜਿਸ ਨੇ
ਮਾਵਾਂ ਠੰਢੀਆਂ ਛਾਵਾਂ ਦੇ।

-ਜਸਵੰਤ ਸਿੰਘ ਸੇਖਵਾਂ

World Punjabi News
ਮੁਫ਼ਤ ਮੈਟਰੀਮੋਨੀਅਲ ਇਸ਼ਤਿਹਾਰ
ਲਗਾਉਣ ਲਈ ਸੰਪਰਕ ਕਰੋ:
Tel: +91 98155 88388
worldpunjabinews@gmail.com

connect with us:
worldpunjabinews

# ਦਿੱਲੀ ’ਚ ਲਾਗੂ ਨਹੀਂ ਹੋਵੇਗੀ ‘ਆਯੁਸ਼ਮਾਨ ਭਾਰਤ ਸਿਹਤ ਯੋਜਨਾ’ ਸੁਪਰੀਮ ਕੋਰਟ ਨੇ ਹਾਈ ਕੋਰਟ ਦੇ ਹੁਕਮ 'ਤੇ ਲਗਾਈ ਅੰਤਰਿਮ ਰੋਕ



ਨਵੀਂ ਦਿਲੀ: ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਦਿੱਲੀ ਹਾਈ ਕੋਰਟ ਦੇ ਉਸ ਹੁਕਮ 'ਤੇ ਰੋਕ ਲਗਾ ਦਿੱਤੀ ਜਿਸ ਵਿੱਚ ਦਿੱਲੀ ਸਰਕਾਰ ਨੂੰ ਰਾਸ਼ਟਰੀ ਰਾਜਧਾਨੀ ’ਚ ਆਯੁਸ਼ਮਾਨ ਭਾਰਤ ਯੋਜਨਾ ਨੂੰ ਲਾਗੂ ਕਰਨ ਲਈ ਕੇਂਦਰ ਨਾਲ ਇੱਕ ਸਮਝੌਤੇ 'ਤੇ ਦਸਤਖ਼ਤ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਸੁਪਰੀਮ ਕੋਰਟ ਦਾ ਇਹ ਹੁਕਮ ਦਿੱਲੀ ਸਰਕਾਰ ਵੱਲੋਂ ਦਿੱਲੀ ਹਾਈ ਕੋਰਟ ਦੇ ਉਸ ਹੁਕਮ ਵਿਰੁੱਧ ਦਾਇਰ ਪਟੀਸ਼ਨ 'ਤੇ ਸੁਣਵਾਈ ਦੌਰਾਨ ਆਇਆ, ਜਿਸ ’ਚ 'ਆਪ' ਸਰਕਾਰ ਨੂੰ ‘ਆਯੁਸ਼ਮਾਨ ਭਾਰਤ ਯੋਜਨਾ’ ਨੂੰ ਲਾਗੂ ਕਰਨ ਲਈ ਕੇਂਦਰ ਨਾਲ ਇੱਕ ਸਮਝੌਤਾ ਪੱਤਰ 'ਤੇ ਦਸਤਖ਼ਤ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਸੁਪਰੀਮ ਕੋਰਟ ’ਚ ਪੇਸ਼ ਹੁੰਦਿਆਂ, ਦਿੱਲੀ ਸਰਕਾਰ ਦੇ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਕਿ ਹਾਈ ਕੋਰਟ ਨੇ ਕੇਂਦਰ ਅਤੇ ਦਿੱਲੀ ਸਰਕਾਰ ਵਿਚਕਾਰ ਸ਼ਕਤੀ ਵੰਡ ਨੂੰ ਮੁੜ ਪਰਿਭਾਸ਼ਿਤ ਕੀਤਾ ਹੈ। ਸਿੰਘਵੀ ਨੇ ਸੁਪਰੀਮ ਕੋਰਟ ਵਿੱਚ ਪੇਸ਼ ਹੁੰਦਿਆਂ ਕਿਹਾ ਕਿ ਉਹ ਸਾਨੂੰ ਮਜ਼ਬੂਰ ਨਹੀਂ ਕਰ ਸਕਦੇ। ਹਾਈ ਕੋਰਟ ਮੈਨੂੰ ਨੀਤੀਗਤ ਮਾਮਲਿਆਂ 'ਤੇ ਕੇਂਦਰ ਸਰਕਾਰ ਨਾਲ ਸਮਝੌਤਾ ਪੱਤਰ 'ਤੇ ਦਸਤਖ਼ਤ ਕਰਨ ਲਈ ਕਿਵੇਂ ਮਜ਼ਬੂਰ ਕਰ ਸਕਦੀ ਹੈ? ਦਿੱਲੀ ਸਰਕਾਰ ਨੇ ਰਾਸ਼ਟਰੀ ਰਾਜਧਾਨੀ ’ਚ ਕੇਂਦਰ ਦੀ ਆਯੁਸ਼ਮਾਨ ਭਾਰਤ ਯੋਜਨਾ ਨੂੰ ਲਾਗੂ ਕਰਨ ਦਾ ਵਿਰੋਧ ਕੀਤਾ ਹੈ, ਇਹ ਕਹਿੰਦੇ ਹੋਏ ਕਿ ਇਹ ਪਹਿਲਾਂ ਤੋਂ ਮੌਜੂਦ ਸਿਹਤ ਸੰਭਾਲ ਪਹਿਲਕਦਮੀਆਂ ਨੂੰ "ਕਮਜ਼ੋਰ" ਕਰੇਗੀ। ਸਰਕਾਰ ਦੀ ਪ੍ਰਮੁੱਖ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ ਦੇ ਤਹਿਤ, 70 ਸਾਲ ਤੋਂ ਵੱਧ ਉਮਰ ਦੇ ਬਜ਼ੁਰਗ ਨਾਗਰਿਕ ਪ੍ਰਤੀ ਪਰਿਵਾਰ ਪ੍ਰਤੀ ਸਾਲ 5 ਲੱਖ ਰੁਪਏ ਤੱਕ ਦੀ ਨਕਦ ਰਹਿਤ ਸਿਹਤ ਕਵਰੇਜ ਦੇ ਹੱਕਦਾਰ ਹਨ। ਵੱਡੀਆਂ ਸਰਜਰੀਆਂ, ਪੁਰਾਣੀਆਂ ਬਿਮਾਰੀਆਂ ਦੇ ਇਲਾਜ, ਅਤੇ ਵਿਸ਼ੇਸ਼ ਸਿਹਤ ਸੰਭਾਲ ਸੇਵਾਵਾਂ ਸਮੇਤ ਕਈ ਤਰ੍ਹਾਂ ਦੀਆਂ ਸਥਿਤੀਆਂ ਲਈ ਹਸਪਤਾਲ ’ਚ ਭਰਤੀ ਹੋਣ ਦੇ ਖਰਚਿਆਂ ਨੂੰ ਕਵਰ ਕਰਦਾ ਹੈ ਜੋ ਤੁਹਾਡੀ ਉਮਰ ਦੇ ਨਾਲ-ਨਾਲ ਜ਼ਰੂਰੀ ਹੋ ਜਾਂਦੀਆਂ ਹਨ।

# ਪੁਲੀਸ ਖ਼ਿਲਾਫ਼ ਕੈਮਿਸਟਾਂ ਨੇ ਬੰਦ ਰੱਖੀਆਂ ਦੁਕਾਨਾਂ, ਲਾਇਆ ਧਰਨਾ



ਬਠਿੰਡਾ। ਸ਼ਹਿਰ ਦੇ ਥੋਕ ਦਵਾਈ ਵ੍ਰਿਕੇਤਾ ਦੇ ਇੱਕ ਕਰਮਚਾਰੀ ਖ਼ਿਲਾਫ਼ ਬੀਤੇ ਦਿਨੀਂ ਰਾਮਾਂ ਮੰਡੀ ਦੀ ਪੁਲੀਸ ਵੱਲੋਂ ਦਰਜ ਐੱਨ.ਡੀ.ਪੀ.ਐੱਸ. ਐਕਟ ਤਹਿਤ ਪਰਚੇ ਨੇ ਕੈਮਿਸਟਾਂ ਨੂੰ ਅੱਜ ਸੜਕਾਂ ’ਤੇ ਲੈ ਆਂਦਾ। ਸ਼ਹਿਰ ਦੇ ਕੈਮਿਸਟਾਂ ਨੇ ਅੱਜ ਆਪਣੇ ਕਾਰੋਬਾਰ ਠੱਪ ਕਰ ਕੇ, ਇੱਥੇ ਆਪਣੀਆਂ ਦੁਕਾਨਾਂ ਨੇੜੇ ਸੜਕ ’ਤੇ ਧਰਨਾ ਲਾ ਕੇ ਰੇਲਵੇ ਰੋਡ ਠੱਪ ਕਰ ਦਿੱਤੀ। ਪ੍ਰਦਰਸ਼ਨਕਾਰੀਆਂ ਦੀ ਅਗਵਾਈ ਕਰ ਰਹੇ ਕੈਮਿਸਟਾਂ ਨੇ ਕਿਹਾ ਕਿ ਬੀਤੇ ਦਿਨ ਇੱਕ ਹੋਲਸੇਲਰ ਕੈਮਿਸਟ ਦਾ ਮੁਲਾਜ਼ਮ ਬਠਿੰਡਾ ਜ਼ਿਲ੍ਹੇ ਦੀ ਰਾਮਾਂ ਮੰਡੀ ਵਿਖੇ ਪ੍ਰਚੂਨ ਦਵਾਈ ਵਿਕ੍ਰੇਤਾ ਦੁਕਾਨਦਾਰਾਂ ਦਾ ਮਾਲ ਦੇਣ ਗਿਆ ਸੀ। ਬਠਿੰਡੇ ਦੀ ਵਾਪਸੀ ਲਈ ਜਦੋਂ ਉਹ ਰਾਮਾਂ ਮੰਡੀ ਰੇਲਵੇ ਸਟੇਸ਼ਨ ’ਤੇ ਖੜ੍ਹਾ ਸੀ, ਤਾਂ ਉਥੋਂ ਦੀ ਪੁਲੀਸ ਨੇ ਉਸ ਨੂੰ ਹਿਰਾਸਤ ’ਚ ਲੈ ਕੇ ਪਰਚਾ ਦਰਜ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਮੁਲਾਜ਼ਮ ਲੜਕੇ ਕੋਲ ਦੋ ਪੱਤੇ (30 ਗੋਲ਼ੀਆਂ) ਕਨੋਜਾਪਾਮ ਦੇ ਸਨ। ਇਹ ਦਵਾਈ ਰਾਮਾਂ ਦੇ ਇਕ ਕੈਮਿਸਟ ਨੇ ਦਵਾਈ ਦੀ ਮਿਆਦ (ਦਸੰਬਰ 2024) ਪੁੱਗਣ ਕਰ ਕੇ ਵਾਪਸ ਕੀਤੀ ਸੀ। ਉਨ੍ਹਾਂ ਦੱਸਿਆ ਕਿ ਉਸ ਦੁਕਾਨਦਾਰ ਨੇ ਕੁੱਲ ਤਿੰਨ ਪੱਤੇ ਖਰੀਦੇ ਸਨ, ਜਿਸ ਵਿੱਚੋਂ ਉਸ ਨੇ ਜੋ ਇੱਕ ਪੱਤਾ ਵੇਚਿਆ, ਬਕਾਇਦਾ ਉਸ ਦੇ ਬਿੱਲ/ਰਸੀਦ ਆਦਿ ਪੁਲੀਸ ਨੂੰ ਵਿਖਾਏ ਗਏ, ਪਰ ਇਸ ਦੇ ਬਾਵਜੂਦ ਪੁਲੀਸ ਨੇ ਪਰਚਾ ਦਰਜ ਕਰ ਦਿੱਤਾ। ਵਿਖਾਵਾਕਾਰੀ ਕੈਮਿਸਟਾਂ ਵੱਲੋਂ ਮੰਗ ਕੀਤੀ ਗਈ ਕਿ ਦਰਜ ਕੀਤਾ ਗਿਆ ਪਰਚਾ ਫੌਰੀ ਰੱਦ ਕਰਕੇ ਗ੍ਰਿਫ਼ਤਾਰ ਕੀਤੇ ਲੜਕੇ ਨੂੰ ਰਿਹਾਅ ਕੀਤਾ ਜਾਵੇ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਸਿਹਤ ਵਿਭਾਗ ਜਦੋਂ ਵੀ ਮਰਜ਼ੀ ਕੈਮਿਸਟਾਂ ਦੇ ਵਪਾਰਕ ਕੇਂਦਰਾਂ ਦੀ ਚੈਕਿੰਗ ਕਰਨ ਪਰ ਪੁਲੀਸ ਉਨ੍ਹਾਂ ਨੂੰ ਖੱਜਲ ਕਰਦੀ ਹੈ, ਇਸ ਲਈ ਪੜਤਾਲੀਆ ਕਾਰਵਾਈਆਂ ਤੋਂ ਦੂਰ ਹੀ ਰੱਖਿਆ ਜਾਵੇ।

# ਆਦਿਵਾਸੀ ਇਲਾਕਿਆਂ ’ਚ ਹਕੂਮਤੀ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ 19 ਜਨਵਰੀ ਨੂੰ



ਬਰਨਾਲਾ। ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ 19 ਜਨਵਰੀ ਨੂੰ ਤਰਕਸ਼ੀਲ ਭਵਨ ਬਰਨਾਲਾ ਵਿਖੇ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ ਕੀਤੀ ਜਾਵੇਗੀ। ਫਰੰਟ ਦੇ ਸੂਬਾਈ ਆਗੂਆਂ ਡਾ.ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ ਅਤੇ ਬੂਟਾ ਸਿੰਘ ਮਹਿਮੂਦਪੁਰ ਨੇ ਦੱਸਿਆ ਕਿ ਕਨਵੈਨਸ਼ਨ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਚਲਾਏ ਜਾ ਰਹੇ ਰਾਜਕੀ ਦਹਿਸ਼ਤਵਾਦ ਪਿੱਛੇ ਕੰਮ ਕਰਦੇ ਕਾਰਪੋਰੇਟ-ਹਿੰਦੂਤਵ ਗੱਠਜੋੜ ਦੇ ਅਸਲ ਮਨੋਰਥ ਬਾਰੇ ਸਪਸ਼ਟ ਕਰਨ ਅਤੇ ਇਸ ਫਾਸ਼ੀਵਾਦੀ ਵਰਤਾਰੇ ਨੂੰ ਠੱਲ ਪਾਉਣ ਲਈ ਵਿਸ਼ਾਲ ਜਮਹੂਰੀ ਲਹਿਰ ਖੜ੍ਹੀ ਕਰਨ ਦੀ ਲੋੜ ਨੂੰ ਮੁਖ਼ਾਤਿਬ ਹੋਵੇਗੀ।ਕਨਵੈਨਸ਼ਨ ਵਿਚ ਮੁੱਖ ਵਕਤਾ ਲੋਕ ਹੱਕਾਂ ਦੀ ਉੱਘੀ ਕਾਰਕੁਨ ਬੇਲਾ ਭਾਟੀਆ, ਜੋ ਕਿ ਬਸਤਰ ਆਧਾਰਤ ਖੋਜਕਰਤਾ ਅਤੇ ਆਦਿਵਾਸੀ ਹੱਕਾਂ ਦੀ ਉੱਘੀ ਝੰਡਾਬਰਦਾਰ ਹੈ, ਅਤੇ ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ ਹੋਣਗੇ। ਕਨਵੈਨਸ਼ਨ ਦੀ ਤਿਆਰੀ ਲਈ ਵੱਖ-ਵੱਖ ਇਲਾਕਿਆਂ ਵਿਚ ਜਨਤਕ ਮੁਹਿੰਮ ਚਲਾ ਕੇ ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਵਕੀਲਾਂ, ਪੱਤਰਕਾਰਾਂ ਸਮੇਤ ਸਮੂਹ ਲੋਕਪੱਖੀ ਅਗਾਂਹਵਧੂ ਸੰਸਥਾਵਾਂ ਅਤੇ ਤਾਕਤਾਂ ਨੂੰ ਦਣਦਣਾ ਰਹੇ ਜਾਬਰ ਹਮਲੇ ਵਿਰੁੱਧ ਆਵਾਜ਼ ਉਠਾਉਣ ਦਾ ਸੱਦਾ ਦਿੰਦੇ ਹੋਏ ਅਤੇ ਇਹ ਮੰਗ ਕਰਦੇ ਹੋਏ ਲੋਕ-ਰਾਇ ਉਸਾਰੀ ਜਾ ਰਹੀ ਹੈ ਕਿ ਆਦਿਵਾਸੀ ਇਲਾਕਿਆਂ ਵਿਚ ਨਕਸਲੀਆਂ ਅਤੇ ਆਦਿਵਾਸੀਆਂ ਦਾ ਕਤਲੇਆਮ ਬੰਦ ਕੀਤਾ ਜਾਵੇ, ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਤੇ ਰਾਜਨੀਤਕ ਕਾਰਕੁਨਾਂ ਨੂੰ ਰਿਹਾ ਕੀਤਾ ਜਾਵੇ।

# ਡੱਲੇਵਾਲ ਪ੍ਰਤੀ ਕੇਂਦਰ ਤੇ ਪੰਜਾਬ ਸਰਕਾਰ ਸੰਵੇਦਨਸ਼ੀਲ ਨਹੀਂ: ਗਹਿਲੋਤ



ਜੈਪੁਰ। ਰਾਜਸਥਾਨ ਦੇ ਸਾਬਕਾ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਅੱਜ ਕੇਂਦਰ ਦੇ ਪੰਜਾਬ ਸਰਕਾਰ ’ਤੇ ਮਰਨ ਵਰਤ ’ਤੇ ਬੈਠੇ ਕਿਸਾਨ ਆਗੂ ਜਗਦੀਪ ਸਿੰਘ ਡੱਲੇਵਾਲ ਪ੍ਰਤੀ ਸੰਵੇਦਨਹੀਣਤਾ ਦਿਖਾਉਣ ਦਾ ਦੋਸ਼ ਲਾਇਆ। ਕਾਂਗਰਸ ਆਗੂ ਨੇ ਕਿਹਾ ਕਿ ਇਹੀ ਕਾਰਨ ਹੈ ਕਿ 111 ਹੋਰ ਕਿਸਾਨ ਸਰਕਾਰ ਸਾਹਮਣੇ ਆਪਣੀ ਗੱਲ ਰੱਖਣ ਲਈ ਭੁੱਖ ਹੜਤਾਲ ’ਤੇ ਚਲੇ ਗਏ ਹਨ। ਗਹਿਲੋਤ ਨੇ ਕਿਹਾ, ‘ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਭੁੱਖ ਹੜਤਾਲ ’ਤੇ ਬੈਠਿਆਂ ਹੁਣ 51 ਦਿਨ ਹੋ ਗਏ ਹਨ। ਉਨ੍ਹਾਂ ਦੀ ਸਿਹਤ ਲਗਾਤਾਰ ਵਿਗੜ ਰਹੀ ਹੈ। ਇਨ੍ਹਾਂ 51 ਦਿਨਾਂ ਅੰਦਰ ਕੇਂਦਰ ਤੇ ਪੰਜਾਬ ਸਰਕਾਰ ਨੇ ਪੂਰੀ ਤਰ੍ਹਾਂ ਸੰਵੇਦਨਹੀਣਤਾ ਦਿਖਾਈ ਹੈ।’ ਗਹਿਲੋਤ ਨੇ ਭਾਜਪਾ ਤੇ ਆਰਐੱਸਐੱਸ ’ਤੇ ਇਤਿਹਾਸਕ ਤੱਥਾਂ ਨੂੰ ਵਿਗਾੜਨ ਦੀ ਮੁਹਿੰਮ ਸ਼ੁਰੂ ਕਰਨ ਦਾ ਦੋਸ਼ ਲਾਇਆ।

# ਅਮਰੀਕਾ ਤੋਂ ਪਰਤੇ ਨੌਜਵਾਨ ਨੇ ਗੱਡੀ ’ਚ ਗੋਲੀ ਮਾਰ ਕੇ ਕੀਤੀ ‘ਆਤਮ ਹੱਤਿਆ’



ਮਾਛੀਵਾੜਾ: ਇੱਥੋਂ ਨੇੜਲੇ ਪਿੰਡ ਗੌਂਸਗੜ੍ਹ ਦੇ ਨੌਜਵਾਨ ਸੁਰਿੰਦਰ ਸਿੰਘ ਛਿੰਦਾ ਨੇ ਅੱਜ ਆਪਣੀ ਗੱਡੀ ਵਿਚ ਲਾਇਸੈਂਸੀ ਪਿਸਤੌਲ ਨਾਲ ਗੋਲੀ ਮਾਰ ਕੇ ਖ਼ੁਦਕੁਸ਼ੀ ਕਰ ਲਈ। ਸੁਰਿੰਦਰ ਕਰੀਬ ਸਾਲ ਪਹਿਲਾਂ ਅਮਰੀਕਾ ਤੋਂ ਪਰਤਿਆ ਸੀ ਤੇ ਹੁਣ ਪਿੰਡ ਵਿਚ ਆਪਣੇ ਪਰਿਵਾਰ ਨਾਲ ਖੇਤੀਬਾੜੀ ਤੇ ਡੇਅਰੀ ਦਾ ਕੰਮ ਕਰਦਾ ਸੀ। ਅੱਜ ਸਵੇਰੇ ਆਪਣੇ ਪਿੰਡ ਨੇੜੇ ਸੜਕ ’ਤੇ ਉਸ ਨੇ ਗੱਡੀ ਵਿਚ ਖ਼ੁਦ ਨੂੰ ਗੋਲੀ ਮਾਰ ਲਈ, ਜਿਸ ਤੋਂ ਬਾਅਦ ਉਸ ਦੀ ਗੱਡੀ ਬੇਕਾਬੂ ਹੋ ਕੇ ਸੜਕ ਕੰਢੇ ਖੰਭੇ ਨਾਲ ਟਕਰਾਅ ਕੇ ਖੇਤਾਂ ’ਚ ਜਾ ਡਿੱਗੀ। ਹਾਦਸੇ ਮੌਕੇ ਨੇੜੇ ਖੇਤਾਂ ਵਿਚ ਕੰਮ ਕਰ ਰਹੇ ਜਗਰੂਪ ਸਿੰਘ ਨੇ ਦੱਸਿਆ ਕਿ ਜਦੋਂ ਉਸ ਨੇ ਮੌਕੇ ’ਤੇ ਜਾ ਕੇ ਦੇਖਿਆ ਤਾਂ ਨੌਜਵਾਨ ਡਰਾਈਵਰ ਸੀਟ ’ਤੇ ਪਿਆ ਸੀ। ਜਗਰੂਪ ਅਨੁਸਾਰ ਉਸ ਨੇ ਸ਼ੀਸ਼ਾ ਤੋੜ ਕੇ ਨੌਜਵਾਨ ਬਾਹਰ ਕੱਢਿਆ ਪਰ ਛਾਤੀ ਵਿਚ ਗੋਲੀ ਲੱਗਣ ਕਾਰਨ ਉਸ ਦੀ ਮੌਤ ਹੋ ਚੁੱਕੀ ਸੀ। ਜਾਣਕਾਰੀ ਅਨੁਸਾਰ ਸੁਰਿੰਦਰ ਦੇ 2 ਗੋਲੀਆਂ ਲੱਗੀਆਂ, ਜਿਸ ’ਚੋਂ ਇੱਕ ਉਸ ਦੀ ਲੱਤ ਅਤੇ ਦੂਜੀ ਉਸ ਦੀ ਛਾਤੀ ’ਚ ਵੱਜੀ। ਸੂਚਨਾ ਮਿਲਦੇ ਹੀ ਪੁਲੀਸ ਜ਼ਿਲ੍ਹਾ ਖੰਨਾ ਦੇ ਐੱਸ.ਐੱਸ.ਪੀ. ਅਸ਼ਵਨੀ ਗੋਟਿਆਲ, ਡੀ.ਐੱਸ.ਪੀ. (ਡੀ) ਸੁਖਪ੍ਰੀਤ ਸਿੰਘ ਰੰਧਾਵਾ ਅਤੇ ਥਾਣਾ ਮੁਖੀ ਪਵਿੱਤਰ ਸਿੰਘ ਵੀ ਮੌਕੇ ’ਤੇ ਪਹੁੰਚ ਗਏ। ਡੀ.ਐੱਸ.ਪੀ. ਸੁਖਪ੍ਰੀਤ ਸਿੰਘ ਰੰਧਾਵਾ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਮਾਮਲਾ ਆਤਮ ਹੱਤਿਆ ਦਾ ਲੱਗ ਰਿਹਾ ਹੈ ਪਰ ਫਿਰ ਵੀ ਪੁਲੀਸ ਵੱਖ ਵੱਖ ਪਹਿਲੂਆਂ ਤੋਂ ਜਾਂਚ ਕਰ ਰਹੀ ਹੈ। ਪਰਿਵਾਰਕ ਮੈਂਬਰਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ, ਫਿਲਹਾਲ ਆਤਮ ਹੱਤਿਆ ਦੇ ਕਾਰਨਾਂ ਦਾ ਕੋਈ ਪਤਾ ਨਹੀਂ ਲੱਗ ਸਕਿਆ। ਉਸ ਦੇ ਪਰਿਵਾਰ ਵਿੱਚ ਪਿੱਛੇ ਪਤਨੀ ਅਤੇ ਬੱਚਾ ਹੈ।

# ਮੁੱਖ ਸਿਰਲੇਖ ਦਾ ਆਕਾਰ - 20 - ਮੁੱਖ ਸਿਰਲੇਖ ਦਾ ਆਕਾਰ



ਜਲੰਧਰ। ਪੰਜਾਬ ਵਿਜੀਲੈਂਸ ਬਿਊਰੋ ਨੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਦਫ਼ਤਰ ਭੋਗਪੁਰ ਜ਼ਿਲ੍ਹਾ ਜਲੰਧਰ ਵਿੱਚ ਤਾਇਨਾਤ ਜੂਨੀਅਰ ਇੰਜਨੀਅਰ (ਜੇ.ਈ.) ਮਨਜੀਤ ਸਿੰਘ ਅਤੇ ਲਾਈਨਮੈਨ ਹਰਜੀਤ ਸਿੰਘ ਨੂੰ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 5000 ਰੁਪਏ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਅੱਜ ਇੱਥੇ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮਾਂ ਨੂੰ ਸੁਮੀਤ ਵਧਵਾ ਵਾਸੀ ਸੁਦਰਸ਼ਨ ਪਾਰਕ, ਮਕਸੂਦਾਂ, ਜਲੰਧਰ ਸ਼ਹਿਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰ ਕੇ ਦੋਸ਼ ਲਾਇਆ ਕਿ ਉਕਤ ਦੋਵੇਂ ਮੁਲਜ਼ਮ ਉਸ ਦੀ ਰਿਹਾਇਸ਼ ’ਤੇ ਲੱਗੇ ਹੋਏ ਪੁਰਾਣੇ ਮੀਟਰ ਨੂੰ ਲਾਹੁਣ ਅਤੇ ਬਿਜਲੀ ਦਾ ਨਵਾਂ ਮੀਟਰ ਲਗਾਉਣ ਬਦਲੇ 10 ਹਜ਼ਾਰ ਰੁਪਏ ਰਿਸ਼ਵਤ ਮੰਗ ਰਹੇ ਹਨ। ਸ਼ਿਕਾਇਤ ਵਿੱਚ ਅੱਗੇ ਦੱਸਿਆ ਗਿਆ ਹੈ ਕਿ ਉਕਤ ਲਾਈਨਮੈਨ ਯੂ.ਪੀ.ਆਈ. ਪੇਮੈਂਟ ਰਾਹੀਂ ਪਹਿਲਾਂ ਵੀ 5000 ਰੁਪਏ ਲੈ ਚੁੱਕਾ ਹੈ ਅਤੇ ਰਿਸ਼ਵਤ ਦੀ ਬਾਕੀ ਰਹਿੰਦੀ ਰਕਮ ਵਜੋਂ 5000 ਰੁਪਏ ਮੰਗ ਰਿਹਾ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਮਗਰੋਂ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਮੁਲਜ਼ਮ ਉਕਤ ਲਾਈਨਮੈਨ ਅਤੇ ਜੇਈ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ ਰਿਸ਼ਵਤ ਦੀ ਦੂਜੀ ਕਿਸ਼ਤ ਵਜੋਂ 5 ਹਜ਼ਾਰ ਰੁਪਏ ਲੈਂਦਿਆਂ ਮੌਕੇ ’ਤੇ ਹੀ ਕਾਬੂ ਕਰ ਲਿਆ। ਇਸ ਸਬੰਧੀ ਦੋਵਾਂ ਮੁਲਜ਼ਮਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਥਾਣਾ ਜਲੰਧਰ ਰੇਂਜ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਇਸ ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।

# ਵਿਵਾਦਤ ਬਣੀ ਹੌਦੀ ਕਾਰਣ ਫਿਰ ਫਿਰ ਹੋਇਆ ਕਾਰ ਹਾਦਸਾ





ਕਪੂਰਥਲ । ਸੁਲਤਾਨਪੁਰ ਲੋਧੀ ਤੋਂ ਮੁੰਡੀ ਮੋੜ ਨੂੰ ਜਾਂਦੀ ਚਾਰ ਮਾਰਗੀ ਸੜਕ ਤੇ ਡੋਲਾ ਟੀ ਪੁਆਇੰਟ ਤੇ ਹੌਦੀ ਦੇ ਬੰਦ ਹੋਣ ਕਾਰਨ ਗੰਦੇ ਪਾਣੀ ਅਤੇ ਚਿਕੜੀ ਕਾਰਨ ਸਵੇਰੇ 8 ਵਜੇ ਦੇ ਕਰੀਬ ਇੱਕ ਕਾਰ ਹਾਦਸੇ ਦਾ ਸ਼ਿਕਾਰ ਹੋ ਗਈ। ਕਾਰ ਸਵਾਰ ਨੌਜਵਾਨ ਸਰਬਜੀਤ ਸਿੰਘ ਨੇ ਦੱਸਿਆ ਕਿ ਅਸੀਂ ਪਿੰਡ ਗੱਲੀ ਸ਼ਾਹਕੋਟ( ਜਲੰਧਰ) ਤੋਂ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਮੱਥਾ ਟੇਕਣ ਲਈ ਜਾ ਰਹੇ ਸੀ। ਜਦੋਂ ਅਸੀਂ ਪਿੰਡ ਤਲਵੰਡੀ ਚੌਧਰੀਆਂ ਪੁੱਜੇ ਤਾਂ ਅੱਗੇ ਹੀ ਸ਼ਾਇਦ ਕੋਈ ਟੋਇਆ ਸੀ । ਜਿੱਥੇ ਪੱਥਰ ਅਤੇ ਪੁਲਿਸ ਟਰੈਫਿਕ ਬੋਰਡ ਰੱਖਿਆ ਹੋਇਆ ਸੀ। ਚਿੱਕੜ ਕਾਰਣ ਕਾਰ ਸਲਿਪ ਹੋ ਗਈ ਬੋਰਡ ਅਤੇ ਹੋਦੀ ਤੋਂ ਬਚਾਉਂਦੇ ਕਾਰ ਡਿਵਾਈਡਰ ਵਿੱਚ ਵੱਜ ਗਈ। ਸਾਡੀ ਜਾਨ ਤਾਂ ਬਚ ਗਈ , ਪਰ ਗੱਡੀ ਦਾ ਬਹੁਤ ਨੁਕਸਾਨ ਹੋਇਆ । ਸਰਬਜੀਤ ਨੇ ਦੱਸਿਆ ਕਿ ਮੇਰਾ 20 ਦਿਨ ਬਾਅਦ ਵਿਆਹ ਹੈ। ਉਸ ਤੋਂ ਬਾਅਦ ਉਹ ਗੱਡੀ ਕਿਰਾਏ ਤੇ ਲੈ ਕੇ ਹਰਿਮੰਦਰ ਸਾਹਿਬ ਅੰਮ੍ਰਿਤਸਰ ਗਏ। ਸਰਬਜੀਤ ਅਤੇ ਉਸ ਦੇ ਸਾਥੀਆਂ ਨੇ ਸਰਕਾਰ ਅਤੇ ਪ੍ਰਸ਼ਾਸਨ ਪਾਸੋਂ ਮੰਗ ਕੀਤੀ ਹੈ ਕਿ ਨੀਵੀਂ ਸੜਕ ਉੱਚੀ ਕੀਤੀ ਜਾਵੇ ਅਤੇ ਹੌਦੀ ਨੂੰ ਸੜਕ ਚੋਂ ਬਾਹਰ ਕੱਢਿਆ ਜਾਵੇ ਤਾਂ ਜੋ ਗੰਦਾ ਪਾਣੀ ਸੜਕ ਤੇ ਨਾ ਖੜਾ ਹੋਵੇ। ਇਸ ਸਬੰਧੀ ਜਦੋਂ ਪਿੰਡ ਦੇ ਸਰਪੰਚ ਬਲਵਿੰਦਰ ਸਿੰਘ ਲੱਡੂ ਨਾਲ ਗੱਲਬਾਤ ਕੀਤੀ ਤਾਂ ਉਹਨਾਂ ਦੱਸਿਆ ਪੰਚਾਇਤ ਨੇ ਹੌਦੀ ਤੇ ਕਈ ਵਾਰ ਸਲੈਬ ਪਾਈ ਹੈ ਪਰ ਭਾਰੇ ਵਹੀਕਲ ਲੰਘਣ ਕਾਰਨ ਸਲੈਬ ਟੁੱਟ ਕੇ ਹੌਦੀ ਵਿੱਚ ਡਿੱਗ ਪੈਂਦੀ ਹੈ ਤੇ ਹੌਦੀ ਬੰਦ ਹੋ ਜਾਂਦੀ। ਸੜਕ ਨੀਵੀ ਹੋਣ ਕਾਰਣ ਪਾਣੀ ਖੜ੍ਹਾ ਹੋ ਜਾਂਦਾ। ਜੋ ਆਵਾਜਾਈ ਲਈ ਮੁਸੀਬਤ ਬਣਦਾ ਹੈ। ਅਸੀਂ ਪ੍ਰਸ਼ਾਸਨ, ਅਧਿਕਾਰੀਆਂ ਤੇ ਠੇਕੇਦਾਰ ਨੂੰ ਕਈ ਵਾਰੀ ਅਪੀਲ ਕਰ ਚੁੱਕੇ ਹਾਂ ਪਰ ਕੋਈ ਸੁਣਦਾ ਨਹੀਂ।

# ਮਾਨ ਵੱਲੋਂ ਦਿੱਲੀ ਵਿੱਚ 'ਆਪ' ਉਮੀਦਵਾਰਾਂ ਦੇ ਹੱਕ 'ਚ ਪ੍ਰਚਾਰ



ਚੰਡੀਗੜ੍ਹ। ਦਿੱਲੀ ਵਿੱਚ ਪੰਜ ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਕਈ ਕੈਬਨਿਟ ਮੰਤਰੀਆਂ, ਵਿਧਾਇਕਾਂ ਤੇ ਹੋਰ ਸੀਨੀਅਰ ਆਗੂਆਂ ਨੇ ਦਿੱਲੀ ਵਿੱਚ ਡੇਰੇ ਲਾ ਲਏ ਹਨ। ਅੱਜ ਭਗਵੰਤ ਸਿੰਘ ਮਾਨ ਨੇ ਦਿੱਲੀ ਵਿੱਚ 'ਆਪ' ਉਮੀਦਵਾਰਾਂ ਦੇ ਹੱਕ ਵਿੱਚ ਵਿਧਾਨ ਸਭਾ ਹਲਕਾ ਪਟੇਲ ਨਗਰ, ਕਰੋਲ ਬਾਗ਼ ਤੇ ਮੋਤੀ ਨਗਰ ਵਿੱਚ ਰੋਡ ਸ਼ੋਅ ਕੀਤੇ। ਇਸ ਦੇ ਨਾਲ ਹੀ ਸ਼ਾਮ ਸਮੇਂ ਵਿਧਾਨ ਸਭਾ ਹਲਕਾ ਤਿਲਕ ਨਗਰ ਵਿੱਚ ਜਨ ਸਭਾ ਵਿੱਚ ਹਿੱਸਾ ਲਿਆ। ਇਸ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦਿੱਲੀ ਦੇ ਲੋਕਾਂ ਨੂੰ 'ਆਪ' ਦੇ ਉਮੀਦਵਾਰਾਂ ਨੂੰ ਵੋਟ ਪਾ ਕੇ ਕਾਮਯਾਬ ਕਰਨ ਦੀ ਅਪੀਲ ਕੀਤੀ। ਸ੍ਰੀ ਮਾਨ ਨੇ ਵੱਖ-ਵੱਖ ਥਾਵਾਂ 'ਤੇ ਸੰਬੋਧਨ ਕਰਦਿਆਂ ਕਿਹਾ ਕਿ 'ਆਪ' ਨਫ਼ਤਰ ਦੀ ਥਾਂ ਕੰਮ ਦੀ ਰਾਜਨੀਤੀ ਕਰਦੀ ਹੈ। 'ਆਪ' ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਇਮਾਨਦਾਰ ਰਾਜਨੀਤੀ ਰਾਹੀਂ ਦੇਸ਼ ਦੀ ਸੇਵਾ ਕਰਨ ਲਈ ਬਤੌਰ ਇਨਕਮ ਟੈਕਸ ਕਮਿਸ਼ਨਰ ਦੀ ਨੌਕਰੀ ਛੱਡ ਦਿੱਤੀ। ਉਨ੍ਹਾਂ ਦੀ ਇਮਾਨਦਾਰੀ ਰਵਾਇਤੀ ਪਾਰਟੀਆਂ ਲਈ ਖ਼ਤਰਾ ਹੈ ਜੋ ਲੋਕਾਂ ਦੀ ਭਲਾਈ ਨਾਲੋਂ ਆਪਣੀ ਸ਼ਕਤੀ ਨੂੰ ਤਰਜੀਹ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ 'ਆਪ' ਨੇ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਜੋ ਵਾਅਦੇ ਕੀਤੇ ਸਨ, ਉਹ ਪੂਰੇ ਕਰ ਕੇ ਦਿਖਾਏ ਹਨ। ਅੱਜ ਪੰਜਾਬ ਦੇ 90 ਫ਼ੀਸਦ ਘਰਾਂ ਦੇ ਬਿਜਲੀ ਦੇ ਬਿਲ ਜ਼ੀਰੋ ਆ ਰਹੇ ਹਨ। ਮੁਹੱਲਾ ਕਲੀਨਿਕਾਂ ਰਾਹੀਂ ਲੋਕਾਂ ਨੂੰ ਮੁਫ਼ਤ ਇਲਾਜ ਮਿਲ ਰਿਹਾ ਹੈ ਅਤੇ ਸਰਕਾਰੀ ਸਕੂਲਾਂ ਦੀ ਹਾਲਤ ਬਦਲ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ 'ਆਪ' ਸਰਕਾਰ ਨੇ ਐੱਸਐੱਸਐੱਫ (ਸੜਕ ਸੁਰੱਖਿਆ ਫੋਰਸ) ਨਾਮਕ ਸੜਕ ਸੁਰੱਖਿਆ ਫੋਰਸ ਦੀ ਸ਼ੁਰੂਆਤ ਕੀਤੀ। ਉਸ ਨੇ ਇਕ ਸਾਲ ਵਿੱਚ 1,500 ਤੋਂ ਵੱਧ ਜਾਨਾਂ ਬਚਾਈਆਂ ਹਨ। ਸ੍ਰੀ ਮਾਨ ਨੇ ਵਿਰੋਧੀ ਪਾਰਟੀਆਂ 'ਤੇ ਹਮਲਾ ਕਰਦਿਆਂ ਕਿਹਾ ਕਿ ਕਾਂਗਰਸ ਜ਼ੀਰੋ ਸੀਟਾਂ ਦਾ ਆਪਣਾ ਰਿਕਾਰਡ ਬਰਕਰਾਰ ਰੱਖੇਗੀ। ਭਾਜਪਾ ਝੂਠ ਫੈਲਾਅ ਰਹੀ ਹੈ, ਪਰ ਲੋਕ ਸੱਚ ਜਾਣਦੇ ਹਨ। ਉਨ੍ਹਾਂ ਕਿਹਾ ਕਿ ਪੰਜ ਫਰਵਰੀ ਨੂੰ ਇਮਾਨਦਾਰ ਅਤੇ ਦਿੱਲੀ ਦੇ ਵਿਕਾਸ ਲਈ ਸਿਰਫ਼ 'ਆਪ' ਦਾ ਸਾਥ ਦਿੱਤਾ ਜਾਵੇ।

## ਪੰਜਾਬ ਰੋਡਵੇਜ ਰਿਟਾਇਰਡ ਇੰਪ: ਵੈਲਫੇਅਰ ਐਸੋਸੀਏਸ਼ਨ ਨੇ ਮਹੀਨਾਵਾਰ ਮੀਟਿੰਗ ਕੀਤੀ



ਹੁਸ਼ਿਆਰਪੁਰ। ਪੰਜਾਬ ਰੋਡਵੇਜ ਰਿਟਾਇਰਡ ਇੰਪ: ਵੈਲਫੇਅਰ ਐਸੋਸੀਏਸ਼ਨ (ਰਜਿ:) ਹੁਸ਼ਿਆਰਪੁਰ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਸ਼੍ਰੀ ਅਨਿਲ ਕੁਮਾਰ ਸਾਬਕਾ ਜਨਰਲ ਮੈਨੇਜਰ ਦੀ ਪ੍ਰਧਾਨਗੀ ਹੇਠ ਬੱਸ ਸਟੈਂਡ ਹੁਸ਼ਿਆਰਪੁਰ ਵਿਖੇ ਹੋਈ। ਮੀਟਿੰਗ ਸ਼ੁਰੂ ਕਰਨ ਤੇ ਪ੍ਰਧਾਨ ਸ਼੍ਰੀ ਅਨਿਲ ਕੁਮਾਰ ਜੀ ਨੇ ਸਾਥੀਆਂ ਨੂੰ ਨਵੇ ਸਾਲ 2025 ਦੀਆਂ ਸ਼ੁਭਕਾਮਨਾਵਾਂ ਦਿੰਦਿਆ ਕਿਹਾ ਕਿ ਇਹ ਨਵਾਂ ਸਾਲ 2025 ਸਾਰੀ ਲੁਕਾਈ ਲਈ ਖੁਸ਼ੀਆਂ ਭਰਿਆ ਹੋਵੇ। ਉਪਰੰਤ ਇਸ ਐਸੋਸੀਏਸ਼ਨ ਵਿੱਚ ਨਵੇਂ ਆਏ ਮੈਂਬਰ ਸ: ਰਣਜੀਤ ਸਿੰਘ ਸਾਬਕਾ ਡਰਾਈਵਰ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਐਸੋਸੀਏਸ਼ਨ ਵਲੋਂ 70 ਸਾਲ ਤੋਂ ਵੱਧ ਉਮਰ ਦੇ ਸਾਥੀ ਸਰਵ ਸ਼੍ਰੀ ਹਰਭਜਨ ਸਿੰਘ ਬਾੜੀਆਂ ਐਨ ਆਰ ਆਈ, ਮੰਗਲ ਸਿੰਘ ਬਿਲਾਸਪੁਰੀ ਐਨ ਆਰ ਆਈ, ਮੁੱਖਤਿਆਰ ਸਿੰਘ, ਗਿਆਨ ਸਿੰਘ ਭਲੇਠੂ ਜਨਰਲ ਸਕੱਤਰ ਅਤੇ ਸੁਰਜੀਤ ਸਿੰਘ ਤੰਬਰ (ਸੈਣੀ) ਨੂੰ ਲੋਈ ਅਤੇ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਸਾਰੇ ਜਥੇਬੰਦੀ ਨੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਸਾਰੇ ਮੈਂਬਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ੇ। ਇਸ ਤੋਂ ਉਪਰੰਤ ਪ੍ਰਧਾਨ ਅਨਿਲ ਕੁਮਾਰ, ਰਾਜਿੰਦਰ ਸਿੰਘ ਆਜਾਦ, ਹਰਜਿੰਦਰ ਸਿੰਘ ਗਿੱਲ ਸੀਨੀਅਰ ਮੀਤ ਪ੍ਰਧਾਨ, ਗਿਆਨ ਸਿੰਘ ਭਲੇਠੂ ਜਨ: ਸਕੱਤਰ ,ਅਵਤਾਰ ਸਿੰਘ ਸ਼ੇਰਪੁਰੀ ਅਤੇ ਭਗਵਾਨ ਦਾਸ ਨੇ ਆਪਣੇ ਸਾਂਝੇ ਬਿਆਨਾਂ 'ਚ ਪੰਜਾਬ ਸਰਕਾਰ ਦੀ ਨਿਖੇਧੀ ਕਰਦਿਆ ਕਿਹਾ ਕਿ ਇਹ ਸਰਕਾਰ ਚੁਟਕਲਿਆਂ ਨਾਲ ਅਤੇ ਇਸ਼ਤਿਹਾਰਾਂ ਨਾਲ ਪੰਜ ਸਾਲ ਪੂਰੇ ਕਰ ਰਹੀ ਹੈ ਜਦ ਕਿ ਪੈਨਸ਼ਨਰਜ/ ਮੁਲਾਜ਼ਮ ਆਪਣੇ ਛੇਵੇਂ ਪੇ-ਕਮਿਸ਼ਨ ਦੇ ਬਕਾਏ ਅਤੇ ਡੀਏ ਦੀਆਂ ਕਿਸ਼ਤਾਂ ਉਡੀਕ ਉਡੀਕ ਕੇ ਵਾਹਿਗੁਰੂ ਨੂੰ ਪਿਆਰੇ ਹੋ ਗਏ ਹਨ ਅਤੇ ਹੋ ਰਹੇ ਹਨ। ਕੇਂਦਰ ਸਰਕਾਰ ਨੇ ਡੀਏ 56% ਕਰ ਦਿੱਤਾ ਹੈ ਪੰਜਾਬ ਸਰਕਾਰ ਤਿੰਨ ਸਾਲ ਵਿੱਚ 4% ਡੀਏ ਦੇ ਕੇ ਪੰਜਾਬ ਦੇ ਪੈਨਸ਼ਨਰਾਂ/ਮੁਲਾਜ਼ਮਾਂ ਤੇ ਅਹਿਸਾਨ ਕਰ ਰਹੀ ਹੈ ਜਿਵੇਂ ਸਾਨੂੰ ਖੈਰਾਤ ਦੇ ਰਹੀ ਹੈ। ਮੀਟਿੰਗਾਂ ਦਾ ਬਹਾਨਾ ਬਣਾ ਬਣਾ ਕੇ ਡੰਗ ਟਪਾ ਰਹੀ ਹੈ ਪਰ ਆਪਣੀਆਂ ਤਨਖਾਹਾਂ ਸਾਢੇ ਤਿੰਨ ਲੱਖ ਰੁਪਏ ਤੋਂ ਵੱਧ ਅਤੇ ਹੋਰ ਭੱਤੇ ਜ਼ਰੂਰਤ ਤੋਂ ਜਿਆਦਾ ਵੱਧਾ ਲਏ ਹਨ। ਇਸ ਲਈ ਸਾਰੀਆਂ ਪੈਨਸ਼ਨਰਜ ਜਥੇਬੰਦੀਆਂ ਦਿੱਲੀ ਦੇ ਅਤੇ ਅਗਾਂਹ ਪੰਜਾਬ ਵਿੱਚ ਇਲੈਕਸ਼ਨ ਵਿੱਚ ਸਬਕ ਸਿਖਾਉਣ ਲਈ ਤਿਆਰ ਹਨ। ਇਹ ਪੜਿਆ ਲਿਖਿਆ ਵਰਗ ਹੈ,ਜ਼ਰੂਰ ਸਬਕ ਸਿਖਾਵੇਗਾ। ਉਪਰੋਕਤ ਬੁਲਾਰਿਆ ਨੇ ਸਰਕਾਰ ਨੂੰ ਚੇਤਾਵਨੀ ਦਿੰਦਿਆ ਕਿਹਾ ਕਿ ਛੇਵੇ ਪੇ-ਕਮਿਸ਼ਨ ਵੱਲੋ ਦਿਤੀ ਰਿਪੋਰਟ ਮੁਤਾਬਿਕ ਡੀਏ ਦੀਆਂ ਕਿਸ਼ਤਾਂ ਅਤੇ ਬਕਾਏ ਦੀਆਂ ਕਿਸ਼ਤਾਂ ਦਾ ਭੁਗਤਾਨ ਜਲਦੀ ਤੋਂ ਜਲਦੀ ਕਰੇ। ਇਕ ਪਾਸੇ ਖਜ਼ਾਨਾ ਭਰਿਆ ਦੱਸ ਰਹੇ ਹਨ ,ਪੰਜਾਬ ਦੀਆਂ ਔਰਤਾਂ ਹਜ਼ਾਰ ਹਜ਼ਾਰ ਰੁਪਏ ਦੇ ਲਾਲਚ ਵਿੱਚ ਇਸ ਝਾੜੂ ਵਾਲੀ ਪਾਰਟੀ ਨੂੰ ਵੋਟਾਂ ਪਾ ਕੇ ਪਛਤਾ ਰਹੀਆਂ ਹਨ ਅਤੇ ਬਦਸੀਸਾਂ ਦੇ ਰਹੀਆਂ ਹਨ। ਬੁਲਾਰਿਆ ਨੇ ਮੰਗ ਕੀਤੀ ਕਿ ਠੇਕਾ ਭਰਤੀ ਬੰਦ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ, ਬੱਜਟ ਰੱਖ ਕੇ ਨਵੀਆਂ ਬੱਸਾਂ ਪਾਈਆਂ ਜਾਣ, ਪਬਲਿਕ ਸੈਕਟਰ ਦੇ ਅਦਾਰਿਆਂ ਦਾ ਨਿਜੀਕਰਨ ਦੀਆਂ ਨੀਤੀਆਂ ਰੱਦ ਕੀਤੀਆਂ ਜਾਣ ਅਤੇ ਕਿਸਾਨਾਂ ਦੀਆਂ ਮੰਗਾਂ ਮੰਨੀਆਂ ਜਾਣ ਅਤੇ ਨਵੀਂ ਕੌਮੀ ਮੰਡੀ ਨੀਤੀ ਰੱਦ ਕੀਤੀ ਜਾਵੇ। ਸਾਰੇ ਸਾਥੀਆਂ ਨੇ ਸਰਕਾਰ ਦੀਆਂ ਪੌਲਸੀਆਂ ਦੀ ਨਿਖੇਧੀ ਕਰਦਿਆ ਨਾਹਰੇਬਾਜੀ ਕੀਤੀ।

# ਪਿੰਡ ਕੱਕੋਂ ਦੀ ਪੰਚਾਇਤ ਦਾ ਨਸ਼ਿਆਂ ਵਿਰੁੱਧ ਕਦਮ: ਪਾਸ ਕੀਤਾ ਮਤਾ




ਹੁਸ਼ਿਆਰਪੁਰ । ਪਿੰਡ ਕੱਕੋਂ ਦੀ ਪੰਚਾਇਤ ਨੇ ਨਸ਼ਿਆਂ ਦੇ ਵਧ ਰਹੇ ਪ੍ਰਭਾਵ ਅਤੇ ਇਸ ਨਾਲ ਪਿੰਡ ਦੇ ਨੌਜਵਾਨਾਂ ਦੇ ਭਵਿੱਖ ਤੇ ਪੈ ਰਹੇ ਨਕਾਸੀ ਪ੍ਰਭਾਵ ਨੂੰ ਦੇਖਦਿਆਂ ਇੱਕ ਵੱਡਾ ਅਤੇ ਕੜਾ ਫੈਸਲਾ ਲਿਆ ਹੈ। ਪੰਚਾਇਤ ਨੇ ਇਕਜੁੱਟ ਹੋ ਕੇ ਮਤਾ ਪਾਸ ਕੀਤਾ ਹੈ, ਜਿਸ ਮੁਤਾਬਕ ਨਸ਼ੇ ਦੇ ਕੇਸ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਦੀ ਪੰਚਾਇਤ ਵਲੋਂ ਕੋਈ ਜਮਾਨਤ ਨਹੀਂ ਦਿੱਤੀ ਜਾਵੇਗੀ। ਇਸ ਦੇ ਨਾਲ ਹੀ ਨਸ਼ੇ ਵਿੱਚ ਸ਼ਾਮਲ ਵਿਅਕਤੀਆਂ ਦੀ ਸਹਾਇਤਾ ਕਰਨ ਵਾਲੇ ਲੋਕਾਂ ਨੂੰ ਸਮਾਜਿਕ ਤੌਰ 'ਤੇ ਬਾਈਕਾਟ ਕੀਤਾ ਜਾਵੇਗਾ।ਇਸ ਫੈਸਲੇ ਦਾ ਉਦੇਸ਼ ਪਿੰਡ ਨੂੰ ਨਸ਼ਿਆਂ ਤੋਂ ਮੁਕਤ ਕਰਨਾ ਅਤੇ ਨੌਜਵਾਨਾਂ ਨੂੰ ਇਸ ਤਬਾਹੀ ਭਰੀ ਦਾਲਦਲ ਤੋਂ ਬਚਾਉਣਾ ਹੈ। ਪਿੰਡ ਦੀ ਸਰਪੰਚ ਅਨੀਤਾ ਰਾਣੀ ਦੀ ਅਗਵਾਈ ਵਿੱਚ ਲਿਆ ਗਿਆ ਇਹ ਫੈਸਲਾ ਪਿੰਡ ਵਾਸੀਆਂ ਅਤੇ ਸਮਾਜ ਲਈ ਇੱਕ ਸੂਚਕ ਕਦਮ ਹੈ।ਪਿੰਡ ਕੱਕੋਂ ਦੀ ਪੰਚਾਇਤ ਨੇ ਇਸ ਮਤੇ ਵਿੱਚ ਸਪਸ਼ਟ ਕੀਤਾ ਹੈ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਪੁਲਿਸ ਪ੍ਰਸ਼ਾਸਨ ਦਾ ਪੂਰਾ ਸਹਿਯੋਗ ਕੀਤਾ ਜਾਵੇਗਾ। ਇਸ ਮਤੇ ਵਿੱਚ ਮੋਜੂਦ ਸਾਰੇ ਪੰਚਾਂ, ਜਿਵੇਂ ਕਿ ਰੰਜੂ ਕੁਮਾਰੀ, ਕਰਮ ਸਿੰਘ, ਕੁਲਵਿੰਦਰ ਕੁਮਾਰ, ਜੀਵਨ ਕੌਰ ਅਤੇ ਪਰਮਜੀਤ ਕੌਰ ਨੇ ਆਪਣਾ ਸਪੋਰਟ ਦਿੱਤਾ। ਇਸ ਮਤੇ ਨੂੰ ਪਿੰਡ ਦੇ ਵਕੀਲ ਸ਼ਮਸ਼ੇਰ ਸਿੰਘ ਭਾਰਦਵਾਜ ਅਤੇ ਪੰਚਾਇਤ ਸਕੱਤਰ ਜਗਮੀਤ ਸਿੰਘ ਨੇ ਵੀ ਸਹਿਯੋਗ ਦਿੱਤਾ। ਪੰਚਾਇਤ ਨੇ ਇਹ ਵੀ ਐਲਾਨ ਕੀਤਾ ਹੈ ਕਿ ਜੇਕਰ ਪਿੰਡ ਦੇ ਕੋਈ ਵਿਅਕਤੀ ਨਸ਼ਿਆਂ ਵਿੱਚ ਸ਼ਾਮਲ ਹੋਣ ਦੇ ਬਾਵਜੂਦ ਵੀ ਇਸ ਖਤਰਨਾਕ ਪ੍ਰਵ੍ਰਿਤੀ ਨੂੰ ਛੱਡਣ ਤੋਂ ਇਨਕਾਰ ਕਰੇਗਾ, ਤਾਂ ਉਸ ਦੇ ਖਿਲਾਫ ਸਖਤ ਕਾਰਵਾਈ ਕੀਤੀ ਜਾਵੇਗੀ। ਸਹਿਯੋਗੀ ਲੋਕਾਂ ਦੇ ਸਮਾਜਿਕ ਬਾਈਕਾਟ ਨਾਲ ਇਹ ਸੰਕੇਤ ਦਿੱਤਾ ਜਾ ਰਿਹਾ ਹੈ ਕਿ ਪਿੰਡ ਵਿੱਚ ਨਸ਼ਿਆਂ ਲਈ ਕੋਈ ਥਾਂ ਨਹੀਂ ਰਹੇਗੀ। ਇਸ ਮਤੇ ਪਾਸ ਹੋਣ ਤੋਂ ਬਾਅਦ ਪਿੰਡ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਪਿੰਡ ਵਾਸੀਆਂ ਨੇ ਇਸ ਕਦਮ ਦੀ ਖੁੱਲ੍ਹ ਕੇ ਸਰਾਹਨਾ ਕੀਤੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਇਸ ਫੈਸਲੇ ਨਾਲ ਨਸ਼ਿਆਂ ਦੇ ਵਿਰੁੱਧ ਲੜਾਈ ਨੂੰ ਸਫਲਤਾ ਮਿਲੇਗੀ ਅਤੇ ਪਿੰਡ ਦਾ ਮਾਹੌਲ ਸੁਧਰੇਗਾ। ਪਿੰਡ ਕੱਕੋਂ ਦੀ ਪੰਚਾਇਤ ਨੇ ਇਹ ਸੰਦੇਸ਼ ਦਿੱਤਾ ਹੈ ਕਿ ਨਸ਼ਿਆਂ ਵਿਰੁੱਧ ਲੜਾਈ ਵਿੱਚ ਸਿਰਫ ਪੰਚਾਇਤ ਨਹੀਂ, ਸਗੋਂ ਪੂਰੇ ਪਿੰਡ ਨੂੰ ਆਪਣੇ ਹਿੱਸੇ ਦਾ ਯੋਗਦਾਨ ਪਾਉਣਾ ਚਾਹੀਦਾ ਹੈ।

## ਓਡੀਸ਼ਾ ਸੀਮਿੰਟ ਫ਼ੈਕਟਰੀ 'ਚ ਵਾਪਰਿਆ ਵੱਡਾ ਹਾਦਸਾ, ਲੋਹੇ ਦਾ ਢਾਂਚਾ ਡਿਗਿਆ




ਓਡੀਸ਼ਾ। ਓਡੀਸ਼ਾ ਦੇ ਸੁੰਦਰਗੜ੍ਹ ਜ਼ਿਲ੍ਹੇ ਦੇ ਰਾਜਗੰਗਪੁਰ 'ਚ ਵੀਰਵਾਰ ਨੂੰ ਇਕ ਸੀਮਿੰਟ ਫ਼ੈਕਟਰੀ ਦੇ ਅੰਦਰ ਲੋਹੇ ਦਾ ਵੱਡਾ ਢਾਂਚਾ ਢਹਿ ਜਾਣ ਕਾਰਨ ਕਈ ਮਜ਼ਦੂਰਾਂ ਦੇ ਮਲਬੇ ਹੇਠਾਂ ਦੱਬੇ ਹੋਣ ਦਾ ਖਦਸ਼ਾ ਹੈ। ਪੁਲਿਸ ਨੇ ਇਹ ਜਾਣਕਾਰੀ ਦਿਤੀ। ਇਕ ਸੀਨੀਅਰ ਅਧਿਕਾਰੀ ਨੇ ਦਸਿਆ ਕਿ ਇਹ ਘਟਨਾ ਉਦੋਂ ਵਾਪਰੀ ਜਦੋਂ ਫ਼ੈਕਟਰੀ ਨੇੜੇ 12 ਤੋਂ ਵੱਧ ਮਜ਼ਦੂਰ ਕੰਮ ਕਰ ਰਹੇ ਸਨ। ਉਨ੍ਹਾਂ ਦਸਿਆ ਕਿ ਸੂਚਨਾ ਮਿਲਣ ਤੋਂ ਬਾਅਦ ਸਥਾਨਕ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮਲਬਾ ਹਟਾਉਣ 'ਚ ਮਦਦ ਕੀਤੀ। ਇਹ ਹਾਦਸਾ ਡਾਲਮੀਆ ਸੀਮਿੰਟ ਫ਼ੈਕਟਰੀ ਵਿਚ ਵਾਪਰਿਆ। ਅੱਗ ਬੁਝਾਊ ਵਿਭਾਗ ਅਤੇ ਬਚਾਅ ਦਲ ਹਾਦਸੇ ਵਾਲੀ ਥਾਂ 'ਤੇ ਮੌਜੂਦ ਹਨ। ਮਲਬੇ ਨੂੰ ਹਟਾਉਣ ਅਤੇ ਬਚਾਅ ਕਰਮਚਾਰੀਆਂ ਲਈ ਅਰਥ ਮੂਵਰ ਅਤੇ ਹੋਰ ਮਸ਼ੀਨਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਰਾਜਗੰਗਪੁਰ ਪੁਲਿਸ ਸਟੇਸ਼ਨ ਦੇ ਇੰਚਾਰਜ ਇੰਸਪੈਕਟਰ ਐਮ. ਪ੍ਰਧਾਨ ਨੇ ਦਸਿਆ, "ਵੱਡਾ ਲੋਹੇ ਦਾ ਢਾਂਚਾ 'ਕੋਇਲਾ ਹੌਪਰ' ਅਚਾਨਕ ਹੇਠਾਂ ਡਿੱਗ ਗਿਆ। ਅਸੀਂ ਇਸ ਸਮੇਂ ਮੌਕੇ 'ਤੇ ਹਾਂ। ਕਰੇਨ ਦੀ ਮਦਦ ਨਾਲ ਮਲਬੇ ਨੂੰ ਹਟਾਇਆ ਜਾ ਰਿਹਾ ਹੈ। ਅਜੇ ਤਕ ਕਿਸੇ ਦੇ ਮਾਰੇ ਜਾਣ ਜਾਂ ਜ਼ਖ਼ਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ। ਪਰ, ਸਾਨੂੰ ਸ਼ੱਕ ਹੈ ਕਿ ਮਲਬੇ ਦੇ ਅੰਦਰ ਕੁਝ ਕਰਮਚਾਰੀ ਫਸ ਹੋ ਸਕਦੇ ਹਨ। ਇਸ ਹਾਦਸੇ ਤੋਂ ਬਾਅਦ ਫ਼ੈਕਟਰੀ ਦੇ ਮੇਨ ਗੇਟ 'ਤੇ ਕਾਫ਼ੀ ਮਜ਼ਦੂਰ ਇਕੱਠੇ ਹੋ ਗਏ। ਇਸ ਹਾਦਸੇ ਨੂੰ ਲੈ ਕੇ ਮਜ਼ਦੂਰਾਂ ਵਿਚ ਭਾਰੀ ਰੋਸ ਹੈ। ਮਜ਼ਦੂਰਾਂ ਦਾ ਦੋਸ਼ ਹੈ ਕਿ ਇਹ ਹਾਦਸਾ ਫ਼ੈਕਟਰੀ ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਵਾਪਰਿਆ ਹੈ। ਮਜ਼ਦੂਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਫ਼ੈਕਟਰੀ ਵਿਚ ਸੁਰੱਖਿਆ ਮਾਪਦੰਡਾਂ ਵੱਲ ਕਈ ਵਾਰ ਪ੍ਰਬੰਧਕਾਂ ਦਾ ਧਿਆਨ ਦਿਵਾਇਆ। ਕੋਲਾ ਹਾਪਰ ਦੀ ਜਾਂਚ ਲਈ ਪ੍ਰਬੰਧਕਾਂ ਨੂੰ ਬੇਨਤੀ ਵੀ ਕੀਤੀ ਗਈ ਸੀ ਪਰ ਇਨ੍ਹਾਂ ਸੁਝਾਵਾਂ ਨੂੰ ਨਜ਼ਰਅੰਦਾਜ਼ ਕਰ ਦਿਤਾ ਗਿਆ।

# ਮੋਟਰਸਾਈਕਲ ਚੋਰ ਗਰੋਹ ਦੇ ਦੋ ਮੈਂਬਰ ਗ੍ਰਿਫ਼ਤਾਰ

ਸ਼ਾਹਕੋਟ। ਪੁਲੀਸ ਨੇ ਮੋਟਰਸਾਈਕਲ ਚੋਰ ਗਰੋਹ ਦੇ 2 ਮੈਂਬਰਾਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ ਚੋਰੀਸ਼ੁਦਾ 6 ਮੋਟਰਸਾਈਕਲ ਬਰਾਮਦ ਕੀਤੇ ਹਨ। DSP ਉਂਕਾਰ ਸਿੰਘ ਬਰਾੜ ਨੇ ਦੱਸਿਆ ਕਿ ਥਾਣਾ ਮਹਿਤਪੁਰ ਵਿੱਚ ਕੁਝ ਵਿਅਕਤੀਆਂ ਨੇ ਮੋਟਰਸਾਈਕਲ ਚੋਰੀ ਹੋ ਜਾਣ ਦੀਆਂ ਦਰਖਾਸਤਾਂ ਦਿੱਤੀਆਂ ਸਨ। ਥਾਣਾ ਮਹਿਤਪੁਰ ਦੇ ਮੁਖੀ ਸੁਖਦੇਵ ਸਿੰਘ ਨੇ ASI ਬਲਜਿੰਦਰ ਸਿੰਘ ਦੀ ਇਨ੍ਹਾਂ ਮਾਮਲਿਆਂ ਦੀ ਤਫਤੀਸ਼ ਦੀ ਡਿਊਟੀ ਲਗਾਈ ਸੀ। ਜਾਂਚ ਪੜਤਾਲ ਮਗਰੋਂ ਸੰਦੀਪ ਸਿੰਘ ਉਰਫ ਸੰਨੀ ਤੇ ਤਰਜਿੰਦਰ ਸਿੰਘ ਉਰਫ ਕਾਕਾ ਵਾਸੀਆਨ ਰਾਏਪੁਰ ਅਰਾਈਆਂ ਨੂੰ ਗ੍ਰਿਫ਼ਤਾਰ ਕਰ ਕੇ ਉਨ੍ਹਾਂ ਕੋਲੋਂ ਚੋਰੀ ਦੇ 6 ਮੋਟਰਸਾਈਕਲ ਵੀ ਬਰਾਮਦ ਕੀਤੇ ਹਨ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਦਾ ਸਾਥੀ ਬੂਟਾ ਸਿੰਘ ਫਰਾਰ ਹੈ ਜਿਸ ਨੂੰ ਕਾਬੂ ਕਰਨ ਲਈ ਛਾਪੇ ਮਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਖਿਲਾਫ ਅਗਲੇਰੀ ਕਾਰਵਾਈ ਕਰ ਦਿੱਤੀ ਗਈ ਹੈ।

## ਵਿਗਿਆਨ ਪ੍ਰਦਰਸ਼ਨੀ ਵਿੱਚ ਉਧੋਵਾਲ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ



ਨਕੋਦਰ ਮਹਿਤਪੁਰ। ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪਰੀਸ਼ਦ ਦੀਆਂ ਹਦਾਇਤਾਂ ਅਨੁਸਾਰ ਰਾਸ਼ਟਰੀ ਅਵਿਸ਼ਕਾਰ ਅਭਿਆਨ ਅਧੀਨ ਕਰਵਾਈ ਗਈ ਸਾਇੰਸ ਵਿਸ਼ੇ ਦੀ ਬਲਾਕ ਨਕੋਦਰ 1 ਦੀ ਬਲਾਕ ਪੱਧਰੀ ਵਿਗਿਆਨ ਪ੍ਰਦਰਸ਼ਨੀ ਜੋ ਕਿ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਹਿਤਪੁਰ ਵਿਖੇ ਕਰਵਾਈ ਗਈ ,ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਉਧੋਵਾਲ ਦੇ ਵਿਦਿਆਰਥੀਆਂ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ। ਵਿਦਿਆਰਥੀਆਂ ਵੱਲੋਂ ਵੱਖ ਵੱਖ ਥੀਮ ਤੇ ਅਧਾਰਿਤ ਮਾਡਲਾਂ ਦੀ ਪੇਸ਼ਕਾਰੀ ਕੀਤੀ ਗਈ। ਪਹਿਲੇ ਦਿਨ ਕਰਵਾਏ ਗਏ ਛੇਵੀਂ ਤੋਂ ਅੱਠਵੀਂ ਜਮਾਤ ਦੇ ਮੁਕਾਬਲਿਆਂ ਦੇ ਗਰੁੱਪ ਵਿੱਚ ਸਕੂਲ ਦੇ ਅੱਠਵੀਂ ਜਮਾਤ ਦੇ ਵਿਦਿਆਰਥੀ ਅਭਿਜੋਤ ਕੁਮਾਰ ਨੇ ਵੇਸਟ ਮੈਨੇਜਮੈਂਟ ਥੀਮ ਤੇ ਅਧਾਰਤ ਆਪਣਾ ਮਾਡਲ ਪੇਸ਼ ਕੀਤਾ ਜਿਸ ਵਿੱਚ ਕਿ ਪਰਾਲੀ ਪ੍ਰਬੰਧਨ ਦੀ ਸਮੱਸਿਆ ਨੂੰ ਬੜੇ ਹੀ ਵਧੀਆ ਢੰਗ ਨਾਲ ਸੁਝਾਇਆ ਗਿਆ ਸੀ, ਇਸ ਮਾਡਲ ਨੇ ਬਲਾਕ ਪੱਧਰ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ, ਇਸੇ ਤਰ੍ਹਾਂ ਮਾਨਵ ਤੇਜੀ ਨੇ ਫੂਡ, ਹੈਲਥ ਐਂਡ ਹਾਈਜੀਨ ਵਿਸ਼ੇ ਤੇ ਅਧਾਰਤ ਆਪਣਾ ਮਾਡਲ ਪੇਸ਼ ਕੀਤਾ ,ਇਹ ਮਾਡਲ ਵੀ ਬਲਾਕ ਵਿੱਚੋਂ ਪਹਿਲੇ ਸਥਾਨ ਤੇ ਰਿਹਾ। ਨੌਵੀਂ ਤੋਂ ਦਸਵੀਂ ਜਮਾਤ ਦੇ ਗਰੁੱਪ ਵਿੱਚ ਦਸਵੀਂ ਜਮਾਤ ਦੇ ਵਿਦਿਆਰਥੀ ਗੁਰਵਿੰਦਰ ਕੁਮਾਰ ਨੇ ਵੇਸਟ ਮੈਨੇਜਮੈਂਟ ਵਿਸ਼ੇ ਤੇ ਤਿਆਰ ਕੀਤਾ ਮਾਡਲ ਤੀਸਰੇ ਸਥਾਨ ਤੇ ਰਿਹਾ। ਜਗਰੂਪ ਸਿੰਘ ਵੱਲੋਂ ਤਿਆਰ ਰਿਸੋਰਸ ਮੈਨੇਜਮੈਂਟ ਵਿਸ਼ੇ ਤੇ ਪੇਸ਼ ਮਾਡਲ ਬਲਾਕ ਵਿੱਚੋਂ ਦੂਸਰੇ ਸਥਾਨ ਤੇ ਰਿਹਾ। ਵਿਦਿਆਰਥੀਆਂ ਦੀ ਇਸ ਸਫਲਤਾ ਪਿੱਛੇ ਗਾਈਡ ਅਧਿਆਪਕਾ ਸ੍ਰੀਮਤੀ ਕਮਲਜੀਤ ਕੌਰ ਸਾਇੰਸ ਮਿਸਟ੍ਰੈਸ ਦਾ ਵਿਸ਼ੇਸ਼ ਯੋਗਦਾਨ ਰਿਹਾ। ਜੇਤੂ ਵਿਦਿਆਰਥੀਆਂ ਨੂੰ ਵਿਭਾਗ ਵੱਲੋਂ ਸਰਟੀਫਿਕੇਟ ਅਤੇ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਗਾਈਡ ਅਧਿਆਪਕਾ ਸ੍ਰੀਮਤੀ ਕਮਲਜੀਤ ਕੌਰ ਨੂੰ ਵੀ ਸਰਟੀਫਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਪਹੁੰਚਣ ਤੇ ਸਕੂਲ ਮੁਖੀ ਸ੍ਰੀ ਅਮਰਜੀਤ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਹੋਰ ਸਫਲਤਾ ਦੀ ਕਾਮਨਾ ਕੀਤੀ। ਉਹਨਾਂ ਕਿਹਾ ਕਿ ਅਜਿਹੇ ਵਰਕਿੰਗ ਮਾਡਲਾਂ ਦੀ ਸਹਾਇਤਾ ਨਾਲ ਵਿਦਿਆਰਥੀਆਂ ਵਿੱਚ ਵਿਸ਼ੇ ਪ੍ਰਤੀ ਸਮਝ ਹੋਰ ਡੂੰਘੀ ਹੋ ਜਾਂਦੀ ਹੈ ਅਤੇ ਵਿਦਿਆਰਥੀ ਵਿਸ਼ੇ ਵਿੱਚ ਹੋਰ ਵਧੇਰੇ ਦਿਲ ਚਸਪੀ ਲੈਣ ਲੱਗਦੇ ਹਨ। ਬਲਾਕ ਵਿੱਚੋਂ ਪਹਿਲੇ ਸਥਾਨ ਤੇ ਆਏ ਵਿਦਿਆਰਥੀ ਜਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਭਾਗ ਲੈਣਗੇ।

# ਕਿਸਾਨਾਂ ਦਾ ਚੌਥਾ ਜਥਾ 21 ਨੂੰ ਕਰੇਗਾ ਦਿੱਲੀ ਕੂਚ




ਸ਼ੰਭੂ ਬਾਰਡਰ/ ਪਾਤੜਾਂ। ਸ਼ੰਭੂ ਤੇ ਢਾਬੀਗੁੱਜਰਾਂ (ਖਨੌਰੀ) ਬਾਰਡਰਾਂ ’ਤੇ ਗਿਆਰਾਂ ਮਹੀਨਿਆਂ ਤੋਂ ਜਾਰੀ ‘ਕਿਸਾਨ ਅੰਦੋਲਨ-2’ ਦੀ ਕੜੀ ਵਜੋਂ 101 ਕਿਸਾਨਾਂ ਦਾ ਚੌਥਾ ਜਥਾ 21 ਜਨਵਰੀ ਨੂੰ ਦਿੱਲੀ ਵੱਲ ਪੈਦਲ ਕੂਚ ਕਰੇਗਾ। ਜਥੇ ਦੀ ਅਗਵਾਈ ਮਨਜੀਤ ਸਿੰਘ ਰਾਏ ਅਤੇ ਬਲਵੰਤ ਸਿੰਘ ਬਹਿਰਾਮਕੇ ਵੱਲੋਂ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਆਪਣੇ ਅੰਦੋਲਨ ਦੀ ਧਾਰ ਹੋਰ ਤਿੱਖੀ ਕਰਦਿਆਂ ਇਹ ਚੌਥਾ ਜਥਾ ਦਿੱਲੀ ਰਵਾਨਾ ਕਰਨ ਦਾ ਫੈਸਲਾ ਕੀਤਾ ਹੈ। ਇਸ ਤੋਂ ਪਹਿਲਾਂ ਕਿਸਾਨਾਂ ਨੇ ਸ਼ੰਭੂ ਬਾਰਡਰ ਤੋਂ 6, 8 ਅਤੇ 14 ਦਸੰਬਰ ਨੂੰ ਪੈਦਲ ਅਤੇ ਸ਼ਾਂਤਮਈ ਤਰੀਕੇ ਨਾਲ ਦਿੱਲੀ ਵੱਲ ਕੂਚ ਕੀਤਾ ਸੀ, ਪਰ ਹਰ ਵਾਰੀ ਉਨ੍ਹਾਂ ਨੂੰ ਹਰਿਆਣਾ ਪੁਲੀਸ ਵੱਲੋਂ ਬਾਰਡਰ ’ਤੇ ਕੀਤੀ ਗਈ ਜ਼ਬਰਦਸਤ ਬੈਰੀਕੇਡਿੰਗ ’ਤੇ ਹੀ ਰੋਕ ਲਿਆ ਜਾਂਦਾ ਰਿਹਾ। ਇਸ ਦੌਰਾਨ ਪੁਲੀਸ ਨੇ ਕਿਸਾਨਾਂ ਖਿਲਾਫ਼ ਅੱਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਸਮੇਤ ਪਾਣੀ ਦੀਆਂ ਬੁਛਾੜਾਂ ਦੀ ਵੀ ਵਰਤੋਂ ਕੀਤੀ। ਇਨ੍ਹਾਂ ਤਿੰਨਾਂ ਕੋਸ਼ਿਸ਼ਾਂ ਦੌਰਾਨ ਸੌ ਦੇ ਕਰੀਬ ਕਿਸਾਨ ਜ਼ਖ਼ਮੀ ਹੁੰਦੇ ਰਹੇ। ਉਪਰੰਤ ‘ਪੰਜਾਬ ਬੰਦ’ ਅਤੇ ‘ਕਿਸਾਨ ਮਹਾਪੰਚਾਇਤ’ ਸਮੇਤ ਦਿੱਤੇ ਗਏ ਕੁਝ ਹੋਰਨਾਂ ਸੱਦਿਆਂ ਕਰਕੇ ਜਥੇ ਭੇਜਣ ਦੀ ਕਾਰਵਾਈ ਮੁਲਤਵੀ ਕਰ ਦਿੱਤੀ ਗਈ ਸੀ। ਕਿਸਾਨ ਆਗੂਆਂ ਨੇ ਅੱਜ ਮੁੜ ਕਿਸਾਨਾਂ ਦਾ ਚੌਥਾ ਜਥਾ ਭੇਜਣ ਦਾ ਐਲਾਨ ਕਰਕੇ ਕੇਂਦਰ ਸਰਕਾਰ ਖਿਲਾਫ਼ ਜਾਰੀ ਜੰਗ ਨੂੰ ਹੋਰ ਤਿੱਖੀ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਅਤੇ ਸੁਰਜੀਤ ਸਿੰਘ ਫੂਲ ਸਮੇਤ ਹੋਰ ਕਿਸਾਨ ਆਗੂਆ ਨੇ ਅੱਜ ਸ਼ੰਭੂ ਮੋਰਚੇ ’ਚ ਕੀਤੀ ਪ੍ਰੈੱਸ ਕਾਨਫਰੰਸ ਦੌਰਾਨ ਦਿੱਲੀ ਕੂਚ ਲਈ ਚੌਥਾ ਜਥਾ ਭੇਜਣ ਦਾ ਫੈਸਲਾ ਕੀਤਾ। ਇਸ ਮੌਕੇ ਬਲਵੰਤ ਸਿੰਘ ਬਹਿਰਾਮਕੇ, ਬਲਕਾਰ ਸਿੰਘ ਬੈਂਸ, ਤੇਜਬੀਰ ਸਿੰਘ ਪੰਜੋਖਰਾ, ਜੰਗ ਸਿੰਘ ਭਟੇੜੀ, ਮਨਜੀਤ ਫੌਜੀ ਅਤੇ ਸੁਖਚੈਨ ਸਿੰਘ ਆਦਿ ਆਗੂ ਵੀ ਮੌਜੂਦ ਸਨ। ਆਗੂਆਂ ਨੇ ਕਿਹਾ ਕਿ ਅੰਤਰਰਾਜੀ ਬਾਰਡਰਾਂ ’ਤੇ ਗਿਆਰਾਂ ਮਹੀਨਿਆਂ ਤੋਂ ਜਾਰੀ ਧਰਨਿਆਂ ਅਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੇ 52 ਦਿਨਾਂ ਤੋਂ ਜਾਰੀ ਮਰਨ ਵਰਤ ਨੂੰ ਲੈ ਕੇ ਕੇਂਦਰ ਸਰਕਾਰ ਦੇ ਅੜੀਅਲ ਵਤੀਰੇ ਕਾਰਨ ਨਾ ਸਿਰਫ਼ ਕਿਸਾਨਾਂ ਤੇ ਮਜ਼ਦੂਰਾਂ ਬਲਕਿ ਦੇਸ਼ ਦੇ ਹੋਰਨਾਂ ਵਰਗਾਂ ’ਚ ਭਾਰੀ ਰੋਸ ਹੈ।

## ਸਪੇਨ ਜਾਂਦੇ ਸਮੇਂ ਕਿਸ਼ਤੀ ਪਲਟਣ ਕਾਰਨ 40 ਤੋਂ ਵੱਧ ਪਾਕਿਸਤਾਨੀਆਂ ਦੇ ਡੁੱਬਣ ਦਾ ਖਦਸ਼ਾ

ਸਪੇਨ। ਸਪੇਨ ਪਹੁੰਚਣ ਦੀ ਕੋਸ਼ਿਸ਼ ਕਰ ਰਹੇ 80 ਪ੍ਰਵਾਸੀਆਂ ਨੂੰ ਲੈ ਕੇ ਜਾ ਰਹੀ ਇੱਕ ਕਿਸ਼ਤੀ ਮੋਰੋਕੋ ਦੇ ਨੇੜੇ ਪਲਟ ਗਈ, ਜਿਸ ਵਿੱਚ 40 ਤੋਂ ਵੱਧ ਪਾਕਿਸਤਾਨੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਪ੍ਰਵਾਸੀ ਅਧਿਕਾਰ ਸਮੂਹ ਵਾਕਿੰਗ ਬਾਰਡਰਜ਼ ਨੇ ਕਿਹਾ ਕਿ 50 ਤੋਂ ਵੱਧ ਪ੍ਰਵਾਸੀਆਂ ਦੇ ਡੁੱਬਣ ਦਾ ਖਦਸ਼ਾ ਹੈ। ਮੋਰੱਕੋ ਦੇ ਅਧਿਕਾਰੀਆਂ ਨੇ ਇੱਕ ਦਿਨ ਪਹਿਲਾਂ 2 ਜਨਵਰੀ ਨੂੰ ਮੌਰੀਤਾਨੀਆ ਤੋਂ 86 ਪ੍ਰਵਾਸੀਆਂ ਨੂੰ ਲੈ ਕੇ ਜਾਣ ਵਾਲੀ ਕਿਸ਼ਤੀ ਵਿੱਚੋਂ 36 ਲੋਕਾਂ ਨੂੰ ਬਚਾਇਆ ਸੀ। ਇਨ੍ਹਾਂ ਪ੍ਰਵਾਸੀਆਂ ਵਿੱਚ 66 ਪਾਕਿਸਤਾਨੀ ਵੀ ਸ਼ਾਮਲ ਸਨ।



ਵਾਕਿੰਗ ਬਾਰਡਰਜ਼ ਦੀ ਸੀ.ਈ.ਓ. ਹੇਲੇਨਾ ਮਾਲੇਨੋ ਨੇ ਸੋਸ਼ਲ ਮੀਡੀਆ ਪਲੇਟਫਾਰਮ 'X' 'ਤੇ ਕਿਹਾ ਕਿ ਡੁੱਬਣ ਵਾਲਿਆਂ ਵਿੱਚੋਂ 44 ਪਾਕਿਸਤਾਨ ਤੋਂ ਸਨ।

## ਜੰਮੂ-ਤਵੀ ਸਟੇਸ਼ਨ ਦੀ ਮੁੜ ਉਸਾਰੀ ਕਾਰਨ ਰੇਲ ਆਵਾਜਾਈ ਪ੍ਰਭਾਵਿਤ

ਪਠਾਨਕੋਟ। ਜੰਮੂ-ਤਵੀ ਰੇਲਵੇ ਸਟੇਸ਼ਨ ਦੇ ਸੁੰਦਰੀਕਰਨ ਅਤੇ ਪਲੈਟਫਾਰਮਾਂ ਦੀ ਮੁੜ ਉਸਾਰੀ ਦਾ ਕੰਮ ਚੱਲਣ ਕਰ ਕੇ ਵੰਦੇ ਭਾਰਤ ਰੇਲ ਗੱਡੀ ਸਣੇ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ ਜੰਮੂਤਵੀ, ਊਧਮਪੁਰ ਅਤੇ ਕਟੜਾ ਜਾਣ ਵਾਲੀਆਂ ਰੇਲ ਗੱਡੀਆਂ 2 ਮਾਰਚ ਤੱਕ ਰੱਦ ਕਰ ਦੇਣ ਕਾਰਨ ਯਾਤਰੀਆਂ ਦੀ ਦਿੱਕਤਾਂ ਵਧ ਗਈਆਂ ਹਨ। ਵਿਭਾਗ ਵੱਲੋਂ ਜਾਰੀ ਆਦੇਸ਼ਾਂ ਅਨੁਸਾਰ ਵਾਰਾਣਸੀ ਤੋਂ ਜੰਮੂਤਵੀ ਜਾਣ ਵਾਲੀ ਬੇਗਮਪੁਰਾ ਐੱਕਸਪ੍ਰੈੱਸ ਨੂੰ ਪਠਾਨਕੋਟ ਕੈਂਟ, ਬੇਰਾਵਲ ਤੋਂ ਜੰਮੂਤਵੀ ਜਾਣ ਵਾਲੀ ਸੋਮਨਾਥ ਐੱਕਸਪ੍ਰੈੱਸ ਨੂੰ ਪਠਾਨਕੋਟ ਸਿਟੀ, ਬਾੜਮੇਰ ਤੋਂ ਜੰਮੂ-ਤਵੀ ਜਾਣ ਵਾਲੀ ਸ਼ਾਲੀਮਾਰ ਐੱਕਸਪ੍ਰੈੱਸ ਨੂੰ ਵਿਜੇਪੁਰ ਅਤੇ ਟਾਟਾਨਗਰ ਤੋਂ ਜੰਮੂ ਤਵੀ ਨੂੰ ਜਾਣ ਵਾਲੀ ਮੂਰੀ ਐੱਕਸਪ੍ਰੈੱਸ ਨੂੰ ਅੰਮ੍ਰਿਤਸਰ ਤੋਂ ਚਲਾਉਣਾ ਸ਼ੁਰੂ ਕੀਤਾ ਗਿਆ ਹੈ। ਰੇਲ ਗੱਡੀਆਂ ਦੇ ਪਠਾਨਕੋਟ ਹੀ ਰੱਦ ਹੋਣ ਕਾਰਨ ਇੱਥੋਂ ਜੰਮੂ ਕਸ਼ਮੀਰ ਨੂੰ ਜਾਣ ਵਾਲੇ ਯਾਤਰੀਆਂ ਨੂੰ ਦਿੱਕਤ ਖੜ੍ਹੀ ਹੋ ਗਈ ਹੈ। ਉਨ੍ਹਾਂ ਨੂੰ ਬੱਸਾਂ ਰਾਹੀਂ (ਵਾਧੂ ਕਿਰਾਇਆ ਖ਼ਰਚ ਕੇ) ਜਾਣਾ ਪੈ ਰਿਹਾ ਹੈ। ਬੇਗਮਪੁਰਾ ਐੱਕਸਪ੍ਰੈੱਸ ਵਿੱਚੋਂ ਉਤਰੇ ਯਾਤਰੀ ਪਵਨ ਕੁਮਾਰ ਨੇ ਦੱਸਿਆ ਕਿ ਉਹ ਲਖਨਊ ਤੋਂ ਆਇਆ ਹੈ ਤੇ ਉਸ ਨੇ ਵੈਸ਼ਣੋ ਦੇਵੀ ਜਾਣਾ ਸੀ ਪਰ ਰੇਲ ਗੱਡੀ ਨੂੰ ਇੱਥੇ ਕੈਂਟ ਸਟੇਸ਼ਨ ’ਤੇ ਹੀ ਰੋਕ ਦਿੱਤਾ ਗਿਆ ਹੈ। ਇਸੇ ਤਰ੍ਹਾਂ ਲੱਲੂ ਰਾਮ ਵਰਮਾ ਨਾਂ ਦੇ ਯਾਤਰੀ ਦਾ ਕਹਿਣਾ ਸੀ ਕਿ ਉਹ ਵਾਰਾਣਸੀ ਤੋਂ ਆਇਆ ਤੇ ਉਸ ਨੇ ਵੈਸ਼ਣੋ ਦੇਵੀ ਦੇ ਦਰਸ਼ਨਾਂ ਲਈ ਕਟੜਾ ਜਾਣਾ ਸੀ। ਕੈਂਟ ਸਟੇਸ਼ਨ ’ਤੇ ਉਨ੍ਹਾਂ ਨੂੰ ਉਤਰ ਜਾਣ ਲਈ ਕਹਿ ਦਿੱਤਾ ਗਿਆ ਅਤੇ ਕਿਹਾ ਗਿਆ ਕਿ ਇਹ ਗੱਡੀ ਅੱਗੇ ਨਹੀਂ ਜਾਵੇਗੀ। ਸ਼ਾਮ ਨੂੰ 5 ਵਜੇ ਸਿੱਕਿਮ ਤੋਂ ਆ ਰਹੀ ਗੱਡੀ ਵਿੱਚ ਜਾਣ ਲਈ ਕਿਹਾ ਜਾ ਰਿਹਾ ਹੈ। ਉਨ੍ਹਾਂ ਨੂੰ ਉਸ ਗੱਡੀ ਲਈ ਪੰਜ ਘੰਟੇ ਉਡੀਕ ਕਰਨੀ ਪਵੇਗੀ। ਇੱਕ ਹੋਰ ਯਾਤਰੀ ਦਾ ਕਹਿਣਾ ਸੀ ਕਿ ਜੰਮੂ ਜਾਣ ਲਈ ਬੱਸ ਵਿੱਚ 400 ਰੁਪਏ ਕਿਰਾਇਆ ਖ਼ਰਚਣਾ ਪਵੇਗਾ ਜਦੋਂਕਿ ਰੇਲ ਗੱਡੀ ਵਿੱਚ ਬਹੁਤ ਘੱਟ ਕਿਰਾਇਆ ਲੱਗਣਾ ਸੀ। ਰੇਲਵੇ ਵਿਭਾਗ ਅਧਿਕਾਰੀਆਂ ਅਨੁਸਾਰ ਜੰਮੂਤਵੀ ਰੇਲਵੇ ਸਟੇਸ਼ਨ ’ਤੇ ਕੇਵਲ ਤਿੰਨ ਹੀ ਪਲੈਟਫਾਰਮ ਹਨ। ਇਹ ਪਲੈਟਫਾਰਮ ਵੀ 30 ਸਾਲ ਪਹਿਲਾਂ ਦੇ ਬਣੇ ਹੋਏ ਹਨ। ਹੁਣ ਜੰਮੂਤਵੀ ਰੇਲਵੇ ਸਟੇਸ਼ਨ ’ਤੇ 20 ਤੋਂ ਜ਼ਿਆਦਾ ਰੇਲ ਗੱਡੀਆਂ ਹੋਰ ਵਧੀਆਂ ਹਨ। ਪਲੈਟਫਾਰਮ ਘੱਟ ਹੋਣ ਕਾਰਨ ਰੇਲ ਗੱਡੀਆਂ ਨੂੰ ਆਊਟਰ ਸਿਗਨਲ ਤੋਂ ਚਲਾਉਣਾ ਪੈ ਰਿਹਾ ਹੈ। ਇਸ ਨਾਲ ਰੇਲ ਗੱਡੀਆਂ ਦੇ ਆਉਣ-ਜਾਣ ’ਚ ਵਿਘਨ ਪੈਂਦਾ ਹੈ। ਨਵਾਂ ਪਲੈਟਫਾਰਮ ਬਣਾਉਣ ਵਿੱਚ ਇੰਡੀਅਨ ਆਇਲ ਦਾ ਡਿੱਪੂ ਸਭ ਤੋਂ ਵੱਡੀ ਰੁਕਾਵਟ ਸੀ ਜਦੋਂਕਿ ਚਾਰ ਨਵੇਂ ਪਲੈਟਫਾਰਮ ਅਤੇ ਪੰਜ ਨਵੀਆਂ ਵਾਸ਼ਿੰਗ ਲਾਈਨਾਂ ਬਣਾਉਣ ਦੀ ਯੋਜਨਾ ਹੈ। ਇਸ ਨੂੰ ਪੂਰਾ ਕਰਨ ਵਿੱਚ ਤਿੰਨ ਮਹੀਨਿਆਂ ਦਾ ਸਮਾਂ ਲੱਗੇਗਾ। ਇਸ ਲਈ ਉਸਾਰੀ ਕਾਰਜ ਚੱਲਣ ਕਰ ਕੇ ਇਨ੍ਹਾਂ ਰੇਲ ਗੱਡੀਆਂ ਨੂੰ ਪਠਾਨਕੋਟ-ਅੰਮ੍ਰਿਤਸਰ ਆਦਿ ਸਟੇਸ਼ਨਾਂ ’ਤੇ ਰੱਦ ਕੀਤਾ ਗਿਆ ਹੈ। ਜੰਮੂ ਤਵੀ ਰੇਲਵੇ ਸਟੇਸ਼ਨ ’ਤੇ ਨਵੇਂ ਪਲੈਟਫਾਰਮ ਬਣਾਉਣ ਅਤੇ ਵਾਸ਼ਿੰਗ ਲਾਈਨਾਂ ਦਾ ਕੰਮ ਚੱਲ ਰਿਹਾ ਹੈ। ਇਸ ਕਾਰਨ ਕਈ ਰੇਲ ਗੱਡੀਆਂ ਨੂੰ ਵਿਚਕਾਰ ਰਸਤੇ ਵਿੱਚੋਂ ਚਲਾਇਆ ਜਾ ਰਿਹਾ ਹੈ ਜਦੋਂਕਿ ਕੁੱਝ ਕੁ ਰੇਲ ਗੱਡੀਆਂ ਨੂੰ ਮਾਰਚ ਮਹੀਨੇ ਤੱਕ ਰੱਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮਾਰਚ ਮਹੀਨੇ ਤੱਕ ਟਿਕਟਾਂ ਲੈਣ ਵਾਲੇ ਯਾਤਰੂਆਂ ਦੇ ਪੈਸੇ ਮੋੜੇ ਜਾ ਰਹੇ ਹਨ।



## ਪੰਜਾਬ ਸਰਕਾਰ ਨੇ ਪਨਬੱਸ ਦੇ ਕੱਚੇ ਕਾਮਿਆਂ ਦੀ ਤਨਖ਼ਾਹ ’ਚ ਕੀਤਾ 5% ਦਾ ਵਾਧਾ

ਚੰਡੀਗੜ੍ਹ। ਪਨਬੱਸ ਵਿਚ ਆਊਟ ਸੋਰਸ ਤਹਿਤ ਭਰਤੀ ਕਾਮਿਆਂ ਦੀ ਤਨਖ਼ਾਹ ਵਿਚ ਸਰਕਾਰ ਨੇ 5 ਫ਼ੀ ਸਦੀ ਵਾਧਾ ਕਰ ਦਿਤਾ ਹੈ। ਡਰਾਈਵਰਾਂ, ਕੰਡਕਟਰਾਂ ਤੋਂ ਇਲਾਵਾ ਵਰਕਸ਼ਾਪ ਵਿਚ ਤਾਇਨਾਤ ਮੁਲਾਜ਼ਮਾਂ ਜਿਨ੍ਹਾਂ ਨੇ 1 ਨਵੰਬਰ 2024 ਨੂੰ ਇਕ ਸਾਲ ਦੀ ਸਰਵਿਸ ਪੂਰੀ ਕਰ ਲਈ ਹੈ, ਨੂੰ ਇਕ ਨਵੰਬਰ ਤੋਂ ਪਹਿਲੀ ਮਿਲਦੀ ਤਨਖ਼ਾਹ ਵਿਚ ਪੰਜ ਫ਼ੀ ਸਦੀ ਵਾਧੇ ਨਾਲ ਤਨਖ਼ਾਹ ਮਿਲਣ ਦਾ ਲਾਭ ਮਿਲੇਗਾ। ਪੰਜਾਬ ਸਟੇਟ ਬੱਸ ਸਟੈਂਡ ਮੈਨੇਜਮੈਂਟ ਕੰਪਨੀ ਨੇ ਬਾਕਾਇਦਾ ਇਸ ਸਬੰਧੀ ਪਨਬੱਸ ਦੇ ਸਾਰੇ ਜ਼ਿਲ੍ਹਾ ਮੈਨੇਜਰਾਂ ਨੂੰ ਅੱਜ ਪੱਤਰ ਜਾਰੀ ਕਰ ਦਿਤਾ ਹੈ। ਯੂਨੀਅਨ ਨੇ ਸਰਕਾਰ ਵਲੋਂ ਮੰਗਾਂ ਮੰਨਣ ਦਾ ਭਰੋਸਾ ਦਿਤੇ ਜਾਣ ਕਾਰਨ ਤਿੰਨ ਫ਼ਰਵਰੀ ਤਕ ਦੇ ਸਾਰੇ ਪ੍ਰੋਗਰਾਮਾਂ ਨੂੰ ਮੁਲਤਵੀ ਕਰ ਦਿਤਾ ਹੈ। ਪੀਆਰਟੀਸੀ ਤੇ ਪਨਬਸ ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਦੀ ਮੰਗ ਨੂੰ ਪੰਜਾਬ ਸਰਕਾਰ ਨੇ ਪੂਰਾ ਕਰ ਦਿੱਤਾ ਹੈ। ਟਰਾਂਸਪੋਰਟ ਮੰਤਰੀ ਨਾਲ ਮੀਟਿੰਗ ਤੋਂ ਬਾਅਦ ਪੀ.ਆਰ.ਟੀ.ਸੀ ਪਨਬਸ ਪੰਜਾਬ ਰੋਡਵੇਜ਼ ਦੇ ਮੁਲਾਜ਼ਮਾਂ ਦੇ ਰਾਤ ਦੇ ਭੱਤੇ 'ਚ ਵਾਧਾ ਕਰ ਦਿਤਾ ਗਿਆ ਹੈ। ਹੁਣ ਦਿੱਲੀ ਲਈ ਰਾਤਰੀ ਭੱਤਾ 60 ਰੁਪਏ ਤੋਂ ਵਧਾ ਕੇ 120 ਕਰ ਦਿਤਾ ਗਿਆ ਹੈ। ਜਦਕਿ ਸ਼ਿਮਲਾ ਲਈ 60 ਰੁਪਏ ਤੋਂ ਵਧਾ ਕੇ 90 ਰੁਪਏ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬਾਕੀ ਸ਼ਹਿਰਾਂ ਲਈ 50 ਤੋਂ ਵਧਾ ਕੇ 60 ਕਰ ਦਿਤਾ ਗਿਆ।




## ਪੁਲੀਸ ਨੇ ਮੁਕਾਬਲੇ ਵਿੱਚ ਗੈਂਗਸਟਰ ਰਣਜੀਤ ਸਿੰਘ ‘ਰਾਣਾ’ ਮਾਰਿਆ

ਬਟਾਲਾ। ਪੁਲੀਸ ਵੱਲੋਂ ਦੇਰ ਰਾਤ ਪਿੰਡ ਨੱਤ ਕੋਲ ਨਾਕਾਬੰਦੀ ਕਰ ਕੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਪੁਲੀਸ ਨੇ ਮਹਿਤਾ ਵਾਲੇ ਪਾਸਿਓਂ ਆਉਂਦੇ ਮੋਟਰਸਾਈਕਲ ਸਵਾਰ ਨੌਜਵਾਨ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਹ ਦੌੜਨ ਦੀ ਕੋਸ਼ਿਸ਼ ਵਿੱਚ ਡਿੱਗ ਗਿਆ। ਉਸ ਨੇ ਗੋਲੀਆਂ ਚਲਾ ਦਿੱਤੀਆਂ, ਜਿਸ ਕਾਰਨ ਪੁਲੀਸ ਮੁਲਜ਼ਮ ਜ਼ਖ਼ਮੀ ਹੋ ਗਿਆ। ਪੁਲੀਸ ਵੱਲੋਂ ਜਵਾਬੀ ਕਾਰਵਾਈ ਕੀਤੀ ਤਾਂ ਨੌਜਵਾਨ ਜ਼ਖ਼ਮੀ ਹੋ ਗਿਆ। ਪੁਲੀਸ ਨੇ ਉਸ ਨੂੰ ਬਟਾਲਾ ਦੇ ਸਿਵਲ ਹਸਪਤਾਲ ’ਚ ਦਾਖ਼ਲ ਕਰਵਾਇਆ ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਪੁਲੀਸ ਨੇ ਨੌਜਵਾਨ ਤੋਂ ਪਿਸਤੌਲ, 14 ਕਾਰਤੂਸ, 2 ਖੋਲ ਅਤੇ ਮੋਟਰਸਾਈਕਲ ਬਰਾਮਦ ਕੀਤਾ ਹੈ।

ਡੀ.ਆਈ.ਜੀ. ਬਾਰਡਰ ਰੇਂਜ ਸਤਿੰਦਰ ਸਿੰਘ ਨੇ ਬਟਾਲਾ ਪੁਲੀਸ ਵੱਲੋਂ ਕੀਤੀ ਜਵਾਬੀ ਕਾਰਵਾਈ ਦੌਰਾਨ ਮਾਰੇ ਗਏ ਗੈਂਗਸਟਰ ਬਾਰੇ ਕਈ ਖ਼ੁਲਾਸੇ ਕੀਤੇ ਹਨ। ਉਨ੍ਹਾਂ ਦੱਸਿਆ ਕਿ ਗੈਂਗਸਟਰ ਰਣਜੀਤ ਸਿੰਘ ਉਰਫ਼ ਰਾਣਾ ਵਿਦੇਸ਼ ਵਿੱਚ ਰਹਿੰਦੇ ਗੈਂਗਸਟਰ ਪ੍ਰਭ ਦਾਸੂਵਾਲ, ਡੋਨੀ ਸਠਿਆਲਾ, ਅਮਨ ਖੱਬੇ ਰਾਜਪੂਤਾਂ ਅਤੇ ਮਨ ਘਨਸ਼ਾਮਪੁਰ (ਗੋਪੀ ਘਨਘਾਸ਼ਪੁਰੀਆ) ਦੇ ਗੈਂਗ ਨਾਲ ਕੰਮ ਕਰਦਾ ਸੀ। ਉਹ ਪੈਸਿਆਂ ਦਾ ਲਾਲਚ ਦੇ ਕੇ ਨੌਜਵਾਨਾਂ ਨੂੰ ਅਪਰਾਧਕ ਕੰਮਾਂ ਲਈ ਆਪਣੇ ਗਰੁੱਪ ਵਿੱਚ ਸ਼ਾਮਲ ਕਰਵਾਉਂਦਾ ਸੀ। 12 ਜਨਵਰੀ ਨੂੰ ਤਰਨ ਤਾਰਨ ਦੇ ਪਿੰਡ ਹਰੀਕੇ ਵਿੱਚ ਆੜ੍ਹਤੀ ਰਾਮ ਗੋਪਾਲ ਦਾ ਕਤਲ ਕਰਨ ਲਈ ਸ਼ੂਟਰ ਉਸੇ ਨੇ ਹੀ ਮੁਹੱਈਆ ਕਰਵਾਏ ਸਨ, ਇਨ੍ਹਾਂ ’ਚ ਉਸ ਦੇ ਪਿੰਡ ਦਾ ਨੌਜਵਾਨ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਉਹ ਪਿੰਡ ਤਲਵੰਡੀ ਦੇ ਸਰਪੰਚ ਦੇ ਕਤਲ ਕੇਸ ਵਿੱਚ ਮੁੱਖ ਮੁਲਜ਼ਮ ਹੋਣ ਕਰ ਕੇ ਵੀ ਪੁਲੀਸ ਨੂੰ ਲੋੜੀਂਦਾ ਸੀ। ਇਸੇ ਤਰ੍ਹਾਂ ਉਸ ਖ਼ਿਲਾਫ਼ ਜਲੰਧਰ ਕਮਿਸ਼ਨਰੇਟ ਵਿੱਚ ਵੀ ਕੇਸ ਦਰਜ ਹੈ। ਡੀਆਈਜੀ ਨੇ ਦੱਸਿਆ ਕਿ ਉਸ ਦੀ ਪਛਾਣ ਰਣਜੀਤ ਸਿੰਘ ਉਰਫ਼ ਵਾਸੀ ਮਰੜ੍ਹੀ ਕਲਾਂ ਵਜੋਂ ਹੋਈ ਹੈ। ਡੀ.ਆਈ.ਜੀ. ਨੇ ਦੱਸਿਆ ਕਿ ਉਹ ਨੌਜਵਾਨ ਬਟਾਲਾ ਵਿੱਚ ਜਿਸ ਵਿਅਕਤੀ ਦੇ ਘਰ ਠਹਿਰਦਾ ਸੀ ਉਸ ਖ਼ਿਲਾਫ਼ ਵੀ ਕੇਸ ਦਰਜ ਕੀਤਾ ਗਿਆ ਹੈ।



## ਕੋਟਕਪੂਰਾ - ਭੱਠੇ ’ਤੇ ਪੰਜਾਬੀ ਤੇ ਪਰਵਾਸੀ ਮਜ਼ਦੂਰ ਆਪਸ ਵਿੱਚ ਭਿੜੇ

ਕੋਟਕਪੂਰਾ। ਪਿੰਡ ਚੋਹਲ ਵਿੱਚ ਭੱਠੇ ’ਤੇ ਕੰਮ ਕਰਨ ਵਾਲੇ ਪੰਜਾਬੀ ਅਤੇ ਪਰਵਾਸੀ ਮਜ਼ਦੂਰ ਪੈਸਿਆਂ ਦੇ ਲੈਣ-ਦੇਣ ਕਾਰਨ ਆਪਸ ਵਿੱਚ ਭਿੜ ਗਏ। ਇਸ ਦੌਰਾਨ ਝਗੜੇ ਵਿੱਚ ਦੋ ਪੰਜਾਬੀ ਮਜ਼ਦੂਰ ਬੌਬੀ ਅਤੇ ਵਿੱਕੀ ਗੰਭੀਰ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਦਾਖਲ ਕਰਵਾਇਆ ਗਿਆ। ਪੁਲੀਸ ਨੇ ਮਾਮਲੇ ਵਿੱਚ ਜ਼ਖਮੀ ਮਜ਼ਦੂਰਾਂ ਦੇ ਬਿਆਨ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜ਼ਖਮੀ ਮਜ਼ਦੂਰਾਂ ਦੇ ਰਿਸ਼ਤੇਦਾਰ ਹੰਸ ਰਾਜ ਨੇ ਦੱਸਿਆ ਕਿ ਇਕੱਠੇ ਕੰਮ ਕਰਦੇ ਹੋਏ ਕਾਰਨ ਮਜ਼ਦੂਰ ਆਪਸ ਵਿੱਚ ਪੈਸਿਆਂ ਦਾ ਲੈਣ ਦੇਣ ਕਰਦੇ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਵਿੱਕੀ ਅਤੇ ਬੌਬੀ ਨੇ ਵੀ ਪਰਵਾਸੀ ਮਜ਼ਦੂਰਾਂ ਤੋਂ ਪੈਸੇ ਲੈਣੇ ਸਨ। ਉਨ੍ਹਾਂ ਦੱਸਿਆ ਕਿ ਅੱਜ ਜਦੋਂ ਪਰਵਾਸੀਆਂ ਤੋਂ ਪੈਸੇ ਮੰਗੇ ਤਾਂ ਗੱਲ ਵਧ ਗਈ। ਉਨ੍ਹਾਂ ਦੱਸਿਆ ਕਿ 7 ਦੇ ਕਰੀਬ ਪਰਵਾਸੀ ਮਜ਼ਦੂਰਾਂ ਅਤੇ ਉਨ੍ਹਾਂ ਦੀਆਂ ਔਰਤਾਂ ਨੇ ਇਕੱਠੇ ਹੋ ਕੇ ਵਿੱਕੀ ਅਤੇ ਬੌਬੀ ’ਤੇ ਹਮਲਾ ਕਰ ਦਿੱਤਾ, ਜਿਸ ਕਾਰਨ ਦੋਵਾਂ ਦੇ ਸਿਰ ਵਿੱਚ ਸੱਟਾਂ ਲੱਗੀਆਂ ਹਨ।ਉਨ੍ਹਾਂ ਦੱਸਿਆ ਕਿ ਇਨ੍ਹਾਂ ਦੋਵਾਂ ਨੂੰ ਇਲਾਜ ਲਈ ਮੈਡੀਕਲ ਹਸਪਤਾਲ ਫ਼ਰੀਦਕੋਟ ਵਿੱਚ ਦਾਖਲ ਕਰਵਾਇਆ ਗਿਆ ਹੈ।

ਉਨ੍ਹਾਂ ਦੱਸਿਆ ਕਿ ਝਗੜੇ ਸਬੰਧੀ ਪੁਲੀਸ ਨੂੰ ਸੂਚਨਾ ਦੇ ਦਿੱਤੀ ਹੈ ਪਰ ਹਾਲੇ ਤੱਕ ਕੋਈ ਕਾਰਵਾਈ ਨਹੀਂ ਹੋਈ। ਫ਼ਰੀਦਕੋਟ ਦੇ ਐੱਸਪੀ ਜਸਮੀਤ ਸਿੰਘ ਨੇ ਦੱਸਿਆ ਕਿ ਇਹ ਮਾਮਲਾ ਪੰਜਾਬੀ ਜਾਂ ਪਰਵਾਸੀਆਂ ਦੇ ਆਪਸੀ ਟਕਰਾਅ ਦਾ ਨਹੀਂ ਬਲਕਿ ਪੈਸਿਆਂ ਦੇ ਲੈਣ ਦੇਣ ਦਾ ਹੈ।

ਉਨ੍ਹਾਂ ਦੱਸਿਆ ਕਿ ਮੁੱਢਲੀ ਤਫ਼ਤੀਜ਼ ਤੋਂ ਪਤਾ ਲੱਗਾ ਕਿ ਝਗੜਾ ਪੈਸੇ ਵਾਪਸ ਮੰਗਣ ਕਾਰਨ ਹੋਇਆ ਹੈ। ਉਨ੍ਹਾਂ ਕਿਹਾ ਕਿ ਪੁਲੀਸ ਇਸ ਸਬੰਧੀ ਬਣਦੀ ਕਾਰਵਾਈ ਕਰ ਰਹੀ ਹੈ।



## ਭੋਜਪੁਰੀ ਗਾਣੇ ਲਗਾਉਣ ਤੋਂ ਰੋਕਣ 'ਤੇ ਪ੍ਰਵਾਸੀਆਂ ਨੇ ਨੌਜਵਾਨ ਦੀ ਕੀਤੀ ਕੁੱਟਮਾਰ

ਅੰਮ੍ਰਿਤਸਰ। ਲੋਹੜੀ ਦੇ ਤਿਉਹਾਰ ਨੂੰ ਲੈ ਕੇ ਪੂਰੇ ਮਾਝੇ ਵਿੱਚ ਜਸ਼ਨ ਮਨਾਏ ਜਾਂਦੇ ਹਨ ਅਤੇ ਲੋਹੜੀ ਅਤੇ ਮਾਘੀ ਦੇ ਦਿਹਾੜੇ 'ਤੇ ਲੋਕ ਪਤੰਗਬਾਜ਼ੀ ਕਰਦੇ ਵੀ ਦਿਖਾਈ ਦਿੰਦੇ ਹਨ। ਇਸ ਦੇ ਨਾਲ ਹੀ ਲੋਕ ਆਪਣੇ ਛੱਤ ਦੇ ਉੱਪਰ ਡੀਜੇ ਲਗਾ ਕੇ ਮਨੋਰੰਜਨ ਕਰਦੇ ਦਿਖਾਈ ਦਿੰਦੇ ਹਨ ਪਰ ਇਸ ਮਨੋਰੰਜਨ ਦੌਰਾਨ ਲੜਾਈ ਝਗੜੇ ਹੋਣ ਦੇ ਮਾਮਲੇ ਵੀ ਸਾਹਮਣੇ ਆਉਂਦੇ ਹਨ। ਅਜਿਹਾ ਹੀ ਮਾਮਲਾ ਅੰਮ੍ਰਿਤਸਰ ਦੇ ਮਜੀਠਾ ਰੋਡ ਦੇ ਰਾਮ ਨਗਰ ਕਲੋਨੀ ਤੋਂ ਸਾਹਮਣੇ ਆਇਆ ਜਿੱਥੇ ਕੁਝ ਪ੍ਰਵਾਸੀ ਨੌਜਵਾਨਾਂ ਵੱਲੋਂ ਆਪਣੇ ਛੱਤ 'ਤੇ ਡੀਜੇ ਲਗਾ ਕੇ ਭੋਜਪੁਰੀ ਗਾਣੇ ਲਗਾ ਕੇ ਆਪਣਾ ਮਨੋਰੰਜਨ ਕੀਤਾ ਜਾ ਰਿਹਾ ਸੀ ਤਾਂ ਇਸ ਦੌਰਾਨ ਇੱਕ ਪੰਜਾਬੀ ਵੱਲੋਂ ਉਹਨਾਂ ਨੂੰ ਭੋਜਪੁਰੀ ਗਾਣੇ ਬਦਲਣ ਲਈ ਕਿਹਾ ਜਿਸ ਤੋਂ ਬਾਅਦ ਦੋਵਾਂ ਵਿਚਾਲੇ ਝਗੜਾ ਹੋ ਗਿਆ ਅਤੇ ਇਸ ਦੌਰਾਨ ਪ੍ਰਵਾਸੀ ਵਿਅਕਤੀਆਂ ਵੱਲੋਂ ਸਿੱਖ ਨੌਜਵਾਨ ਦੀ ਕੁੱਟਮਾਰ ਕੀਤੀ ਗਈ ਤੇ ਉਸ ਦੀ ਦਸਤਾਰ ਉਤਾਰੀ ਗਈ। ਇਨ੍ਹਾਂ ਦੀ ਨਹੀਂ ਉਸ ਦੇ ਕੱਪੜੇ ਵੀ ਪਾੜੇ ਗਏ।

ਜਿਸ ਤੋਂ ਬਾਅਦ ਪੀੜਿਤ ਵਿਅਕਤੀ ਨੇ ਕਿਹਾ ਕਿ ਪ੍ਰਵਾਸੀਆਂ ਵੱਲੋਂ ਗੰਦੇ ਭੋਜਪੁਰੀ ਗਾਣੇ ਲਗਾਏ ਜਾ ਰਹੇ ਸਨ ਅਤੇ ਜਦੋਂ ਉਹਨਾਂ ਨੂੰ ਗਾਣੇ ਬਦਲਣ ਲਈ ਕਿਹਾ ਗਿਆ ਤਾਂ ਇਸ ਦੌਰਾਨ ਪ੍ਰਵਾਸੀ ਵਿਅਕਤੀਆਂ ਵੱਲੋਂ ਉਸ ਦੀ ਕੁੱਟਮਾਰ ਕੀਤੀ ਗਈ। ਉੱਥੇ ਹੀ ਪੀੜਿਤ ਵਿਅਕਤੀ ਨੇ ਪੁਲਿਸ ਤੋਂ ਮੀਡੀਆ ਦੇ ਜ਼ਰੀਏ ਇਨਸਾਫ਼ ਦੀ ਗੁਹਾਰ ਲਗਾਈ।

ਦੂਜੇ ਪਾਸੇ ਇਸ ਮਾਮਲੇ ਚ ਥਾਣਾ ਸਦਰ ਦੇ ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਮਜੀਠਾ ਰੋਡ ਬਾਈਪਾਸ ਤੇ ਰਾਮ ਨਗਰ ਕਲੋਨੀ ਇਲਾਕੇ ਵਿੱਚ ਗੁਆਂਢੀਆਂ ਵੱਲੋਂ ਘਰੇਲੂ ਗੱਲ ਨੂੰ ਲੈ ਕੇ ਕਲੇਸ਼ ਹੋਇਆ ਹੈ ਜਿਸ ਦੀ ਪੁਲਿਸ ਜਾਂਚ ਕਰ ਰਹੀ ਹੈ ਅਤੇ ਜਾਂਚ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।



# ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਪਹਿਲੀ ਵਾਰ ਯੂਕਰੇਨ ਪਹੁੰਚੇ ਸਟਾਰਮਰ

## ਕਿਹਾ: ਬ੍ਰਿਟੇਨ ਯੂਕਰੇਨ ਲਈ ਆਪਣੀ ਮਦਦ ਵਿੱਚ ਕੋਈ ਕਮੀ ਨਹੀਂ ਆਉਣ ਦੇਵਾਂਗੇ



ਕੀਵ। ਕੀਰ ਸਟਾਰਮਰ ਬ੍ਰਿਟਿਸ਼ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਆਪਣੀ ਪਹਿਲੀ ਫੇਰੀ ਲਈ ਵੀਰਵਾਰ ਨੂੰ ਯੂਕਰੇਨ ਪਹੁੰਚੇ। ਇੱਥੇ ਉਹ ਯੂਕਰੇਨ ਦੀ ਰਾਜਧਾਨੀ ਕੀਵ ਵਿੱਚ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੂੰ ਮਿਲੇ। ਦੋਨਾਂ ਆਗੂਆਂ ਨੇ 2022 ਤੋਂ ਹੁਣ ਤੱਕ ਜੰਗ ਵਿੱਚ ਮਾਰੇ ਗਏ ਯੂਕਰੇਨੀ ਸੈਨਿਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਤੋਂ ਪਹਿਲਾਂ, ਬ੍ਰਿਟਿਸ਼ ਸਰਕਾਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਸੀ ਕਿ ਸਟਾਰਮਰ ਯੂਕਰੇਨ ਨਾਲ ਸੁਰੱਖਿਆ ਸਬੰਧਾਂ ਨੂੰ ਮਜ਼ਬੂਤ ਕਰਨ ਲਈ 100 ਸਾਲਾ ਸਮਝੌਤੇ 'ਤੇ ਦਸਤਖਤ ਕਰਨਗੇ। ਇਸ ਸਮਝੌਤੇ ਵਿੱਚ ਰੱਖਿਆ, ਵਿਗਿਆਨ, ਊਰਜਾ ਅਤੇ ਵਪਾਰ ਸਮੇਤ ਕਈ ਮੁੱਦੇ ਸ਼ਾਮਿਲ ਹੋਣਗੇ।

ਬ੍ਰਿਟਿਸ਼ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਹ ਸਮਝੌਤਾ ਸਿਰਫ਼ ਅੱਜ ਦਾ ਨਹੀਂ ਹੈ, ਸਗੋਂ ਇਹ ਆਉਣ ਵਾਲੀ ਸਦੀ ਵਿੱਚ ਦੋਨਾਂ ਦੇਸ਼ਾਂ ਵਿਚਕਾਰ ਨਿਵੇਸ਼ ਦੀ ਗੱਲ ਵੀ ਕਰਦਾ ਹੈ। ਸਟਾਰਮਰ ਦੀ ਫੇਰੀ ਦੌਰਾਨ ਵੀ, ਰੂਸ ਨੇ ਕੀਵ ਵਿੱਚ ਡਰੋਨ ਹਮਲੇ ਕੀਤੇ, ਜਿਨ੍ਹਾਂ ਨੂੰ ਯੂਕਰੇਨ ਦੇ ਹਵਾਈ ਰੱਖਿਆ ਪ੍ਰਣਾਲੀ ਨੇ ਰੋਕ ਦਿੱਤਾ।ਕੀਰ ਸਟਾਰਮਰ ਨੇ ਰੂਸੀ ਹਮਲੇ ਬਾਰੇ ਕਿਹਾ ਕਿ ਪੁਤਿਨ ਯੂਕਰੇਨ ਨੂੰ ਆਪਣੇ ਸਹਿਯੋਗੀਆਂ ਤੋਂ ਦੂਰ ਕਰਨ ਵਿੱਚ ਅਸਫਲ ਰਹੇ ਹਨ। ਅੱਜ ਅਸੀਂ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਇੱਕਜੁੱਟ ਹਾਂ ਅਤੇ ਇਹ 100 ਸਾਲਾਂ ਦਾ ਸਮਝੌਤਾ ਸਾਡੀ ਭਾਈਵਾਲੀ ਨੂੰ ਅਗਲੇ ਪੱਧਰ 'ਤੇ ਲੈ ਜਾਵੇਗਾ। ਅਸੀਂ ਇਸ ਲੜਾਈ ਵਿੱਚ ਬਹੁਤ ਅੱਗੇ ਆ ਚੁੱਕੇ ਹਾਂ। ਸਾਨੂੰ ਹਾਰ ਨਹੀਂ ਮੰਨਣੀ ਚਾਹੀਦੀ। ਬ੍ਰਿਟੇਨ ਯੂਕਰੇਨ ਲਈ ਆਪਣੀ ਮਦਦ ਨੂੰ ਕਦੇ ਵੀ ਘੱਟ ਨਹੀਂ ਹੋਣ ਦੇਵੇਗਾ।ਸਟਾਰਮਰ ਨੇ 2023 ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਯੂਕਰੇਨ ਦਾ ਦੌਰਾ ਕੀਤਾ ਸੀ। ਪ੍ਰਧਾਨ ਮੰਤਰੀ ਬਣਨ ਤੋਂ ਬਾਅਦ, ਉਹ ਜ਼ੇਲੇਂਸਕੀ ਨੂੰ 10 ਡਾਊਨਿੰਗ ਸਟਰੀਟ (ਬ੍ਰਿਟਿਸ਼ ਪ੍ਰਧਾਨ ਮੰਤਰੀ ਦੀ ਸਰਕਾਰੀ ਰਿਹਾਇਸ਼) 'ਤੇ ਦੋ ਵਾਰ ਮਿਲੇ ਹਨ।

# ਇੰਡੋਨੇਸ਼ੀਆ ਦੇ ਰਾਸ਼ਟਰਪਤੀ ਗਣਤੰਤਰ ਦਿਵਸ ਸਮਾਗਮ ਦੇ ਮੁੱਖ ਮਹਿਮਾਨ ਹੋਣਗੇ



ਨਵੀਂ ਦਿੱਲੀ। ਇੰਡੋਨੇਸ਼ੀਆ ਦੇ ਰਾਸ਼ਟਰਪਤੀ ਪ੍ਰਾਬੋਵੋ ਸੁਬਿਆਂਤੋ 26 ਜਨਵਰੀ ਨੂੰ 76ਵੇਂ ਗਣਤੰਤਰ ਦਿਵਸ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਸੁਬਿਆਂਤੋ 25 ਅਤੇ 26 ਜਨਵਰੀ ਨੂੰ ਰਾਸ਼ਟਰਪਤੀ ਵਜੋਂ ਭਾਰਤ ਦੇ ਆਪਣੇ ਪਹਿਲੇ ਦੌਰੇ 'ਤੇ ਹੋਣਗੇ। ਮੰਤਰਾਲੇ ਨੇ ਕਿਹਾ ਕਿ ਵਿਆਪਕ ਰਣਨੀਤਕ ਭਾਈਵਾਲ ਦੇ ਰੂਪ ਵਿੱਚ ਇੰਡੋਨੇਸ਼ੀਆ, ਭਾਰਤ ਦੀ 'ਐਕਟ ਈਸਟ ਨੀਤੀ' ਅਤੇ ਇੰਡੋ-ਪੈਸੇਫਿਕ ਲਈ ਇਸ ਦੇ ਨਜ਼ਰੀਏ ਦਾ ਅਹਿਮ ਥੰਮ ਹੈ। ਪਿਛਲੇ ਸਾਲ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਗਣਤੰਤਰ ਦਿਵਸ ਸਮਾਗਮ ਵਿੱਚ ਸ਼ਾਮਿਲ ਹੋਏ ਸਨ। ਇਸ ਦੌਰਾਨ ਦੇਸ਼ ਵਿੱਚ ਡਿਜ਼ਾਈਨ ਅਤੇ ਵਿਕਸਤ ਕੀਤਾ ਗਿਆ ਅਤਿ-ਆਧੁਨਿਕ ਹਲਕਾ ਹੈਲੀਕਾਪਟਰ (ਏ.ਐੱਲ.ਐੱਚ.) ਧਰੁਵ ਇਸ ਸਾਲ ਗਣਤੰਤਰ ਦਿਵਸ ਫਲਾਈਪਾਸਟ ਦਾ ਹਿੱਸਾ ਨਹੀਂ ਹੋਵੇਗਾ। ਇਸੇ ਮਹੀਨੇ ਹੈਲੀਕਾਪਟਰ ਹਾਦਸਾਗ੍ਰਸਤ ਹੋਣ ਤੋਂ ਬਾਅਦ ਇਸ ਦੀ ਉਡਾਨ 'ਤੇ ਰੋਕ ਲਾ ਦਿੱਤੀ ਗਈ ਸੀ।

# ਰਾਜਸਥਾਨ : ਰੋਹਿਤ ਗੋਦਾਰਾ ਗੈਂਗ ਦੇ ਸਰਗਰਮ ਮੈਂਬਰ ਦੀ ਪਤਨੀ ਇਟਲੀ ਤੋਂ ਗ੍ਰਿਫਤਾਰ



ਜੈਪੁਰ: ਰਾਜਸਥਾਨ ਪੁਲਿਸ ਦੀ ਸਪੈਸ਼ਲ ਬ੍ਰਾਂਚ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਨੇ ਇੰਟਰਪੋਲ ਦੇ ਸਹਿਯੋਗ ਨਾਲ ਰੋਹਿਤ ਗੋਦਾਰਾ ਗੈਂਗ ਦੇ ਸਰਗਰਮ ਮੈਂਬਰ ਅਮਰਜੀਤ ਬਿਸ਼ਨੋਈ ਦੀ ਪਤਨੀ ਸੁਧਾ ਕੰਵਰ (26) ਨੂੰ ਬੁਧਵਾਰ ਨੂੰ ਇਟਲੀ ਦੇ ਤ੍ਰੇਪਾਨੀ ਕਸਬੇ ਤੋਂ ਗ੍ਰਿਫ਼ਤਾਰ ਕੀਤਾ ਹੈ। ਇਕ ਪੁਲਿਸ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿਤੀ। ਐਡੀਸ਼ਨਲ ਡਾਇਰੈਕਟਰ ਜਨਰਲ ਆਫ ਪੁਲਿਸ (ਐਂਟੀ ਗੈਂਗਸਟਰ ਟਾਸਕ ਫੋਰਸ) ਦਿਨੇਸ਼ ਐਮ.ਐਨ. ਨੇ ਦਸਿਆ ਕਿ ਗੈਂਗਸਟਰ ਅਮਰਜੀਤ ਬਿਸ਼ਨੋਈ ਅਤੇ ਸੁਧਾ ਕੰਵਰ ਦਾ ਗਿਰੋਹ ਧਮਕੀ ਭਰੇ ਫੋਨ ਕਰ ਕੇ ਅਮੀਰ ਕਾਰੋਬਾਰੀਆਂ ਤੋਂ ਪੈਸੇ ਵਸੂਲਦਾ ਹੈ ਅਤੇ ਗਿਰੋਹ ਦੇ ਮੈਂਬਰ ਫਿਰੌਤੀ ਦੇ ਪੈਸੇ ਨਾ ਮਿਲਣ 'ਤੇ ਵਿਅਕਤੀ ਅਤੇ ਉਸ ਦੇ ਪਰਵਾਰ 'ਤੇ ਗੋਲੀਆਂ ਵੀ ਚਲਾ ਦਿੰਦੇ ਹਨ। ਅਮਰਜੀਤ ਨੂੰ ਪਿਛਲੇ ਸਾਲ 8 ਜੁਲਾਈ ਨੂੰ ਇਟਲੀ ਦੀ ਸਥਾਨਕ ਪੁਲਿਸ ਨੇ ਏ.ਜੀ.ਟੀ.ਐਫ. ਦੀ ਗੁਪਤ ਸੂਚਨਾ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਸੀ। ਪੁਲਿਸ ਅਧਿਕਾਰੀ ਨੇ ਦਸਿਆ ਕਿ ਸੁਧਾ ਕੰਵਰ ਨੇ ਅਪਣੇ ਪਹਿਲੇ ਪਤੀ ਤੋਂ ਤਲਾਕ ਲੈਣ ਤੋਂ ਬਾਅਦ ਗੈਂਗਸਟਰ ਅਮਰਜੀਤ ਬਿਸ਼ਨੋਈ ਨਾਲ ਵਿਆਹ ਕਰਵਾ ਲਿਆ ਅਤੇ ਉਸ ਦੀਆਂ ਅਪਰਾਧਕ ਗਤੀਵਿਧੀਆਂ 'ਚ ਉਸ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿਤੀ। ਉਨ੍ਹਾਂ ਕਿਹਾ ਕਿ ਸੁਧਾ ਕੰਵਰ ਨੇ 3 ਦਸੰਬਰ, 2022 ਨੂੰ ਸੀਕਰ 'ਚ ਰਾਜੇਂਦਰ ਉਰਫ ਰਾਜੂ ਥੇਹਟ ਕਤਲ ਕੇਸ ਦੇ ਸ਼ੂਟਰਾਂ 'ਚੋਂ ਇਕ ਮਨੀਸ਼ ਉਰਫ ਬੱਚੀਆ ਨੂੰ ਪੈਸੇ ਅਤੇ ਹਥਿਆਰ ਮੁਹੱਈਆ ਕਰਵਾਏ ਸਨ। ਪੁਲਿਸ ਨੇ ਇਸ ਮਾਮਲੇ 'ਚ ਸੁਧਾ ਨੂੰ 5 ਫ਼ਰਵਰੀ, 2023 ਨੂੰ ਗ੍ਰਿਫ਼ਤਾਰ ਕੀਤਾ ਸੀ। ਉਨ੍ਹਾਂ ਕਿਹਾ ਕਿ ਅਦਾਲਤ ਤੋਂ ਜ਼ਮਾਨਤ ਮਿਲਣ ਤੋਂ ਬਾਅਦ ਅਮਰਜੀਤ ਸੁਧਾ ਨੂੰ ਫਰਾਰ ਕਰ ਕੇ ਵਿਦੇਸ਼ ਬੁਲਾ ਚੁੱਕਾ ਸੀ। ਅਧਿਕਾਰੀ ਨੇ ਦਸਿਆ ਕਿ ਏ.ਜੀ.ਟੀ.ਐਫ. ਨੂੰ 10 ਅਕਤੂਬਰ, 2023 ਨੂੰ ਟੂਰਿਸਟ ਵੀਜ਼ਾ 'ਤੇ ਸੁਧਾ ਕੰਵਰ ਦੀ ਇਟਲੀ ਯਾਤਰਾ ਬਾਰੇ ਜਾਣਕਾਰੀ ਮਿਲੀ ਸੀ। ਉਨ੍ਹਾਂ ਨੇ ਦਸਿਆ ਕਿ ਸੁਧਾ ਨੂੰ ਬੁਧਵਾਰ ਨੂੰ ਸਥਾਨਕ ਪੁਲਿਸ ਨੇ ਇੰਟਰਪੋਲ ਦੀ ਮਦਦ ਨਾਲ ਇਟਲੀ ਦੇ ਸਿਸਿਲੀ 'ਚ ਰਹਿਣ ਦੀ ਸੂਚਨਾ ਮਿਲਣ ਤੋਂ ਬਾਅਦ ਗ੍ਰਿਫ਼ਤਾਰ ਕੀਤਾ ਸੀ। ਅਧਿਕਾਰੀ ਨੇ ਦਸਿਆ ਕਿ ਸੁਧਾ ਕੰਵਰ ਦੀ ਭਾਰਤ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕਰ ਦਿਤੀ ਗਈ ਹੈ।

# ਜਸਟਿਨ ਟਰੂਡੋ ਦਾ ਵੱਡਾ ਐਲਾਨ, ਅਗਲੀਆਂ ਆਮ ਚੋਣਾਂ 'ਚ ਨਹੀਂ ਲੈਣਗੇ ਹਿੱਸਾ



ਟੋਰਾਂਟੋ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਵੱਡਾ ਐਲਾਨ ਕੀਤਾ। ਜਸਟਿਨ ਟਰੂਡੋ ਨੇ ਕਿਹਾ ਕਿ ਉਹ ਅਗਲੀਆਂ ਆਮ ਚੋਣਾਂ ਵਿਚ ਹਿੱਸਾ ਨਹੀਂ ਲਵੇਗਾ। ਆਮ ਚੋਣਾਂ ਇਸ ਸਾਲ ਅਕਤੂਬਰ ਵਿਚ ਹੋਣੀਆਂ ਹਨ ਪਰ ਇਹ ਤੈਅ ਸਮੇਂ ਤੋਂ ਪਹਿਲਾਂ ਹੋ ਸਕਦੀਆਂ ਹਨ। ਟਰੂਡੋ ਨੇ ਬੁੱਧਵਾਰ ਨੂੰ ਓਟਾਵਾ ਵਿਚ ਇਕ ਪ੍ਰੈੱਸ ਕਾਨਫ਼ਰੰਸ ਦੌਰਾਨ ਕਿਹਾ, 'ਮੈਂ ਆਉਣ ਵਾਲੀਆਂ ਚੋਣਾਂ ਵਿਚ ਨਹੀਂ ਲੜਾਂਗਾ। ਇਹ ਮੇਰਾ ਅਪਣਾ ਫ਼ੈਸਲਾ ਹੈ।' ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਟਰੂਡੋ ਕੈਨੇਡੀਅਨ ਸੂਬਿਆਂ ਦੇ ਮੁਖੀਆਂ ਨਾਲ ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਸੁਲ੍ਹਾ ਕਰਨ ਦੀ ਰਣਨੀਤੀ 'ਤੇ ਚਰਚਾ ਕਰ ਰਹੇ ਹਨ। ਟਰੂਡੋ (53) ਨੇ ਅਪਣੇ ਸਿਆਸੀ ਭਵਿੱਖ ਬਾਰੇ ਅਨਿਸ਼ਚਿਤਤਾ ਜ਼ਾਹਰ ਕਰਦਿਆਂ ਕਿਹਾ, 'ਮੈਂ ਭਵਿੱਖ ਵਿਚ ਕੀ ਕਰਾਂਗਾ ਇਸ ਬਾਰੇ ਬਹੁਤਾ ਨਹੀਂ ਸੋਚਿਆ ਹੈ। ਫ਼ਿਲਹਾਲ, ਮੈਂ ਉਸ ਕੰਮ 'ਤੇ ਧਿਆਨ ਦੇ ਰਿਹਾ ਹਾਂ ਜੋ ਕੈਨੇਡੀਅਨਾਂ ਨੇ ਮੇਰੇ ਲਈ ਚੁਣਿਆ ਹੈ।'

ਜ਼ਿਕਰਯੋਗ ਹੈ ਕਿ ਜਸਟਿਨ ਟਰੂਡੋ ਪਹਿਲੀ ਵਾਰ 2008 ਵਿਚ ਕਿਊਬਿਕ ਦੇ ਪੈਪੀਨਿਊ ਹਲਕੇ ਤੋਂ ਚੁਣੇ ਗਏ ਸਨ। ਇਸ ਤੋਂ ਬਾਅਦ ਉਨ੍ਹਾਂ ਸ਼ਾਨਦਾਰ ਜਿੱਤ ਨਾਲ 2015 ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਸੰਭਾਲਿਆ, ਜਿਸ ਵਿਚ ਉਨ੍ਹਾਂ ਦੀ ਲਿਬਰਲ ਪਾਰਟੀ ਨੇ 338 ਵਿਚੋਂ 184 ਸੀਟਾਂ ਜਿੱਤੀਆਂ। ਹਾਲਾਂਕਿ 2019 ਅਤੇ 2021 ਦੀਆਂ ਚੋਣਾਂ 'ਚ ਉਹ ਬਹੁਮਤ ਹਾਸਲ ਨਹੀਂ ਕਰ ਸਕੇ।

# ਹਿਮਾਚਲ ਪ੍ਰਦੇਸ਼ ਵਿੱਚ ਬਰਫ਼ਬਾਰੀ ਕਾਰਨ ਕੜਾਕੇ ਦੀ ਠੰਢ



ਸ਼ਿਮਲਾ। ਹਿਮਾਚਲ ਪ੍ਰਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਸੀਤ ਲਹਿਰ ਜਾਰੀ ਹੈ ਅਤੇ ਸ਼ਿਮਲਾ ਸਣੇ ਉਚਾਈ ਵਾਲੇ ਇਲਾਕਿਆਂ ਤੇ ਕਬਾਇਲੀ ਇਲਾਕਿਆਂ ਵਿੱਚ ਹਲਕੀ ਤੋਂ ਦਰਮਿਆਨੀ ਬਰਫ਼ਬਾਰੀ ਹੋਣ ਨਾਲ ਹਾਲਾਤ ਹੋਰ ਖ਼ਰਾਬ ਹੋ ਗਏ ਹਨ। ਮੌਸਮ ਵਿਭਾਗ ਨੇ ਅੱਜ ਇਹ ਜਾਣਕਾਰੀ ਦਿੱਤੀ। ਮੌਸਮ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਬੁੱਧਵਾਰ ਰਾਤ ਤੋਂ ਸੂਬੇ ਦੀ ਰਾਜਧਾਨੀ ਸ਼ਿਮਲਾ ਵਿੱਚ 1.6 ਸੈਂਟੀਮੀਟਰ ਬਰਫ਼ਬਾਰੀ ਦਰਜ ਕੀਤੀ ਗਈ। ਡਲਹੌਜ਼ੀ, ਮਨਾਲੀ ਅਤੇ ਸੋਲੰਗ ਨਾਲਾ ਤੇ ਅਟਲ ਸੁਰੰਗ ਦੇ ਆਸਪਾਸ ਦੇ ਇਲਾਕਿਆਂ ਵਿੱਚ ਵੀ ਅੱਜ ਬਰਫ਼ਬਾਰੀ ਹੋਈ। ਅਧਿਕਾਰੀਆਂ ਨੇ ਦੱਸਿਆ ਕਿ ਨਾਰਕੰਡਾ ਤੇ ਕੁਫਰੀ ਵਿੱਚ ਬਰਫ਼ਬਾਰੀ ਜਾਰੀ ਹੈ, ਜਿਸ ਕਰ ਕੇ ਨਾਰਕੰਡਾ ਨੇੜੇ ਕੌਮੀ ਸ਼ਾਹਰਾਹ ਨੰਬਰ-5 (ਪੁਰਾਣਾ ਹਿੰਦੁਸਤਾਨ ਤਿੱਬਤ ਮਾਰਗ) ਵਾਹਨਾਂ ਦੀ ਆਵਾਜਾਈ ਲਈ ਬੰਦ ਕਰ ਦਿੱਤਾ ਗਿਆ ਹੈ। ਵਾਹਨਾਂ ਨੂੰ ਸ਼ਿਮਲਾ-ਸੁੰਨੀ-ਲੂਹਰੀ ਮਾਰਗ ਤੋਂ ਭੇਜਿਆ ਜਾ ਰਿਹਾ ਹੈ। ਬਰਫ਼ਬਾਰੀ ਤੋਂ ਬਾਅਦ ਲਾਹੌਲ ਤੇ ਸਪਿਤੀ ਪ੍ਰਸ਼ਾਸਨ ਨੇ ਇਕ ਐਡਵਾਈਜ਼ਰੀ ਜਾਰੀ ਕਰ ਕੇ ਯਾਤਰੀਆਂ ਨੂੰ ਬੇਲੋੜੀ ਯਾਤਰਾ ਤੋਂ ਬਚਣ ਲਈ ਕਿਹਾ ਹੈ।

# ਪੈਟਰੋਲ ਪੰਪ ਦੇ ਮੈਨੇਜਰ ਨੂੰ ਦਿਨ-ਦਿਹਾੜੇ ਗੋਲੀਆਂ ਮਾਰ ਕੇ ਨਗ਼ਦੀ ਖੋਹੀ



ਜਲੰਧਰ। ਇੱਕ ਮੋਟਰਸਾਈਕਲ ਗਰੋਹ ਨੇ ਦਿਨ-ਦਿਹਾੜੇ ਕਾਠਪਾਲ ਪੈਟਰੋਲ ਪੰਪ ਦੇ ਮੈਨੇਜਰ ਸਾਗਰ ਓਹਰੀ ਨੂੰ ਨਿਸ਼ਾਨਾ ਬਣਾਇਆ, ਜੋ ਕਿ ਪੈਟਰੋਲ ਪੰਪ ਤੋਂ ਸਿਰਫ 200 ਮੀਟਰ ਦੀ ਦੂਰੀ 'ਤੇ ਵਰਕਸ਼ਾਪ ਦੀ ਦੁਕਾਨ ਦੇ ਵਿਅਸਤ ਖੇਤਰ 'ਚ ਕਰੀਬ 4 ਲੱਖ ਰੁਪਏ ਦੀ ਨਕਦੀ ਲੈ ਕੇ ਫ਼ਰਾਰ ਹੋ ਗਏ। ਇਸ ਗਰੋਹ ਦੇ ਤਿੰਨ ਹਥਿਆਰਬੰਦਾਂ ਨੇ ਸਾਗਰ ਓਹਰੀ 'ਤੇ ਬੰਦੂਕ ਤਾਣ ਦਿੱਤੀ ਤੇ ਨਕਦੀ ਵਾਲਾ ਬੈਗ ਖੋਹ ਲਿਆ ਅਤੇ ਮੌਕੇ ਤੋਂ ਫਰਾਰ ਹੋ ਗਏ। ਹਾਲਾਂਕਿ ਓਹਰੀ ਨੇ ਹਿੰਮਤ ਦਿਖਾਉਂਦੇ ਹੋਏ ਪੈਟਰੋਲ ਪੰਪ ਤੱਕ ਆਪਣੇ ਸਕੂਟਰ 'ਤੇ ਸਵਾਰ ਲੁਟੇਰਿਆਂ ਦਾ ਪਿੱਛਾ ਕੀਤਾ। ਸਥਿਤੀ ਉਸ ਸਮੇਂ ਹਿੰਸਕ ਹੋ ਗਈ ਜਦੋਂ ਪੀੜਤ ਵਿਅਕਤੀ ਪੈਟਰੋਲ ਪੰਪ ਨੇੜੇ ਲੁਟੇਰਿਆਂ ਦੀ ਮੋਟਰਸਾਈਕਲ ਨਾਲ ਟਕਰਾ ਗਿਆ, ਜਿਸ ਨਾਲ ਹਿੰਸਕ ਟਕਰਾਅ ਹੋ ਗਿਆ। ਜਵਾਬ ਵਿੱਚ, ਇੱਕ ਲੁਟੇਰੇ ਨੇ ਤਿੰਨ ਗੋਲੀਆਂ ਚਲਾਈਆਂ ਜੋ ਕਿ ਇੱਕ ਜ਼ਮੀਨ ਵਿੱਚ ਅਤੇ ਦੋ ਓਹਰੀ ਦੇ ਪੱਟ ਅਤੇ ਕਮਰ ਵਿੱਚ ਵੱਜੀਆਂ। ਇਸ ਤੋਂ ਬਾਅਦ ਲੁਟੇਰੇ ਪੀੜਤ ਨੂੰ ਖੂਨ ਨਾਲ ਲਥਪਥ ਛੱਡ ਕੇ ਮੌਕੇ ਤੋਂ ਫਰਾਰ ਹੋ ਗਏ। ਓਹਰੀ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਉਸਦੀ ਹਾਲਤ ਗੰਭੀਰ ਬਣੀ ਹੋਈ ਹੈ। ਮੌਕੇ 'ਤੇ ਗੋਲੀਆਂ ਦੇ ਖਾਲੀ ਕਾਰਤੂਸ ਮਿਲੇ ਹਨ।

# ਛੱਤੀਗੜ੍ਹ ਵਿਚ ਸੁਰੱਖਿਆ ਬਲਾਂ ਨਾਲ ਮੁਕਾਬਲੇ 'ਚ 12 ਨਕਸਲੀ ਹਲਾਕ



ਬੀਜਾਪੁਰ। ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਵਿੱਚ ਵੀਰਵਾਰ ਨੂੰ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ 'ਚ 12 ਨਕਸਲੀ ਮਾਰੇ ਗਏ। ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਇਹ ਮੁਕਾਬਲਾ ਸਵੇਰੇ 9 ਵਜੇ ਦੇ ਕਰੀਬ ਦੱਖਣੀ ਬੀਜਾਪੁਰ ਦੇ ਜੰਗਲਾਂ ਵਿੱਚ ਉਸ ਵੇਲੇ ਸ਼ੁਰੂ ਹੋਇਆ ਜਦੋਂ ਸੁਰੱਖਿਆ ਬਲਾਂ ਦੀ ਸਾਂਝੀ ਟੀਮ ਨਕਸਲ ਵਿਰੋਧੀ ਕਾਰਵਾਈ 'ਤੇ ਸੀ। ਉਨ੍ਹਾਂ ਦੱਸਿਆ ਕਿ ਸ਼ਾਮ ਤੱਕ ਰੁਕ-ਰੁਕ ਕੇ ਗੋਲੀਬਾਰੀ ਹੁੰਦੀ ਰਹੀ। ਅਧਿਕਾਰੀ ਨੇ ਕਿਹਾ, "ਸ਼ੁਰੂਆਤੀ ਜਾਣਕਾਰੀ ਅਨੁਸਾਰ ਮੁਕਾਬਲੇ ਵਿੱਚ 12 ਨਕਸਲੀ ਮਾਰੇ ਗਏ। ਇਲਾਕੇ ਵਿੱਚ ਤਲਾਸ਼ੀ ਮੁਹਿੰਮ ਹਾਲੇ ਵੀ ਜਾਰੀ ਹੈ। ਉਨ੍ਹਾਂ ਕਿਹਾ ਕਿ ਸੁਰੱਖਿਆ ਬਲਾਂ ਦਾ ਕੋਈ ਨੁਕਸਾਨ ਨਹੀਂ ਹੋਇਆ।ਇਸ ਮਹੀਨੇ ਹੁਣ ਤੱਕ ਸੂਬੇ ਵਿੱਚ ਵੱਖ-ਵੱਖ ਮੁਕਾਬਲਿਆਂ 'ਚ 26 ਨਕਸਲੀ ਮਾਰੇ ਜਾ ਚੁੱਕੇ ਹਨ। ਬੀਜਾਪੁਰ ਜ਼ਿਲ੍ਹੇ ਦੇ ਮਦੀਦ ਥਾਣਾ ਖੇਤਰ ਵਿੱਚ 12 ਜਨਵਰੀ ਨੂੰ ਸੁਰੱਖਿਆ ਬਲਾਂ ਨਾਲ ਹੋਏ ਮੁਕਾਬਲੇ ਵਿੱਚ ਦੋ ਔਰਤਾਂ ਸਮੇਤ ਪੰਜ ਮਾਓਵਾਦੀ ਮਾਰੇ ਗਏ ਸਨ। ਪਿਛਲੇ ਸਾਲ ਸੁਰੱਖਿਆ ਬਲਾਂ ਨੇ ਸੂਬੇ ਵਿੱਚ ਵੱਖ-ਵੱਖ ਮੁਕਾਬਲਿਆਂ ਵਿੱਚ 219 ਨਕਸਲੀਆਂ ਨੂੰ ਮਾਰ ਮੁਕਾਇਆ ਸੀ।

# ਸਰਹੱਦੀ ਪਿੰਡ ਡੱਲ ਦੇ ਖੇਤਾਂ 'ਚੋਂ ਪਾਕਿਸਤਾਨੀ ਡਰੋਨ ਬਰਾਮਦ, ਮਾਮਲਾ ਦਰਜ



ਭਿੱਖੀਵਿੰਡ। ਪਾਕਿਸਤਾਨ ਆਪਣੀਆਂ ਨਾਪਾਕ ਗਤੀਵਿਧੀਆਂ ਨੂੰ ਰੋਕਣ ਦੇ ਕੋਈ ਸੰਕੇਤ ਨਹੀਂ ਦਿਖਾ ਰਿਹਾ ਹੈ। ਹਾਲਾਂਕਿ, ਭਾਰਤੀ ਸਰਹੱਦ 'ਤੇ ਕਈ ਵਾਰ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਨਾਲ ਭਰੇ ਪਾਕਿਸਤਾਨੀ ਡਰੋਨ ਬਰਾਮਦ ਕੀਤੇ ਗਏ ਹਨ। ਪਰ ਪਾਕਿਸਤਾਨ ਦੀ ਖੁਫੀਆ ਏਜੰਸੀ ਡਰੋਨ ਦੀ ਵਰਤੋਂ ਕਰਕੇ ਭਾਰਤ ਵਿੱਚ ਨਸ਼ੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਜਾਰੀ ਰੱਖਦੀ ਹੈ। ਜਿਸ ਕਾਰਨ, ਖਾਲਦਾ ਥਾਣੇ ਦੀ ਪੁਲਿਸ ਅਤੇ ਬੀ.ਐਸ.ਐਫ. ਨੇ ਇੱਕ ਸਰਚ ਆਪ੍ਰੇਸ਼ਨ ਦੌਰਾਨ ਸਰਹੱਦੀ ਪਿੰਡ ਡੱਲ ਦੇ ਖੇਤਾਂ ਤੋਂ ਚੀਨ ਵਿੱਚ ਬਣਿਆ ਇੱਕ ਡੀਜੀਆਈ ਏਅਰ 3ਐਸ ਪੀਏਕੇ ਡਰੋਨ ਬਰਾਮਦ ਕੀਤਾ। ਇਸ ਮਾਮਲੇ ਵਿੱਚ ਜਾਣਕਾਰੀ ਦਿੰਦੇ ਹੋਏ ਸਬ ਡਿਵੀਜ਼ਨ ਭਿੱਖੀਵਿੰਡ ਦੇ ਡੀ.ਐਸ.ਪੀ. ਪ੍ਰੀਤ ਇੰਦਰ ਸਿੰਘ ਨੇ ਦੱਸਿਆ ਕਿ ਕੱਲ੍ਹ ਗੁਪਤ ਸੂਚਨਾ ਦੇ ਆਧਾਰ 'ਤੇ ਖਾਲੜਾ ਪੁਲਿਸ ਅਤੇ ਬੀ.ਐਸ.ਐਫ. ਨੇ ਸਰਹੱਦੀ ਪਿੰਡ ਡੱਲ ਦੇ ਖੇਤਾਂ ਵਿੱਚ ਚਲਾਈ ਗਈ ਤਲਾਸ਼ੀ ਮੁਹਿੰਮ ਦੌਰਾਨ ਇੱਕ ਚੀਨੀ ਬਣਿਆ ਡਰੋਨ ਬਰਾਮਦ ਕੀਤਾ। ਡੀ.ਐਸ.ਪੀ. ਨੇ ਕਿਹਾ ਕਿ ਸੈਨਿਕ ਸਰਹੱਦ ਦੀ ਚੌਕਸੀ ਨਾਲ ਰਾਖੀ ਕਰ ਰਹੇ ਹਨ ਅਤੇ ਦੁਸ਼ਮਣ ਦੀ ਹਰ ਯੋਜਨਾ ਨੂੰ ਨਾਕਾਮ ਕਰ ਰਹੇ ਹਨ। ਉਨ੍ਹਾਂ ਕਿਹਾ ਖਾਲਦਾ ਪੁਲਿਸ ਨੇ ਡਰੋਨ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ ਅਤੇ ਏਅਰਕ੍ਰਾਫਟ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਹੈ। ਤਕਨੀਕੀ ਜਾਂਚ ਰਾਹੀਂ ਅੱਗੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

# ਪੰਜਾਬ 'ਚ 2 ਡਿਗਰੀ ਤਕ ਡਿੱਗਿਆ ਪਾਰਾ, ਮੌਸਮ ਵਿਭਾਗ ਵਲੋਂ ਮੀਂਹ ਦਾ ਅਲਰਟ ਜਾਰੀ

ਪੰਜਾਬ ਸਮੇਤ ਪੂਰੇ ਉੱਤਰੀ ਭਾਰਤ ਦਾ ਮੌਸਮ ਬਦਲ ਗਿਆ ਹੈ। ਵੀਰਵਾਰ ਸਵੇਰੇ ਦਿੱਲੀ-ਐਨ.ਸੀ.ਆਰ. ਤੋਂ ਲੈ ਕੇ ਪੰਜਾਬ ਤਕ ਮੀਂਹ ਪਿਆ। ਮੌਸਮ ਵਿਭਾਗ ਨੇ ਭਵਿੱਖਬਾਣੀ ਕੀਤੀ ਹੈ ਕਿ 24 ਘੰਟਿਆਂ ਬਾਅਦ ਫਿਰ ਤੋਂ ਮੀਂਹ ਜਾਰੀ ਰਹੇਗਾ। ਮੌਸਮ ਵਿਭਾਗ ਨੇ ਕਿਹਾ ਕਿ ਪਿਛਲੇ ਦਿਨੀਂ ਰਾਜਸਥਾਨ, ਹਰਿਆਣਾ ਤੋਂ ਬਿਹਾਰ ਤੱਕ ਸੰਘਣੀ ਧੁੰਦ ਸੀ, ਹੁਣ ਮੀਂਹ ਕਾਰਨ ਧੁੰਦ ਤੋਂ ਰਾਹਤ ਮਿਲੀ ਹੈ। ਹਾਲਾਂਕਿ, ਪਿਛਲੇ 24 ਘੰਟਿਆਂ ਵਿੱਚ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਕੁਝ ਹਿੱਸਿਆਂ ਵਿੱਚ ਮੀਂਹ ਦਰਜ ਕੀਤਾ ਗਿਆ। ਮੌਸਮ ਵਿਭਾਗ ਨੇ ਦੱਖਣੀ ਭਾਰਤ ਦੇ ਕੁਝ ਥਾਵਾਂ 'ਤੇ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਹੋਣ ਦੀ ਭਵਿੱਖਬਾਣੀ ਕੀਤੀ ਹੈ। ਜੇਕਰ ਅਸੀਂ 15 ਤੋਂ 17 ਜਨਵਰੀ ਲਈ ਮੌਸਮ ਵਿਭਾਗ ਦੀ ਭਵਿੱਖਬਾਣੀ 'ਤੇ ਨਜ਼ਰ ਮਾਰੀਏ ਤਾਂ ਪਹਾੜਾਂ 'ਤੇ ਭਾਰੀ ਬਰਫ਼ਬਾਰੀ ਦੇ ਨਾਲ-ਨਾਲ ਮੀਂਹ ਪੈਣ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਕਿਹਾ ਕਿ ਅਗਲੇ 24 ਘੰਟਿਆਂ ਤੱਕ ਪੰਜਾਬ, ਹਰਿਆਣਾ, ਚੰਡੀਗੜ੍ਹ, ਉੱਤਰ ਪ੍ਰਦੇਸ਼, ਪੂਰਬੀ ਅਤੇ ਉੱਤਰ-ਪੂਰਬੀ ਰਾਜਸਥਾਨ ਅਤੇ ਪੂਰਬੀ ਮੱਧ ਪ੍ਰਦੇਸ਼ ਵਿੱਚ ਮੀਂਹ ਜਾਰੀ ਰਹਿ ਸਕਦਾ ਹੈ।

ਮੌਸਮ ਵਿਭਾਗ ਨੇ ਕਿਹਾ ਕਿ ਪਿਛਲੇ 24 ਘੰਟਿਆਂ ਵਿੱਚ ਉੱਤਰ ਪ੍ਰਦੇਸ਼, ਦਿੱਲੀ-ਐਨਸੀਆਰ, ਹਰਿਆਣਾ ਅਤੇ ਪੰਜਾਬ ਦੇ ਕੁਝ ਹਿੱਸਿਆਂ ਵਿੱਚ ਹਲਕੀ ਬਾਰਿਸ਼ ਹੋਈ। ਰਾਜਸਥਾਨ ਵਿੱਚ ਵੀ ਗੜੇਮਾਰੀ ਦੀਆਂ ਰਿਪੋਰਟਾਂ ਹਨ। ਮੌਸਮ ਵਿਭਾਗ ਨੇ ਕਿਹਾ ਕਿ ਅਗਲੇ 24 ਘੰਟਿਆਂ ਲਈ ਹਰਿਆਣਾ ਅਤੇ ਉੱਤਰ ਪ੍ਰਦੇਸ਼ ਦੇ ਕੁਝ ਹਿੱਸਿਆਂ ਵਿੱਚ ਕਿਤੇ-ਕਿਤੇ ਮੀਂਹ ਪੈਣ ਦੀ ਸੰਭਾਵਨਾ ਹੈ।

# ਖਨੌਰੀ ਬਾਰਡਰ 'ਤੇ 111 ਕਿਸਾਨ ਮਰਨ ਵਰਤ 'ਤੇ ਬੈਠੇ ਡੱਲੇਵਾਲ ਦੀ ਸਿਹਤ ਦਿਨੋਂ-ਦਿਨ ਹੋ ਰਹੀ ਲਗਾਤਾਰ ਖ਼ਰਾਬ



ਖਨੌਰੀ: ਖਨੌਰੀ ਬਾਰਡਰ ਉੱਤੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਮਰਨ ਵਰਤ ਜਾਰੀ ਹੈ। ਡੱਲੇਵਾਲ ਦਾ ਮਰਨ 51ਵੇਂ ਦਿਨ ਵਿੱਚ ਦਾਖਲ ਹੋ ਗਿਆ ਹੈ। ਡੱਲੇਵਾਲ ਦੀ ਸਿਹਤ ਦਿਨੋਂ-ਦਿਨ ਵਿਗੜੀ ਜਾ ਰਹੀ ਹੈ। ਉਥੇ ਹੀ ਅੱਜ 111 ਕਿਸਾਨ ਮਰਨ ਵਰਤ ਉੱਤੇ ਬੈਠ ਗਏ ਹਨ। ਪੁਲਿਸ ਦੀ ਬੈਰੀਕੇਡਿੰਗ ਕੋਲ ਬੈਠੇ ਹਨ। ਇਸ ਮੌਕੇ ਪ੍ਰਸ਼ਾਸਨ ਵੱਲੋਂ ਭਾਰੀ ਪੁਲਿਸ ਬਲ ਤਾਇਨਾਤ ਕੀਤਾ ਗਿਆ ਹੈ। ਕਿਸਾਨਾਂ ਨੇ ਕਾਲੇ ਰੰਗ ਦੇ ਕੱਪੜੇ ਪਾ ਕੇ ਮਰਨ ਵਰਤ ਸ਼ੁਰੂ ਕੀਤਾ ਹੈ। ਮਿਲੀ ਜਾਣਕਾਰੀ ਅਨੁਸਾਰ ਧਰਨੇ ਵਾਲੀ ਥਾਂ ਤੋਂ ਹਰਿਆਣਾ ਬਾਰਡਰ ਤੱਕ ਕਿਸਾਨ ਜਾਣਗੇ।

ਸੁਪਰੀਮ ਕੋਰਟ 51 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਸਬੰਧੀ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਜ਼) ਤੋਂ ਰਾਏ ਮੰਗੇਗਾ। ਬੁੱਧਵਾਰ ਨੂੰ ਹੋਈ ਸੁਣਵਾਈ ਵਿੱਚ, ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੋਂ ਡੱਲੇਵਾਲ ਦੀ ਹੁਣ ਤੱਕ ਦੀ ਡਾਕਟਰੀ ਜਾਂਚ ਦੀਆਂ ਸਾਰੀਆਂ ਰਿਪੋਰਟਾਂ ਮੰਗੀਆਂ ਹਨ। ਇਸ ਤੋਂ ਪਹਿਲਾਂ ਸੁਣਵਾਈ ਦੌਰਾਨ ਪੰਜਾਬ ਸਰਕਾਰ ਨੇ ਕਿਹਾ ਸੀ ਕਿ ਜਗਜੀਤ ਸਿੰਘ ਡੱਲੇਵਾਲ ਦੀ ਹਾਲਤ ਵਿੱਚ ਸੁਧਾਰ ਹੋਇਆ ਹੈ ਪਰ ਜਦੋਂ ਸੁਪਰੀਮ ਕੋਰਟ ਨੇ ਇਸ ਬਾਰੇ ਪੁੱਛਿਆ ਤਾਂ ਕਿਹਾ ਕਿ ਉਸਦੀ ਹਾਲਤ ਸਥਿਰ ਹੈ।

ਜਸਟਿਸ ਸੂਰਿਆਕਾਂਤ ਅਤੇ ਜਸਟਿਸ ਐਨਕੇ ਸਿੰਘ ਦੇ ਬੈਂਚ ਸਾਹਮਣੇ ਪੰਜਾਬ ਸਰਕਾਰ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਬਾਰੇ ਪ੍ਰਗਤੀ ਹੋ ਰਹੀ ਹੈ। ਸਾਡੀ ਟੀਮ ਉਨ੍ਹਾਂ ਤੋਂ ਸਿਰਫ਼ 10 ਮੀਟਰ ਦੀ ਦੂਰੀ 'ਤੇ ਹੈ। ਇਸ 'ਤੇ ਜਸਟਿਸ ਸੂਰਿਆਕਾਂਤ ਨੇ ਪੁੱਛਿਆ ਕਿ ਤੁਸੀਂ ਕਹਿ ਰਹੇ ਹੋ ਕਿ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ। ਡਾਕਟਰ ਉੱਥੇ ਹੈ। ਇਸ 'ਤੇ ਕਪਿਲ ਸਿੱਬਲ ਨੇ ਜਵਾਬ ਦਿੱਤਾ ਕਿ ਜਗਜੀਤ ਸਿੰਘ ਡੱਲੇਵਾਲ ਨੇ ਸਾਨੂੰ ਖ਼ੂਨ ਦੀ ਜਾਂਚ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ।

ਇਸ 'ਤੇ ਜਸਟਿਸ ਸੂਰਿਆਕਾਂਤ ਨੇ ਕਿਹਾ ਕਿ ਕੁਝ ਲੋਕ ਉਨ੍ਹਾਂ (ਡਲੇਵਾਲ) 'ਤੇ ਦਬਾਅ ਪਾ ਰਹੇ ਹਨ ਕਿ ਉਹ ਇਸ ਗੱਲ ਦਾ ਵਿਰੋਧ ਨਾ ਕਰਨ ਕਿ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਹੋ ਰਿਹਾ ਹੈ। ਸਿੱਬਲ ਨੇ ਫਿਰ ਸਪੱਸ਼ਟ ਕੀਤਾ ਕਿ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਨਹੀਂ ਹੋ ਰਿਹਾ ਸੀ ਪਰ ਪੰਜਾਬ ਦੇ ਮੁੱਖ ਸਕੱਤਰ ਦੇ ਹਲਫ਼ਨਾਮੇ ਅਨੁਸਾਰ ਉਨ੍ਹਾਂ ਦੀ ਹਾਲਤ ਸਥਿਰ ਹੈ।

ਇਸ 'ਤੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੋਂ ਡੱਲੇਵਾਲ ਦੀ ਸਿਹਤ ਤੋਂ ਪਹਿਲਾਂ ਅਤੇ ਬਾਅਦ ਦੀ ਤੁਲਨਾਤਮਕ ਰਿਪੋਰਟ ਮੰਗੀ ਹੈ। ਮਾਮਲੇ ਦੀ ਅਗਲੀ ਸੁਣਵਾਈ 22 ਜਨਵਰੀ ਨੂੰ ਹੋਵੇਗੀ। ਜਦੋਂ ਕਿ ਡੱਲੇਵਾਲ ਨੂੰ ਪੀਣ ਵਾਲੇ ਪਾਣੀ ਦੀ ਮੁਸ਼ਕਲ ਆ ਰਹੀ ਹੈ। ਉਹ ਜੋ ਵੀ ਪਾਣੀ ਪੀਂਦਾ ਹੈ, ਉਹ ਤੁਰੰਤ ਉਲਟੀਆਂ ਰਾਹੀਂ ਬਾਹਰ ਆ ਜਾਂਦਾ ਹੈ। ਮੰਗਲਵਾਰ ਨੂੰ ਪਟਿਆਲਾ ਤੋਂ ਸਰਕਾਰੀ ਡਾਕਟਰਾਂ ਦੀ ਇੱਕ ਟੀਮ ਨੇ ਜਗਜੀਤ ਸਿੰਘ ਡੱਲੇਵਾਲ ਦੀ ਜਾਂਚ ਕੀਤੀ।

# ਚੀਨ ਕਦੇ ਵੀ ਅਮਰੀਕਾ ਨੂੰ ਪਛਾੜ ਨਹੀਂ ਸਕੇਗਾ : ਬਾਇਡਨ

ਵਾਸ਼ਿੰਗਟਨ: ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਨੇ ਸੋਮਵਾਰ ਨੂੰ ਵਾਸ਼ਿੰਗਟਨ ਵਿੱਚ ਵਿਦੇਸ਼ ਨੀਤੀ 'ਤੇ ਆਪਣਾ ਆਖਰੀ ਭਾਸ਼ਣ ਦਿੱਤਾ। ਐੱਨਵਾਈਟੀ ਅਨੁਸਾਰ, ਬਾਇਡਨ ਨੇ ਇਸ ਦੌਰਾਨ ਦਾਅਵਾ ਕੀਤਾ ਕਿ ਚੀਨ ਕਦੇ ਵੀ ਅਮਰੀਕਾ ਨੂੰ ਪਛਾੜ ਨਹੀਂ ਸਕੇਗਾ। ਇਸ ਨਾਲ ਉਨ੍ਹਾਂ ਨੇ ਅਫਗਾਨਿਸਤਾਨ ਵਿੱਚ ਜੰਗ ਖਤਮ ਕਰਨ ਦੇ ਫੈਸਲੇ ਨੂੰ ਜਾਇਜ਼ ਠਹਿਰਾਇਆ। ਜੋਅ ਬਾਇਡਨ ਨੇ ਕਿਹਾ ਕਿ ਇੱਕ ਸਮੇਂ ਮਾਹਰ ਭਵਿੱਖਬਾਣੀ ਕਰ ਰਹੇ ਸਨ ਕਿ ਚੀਨ ਦੀ ਆਰਥਿਕਤਾ ਅਮਰੀਕਾ ਨੂੰ ਪਛਾੜ ਦੇਵੇਗੀ। ਹੁਣ ਇਹ ਮੰਨਿਆ ਜਾ ਰਿਹਾ ਹੈ ਕਿ ਚੀਨ ਜਿਸ ਰਾਹ 'ਤੇ ਚੱਲ ਰਿਹਾ ਹੈ, ਉਹ ਕਦੇ ਵੀ ਅਮਰੀਕਾ ਨੂੰ ਪਛਾੜ ਨਹੀਂ ਸਕੇਗਾ। ਨਵੀਂ ਸਰਕਾਰ ਨੂੰ ਇਕੱਲੇ ਚੀਨ ਨਾਲ ਲੜਨ ਦੀ ਬਜਾਏ ਆਪਣੇ ਸਹਿਯੋਗੀਆਂ ਨਾਲ ਅੱਗੇ ਵਧਣਾ ਚਾਹੀਦਾ ਹੈ। ਬਾਈਡਨ ਨੇ ਕਿਹਾ ਕਿ ਅਸੀਂ ਚੀਨ ਨਾਲ ਸਬੰਧਾਂ ਨੂੰ ਬਿਹਤਰ ਢੰਗ ਨਾਲ ਸੰਭਾਲਿਆ। ਰਾਸ਼ਟਰਪਤੀ ਵਜੋਂ ਮੇਰੇ ਕਾਰਜਕਾਲ ਦੌਰਾਨ, ਆਪਸੀ ਸਬੰਧ ਕਦੇ ਵੀ ਟਕਰਾਅ ਵਿੱਚ ਨਹੀਂ ਬਦਲੇ। ਚੀਨ ਕਦੇ ਵੀ ਸਾਡੇ ਤੋਂ ਅੱਗੇ ਨਹੀਂ ਵਧ ਸਕੇਗਾ। ਅਮਰੀਕਾ ਦੁਨੀਆਂ ਵਿੱਚ ਇੱਕ ਸੁਪਰ ਪਾਵਰ ਬਣਿਆ ਰਹੇਗਾ। ਆਪਣੇ ਭਾਸ਼ਣ ਵਿੱਚ, ਬਾਇਡਨ ਨੇ ਰੂਸ-ਯੂਕਰੇਨ ਯੁੱਧ, ਗਾਜ਼ਾ ਯੁੱਧ, ਚੀਨ ਅਤੇ ਈਰਾਨ ਸਮੇਤ ਕਈ ਮੁੱਦਿਆਂ ਬਾਰੇ ਗੱਲ ਕੀਤੀ। ਹਾਲਾਂਕਿ, ਆਪਣੇ ਪੂਰੇ ਭਾਸ਼ਣ ਵਿੱਚ ਉਨ੍ਹਾਂ ਨੇ ਇੱਕ ਵਾਰ ਵੀ ਡੋਨਾਲਡ ਟਰੰਪ ਦਾ ਨਾਮ ਨਹੀਂ ਲਿਆ। ਬਾਇਡਨ ਨੇ ਦਾਅਵਾ ਕੀਤਾ ਕਿ ਗਾਜ਼ਾ ਵਿੱਚ ਜੰਗਬੰਦੀ ਅਤੇ ਬੰਧਕਾਂ ਦੀ ਰਿਹਾਈ ਲਈ ਸਮਝੌਤਾ ਜਲਦੀ ਹੀ ਸਫਲ ਹੋਵੇਗਾ। ਜੋਅ ਬਾਇਡਨ ਬੁੱਧਵਾਰ ਨੂੰ ਓਵਲ ਆਫਿਸ ਤੋਂ ਰਾਸ਼ਟਰ ਨੂੰ ਆਪਣਾ ਵਿਦਾਇਗੀ ਭਾਸ਼ਣ ਦੇਣਗੇ। ਡੋਨਾਲਡ ਟਰੰਪ 20 ਜਨਵਰੀ ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ।




# ਰਿਸ਼ਵਤ ਲੈਂਦਾ ਮਾਲ ਪਟਵਾਰੀ ਵਿਜੀਲੈਂਸ ਬਿਊਰੋ ਵੱਲੋਂ ਰੰਗੇ ਹੱਥੀਂ ਕਾਬੂ

ਚੰਡੀਗੜ੍ਹ: ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਦੌਰਾਨ ਅੱਜ ਅੰਮ੍ਰਿਤਸਰ ਜ਼ਿਲ੍ਹੇ ਦੇ ਮਾਲ ਹਲਕਾ ਚੋਗਾਵਾਂ ਵਿਖੇ ਪਟਵਾਰੀ ਵਜੋਂ ਤਾਇਨਾਤ ਹਰਸਿਮਰਤਜੀਤ ਸਿੰਘ ਨੂੰ 20000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਅੱਜ ਇੱਥੇ ਇਹ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਅੰਮ੍ਰਿਤਸਰ ਦੀ ਤਹਿਸੀਲ ਲੋਪੋਕੇ ਦੇ ਪਿੰਡ ਕੋਹਾਲਾ ਦੇ ਵਸਨੀਕ ਸਰਮੇਲ ਸਿੰਘ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਮੁਲਜ਼ਮ ਨੇ ਰਿਸ਼ਵਤ ਮੰਗਣ ਦੇ ਇਰਾਦੇ ਨਾਲ 2019-2020 ਦੀ ਜਮਹਾਂਬੰਦੀ ਵਿੱਚ ਜਾਣਬੁੱਝ ਕੇ ਕੀਤੀ ਗਈ ਗੜਬੜੀ ਨੂੰ ਠੀਕ ਕਰਨ ਲਈ ਉਸ ਤੋਂ 20,000 ਰੁਪਏ ਰਿਸ਼ਵਤ ਮੰਗੀ ਹੈ। ਬੁਲਾਰੇ ਨੇ ਅੱਗੇ ਕਿਹਾ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਉਕਤ ਮੁਲਜ਼ਮ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 20,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਉਨ੍ਹਾਂ ਅੱਗੇ ਕਿਹਾ ਕਿ ਇਸ ਸਬੰਧੀ ਵਿਜੀਲੈਂਸ ਬਿਊਰੋ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਮੁਲਜ਼ਮ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਸਬੰਧੀ ਅਗਲੇਰੀ ਜਾਂਚ ਜਾਰੀ ਹੈ।



# ਮੁੱਖ ਮੰਤਰੀ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦਾ ਪਹਿਲਾ ਬੁਟੀਕ ਅਤੇ ਵਿਰਾਸਤੀ ਹੋਟਲ ਲੋਕਾਂ ਨੂੰ ਸਮਰਪਿਤ

ਪਟਿਆਲਾ: ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸਾਹੀ ਸਹਿਰ ਦੇ ਕਿਲ੍ਹਾ ਮੁਬਾਰਕ ਵਿਖੇ ਬਣਾਇਆ ਗਿਆ ਆਪਣੀ ਕਿਸਮ ਦਾ ਪਹਿਲਾ ਬੁਟੀਕ ਅਤੇ ਵਿਰਾਸਤੀ ਹੋਟਲ ਰਨ ਬਾਸ- ਪੈਲੇਸ ਲੋਕਾਂ ਨੂੰ ਸਮਰਪਿਤ ਕੀਤਾ।

ਮੁੱਖ ਮੰਤਰੀ ਨੇ ਕਿਹਾ ਕਿ ਬਾਖੂਬੀ ਢੰਗ ਨਾਲ ਡਿਜਾਈਨ ਕੀਤਾ ਗਿਆ ਅਤੇ ਜਨਤਕ ਨਿੱਜੀ ਭਾਈਵਾਲੀ ਤਹਿਤ ਉਸਾਰਿਆ ਗਿਆ ਇਹ ਹੋਟਲ ਐਸ਼ੋ-ਆਰਾਮ, ਮਹਿਮਾਨ ਨਿਵਾਜੀ ਅਤੇ ਸ਼ਾਨੋ-ਸ਼ੌਕਤ ਦੇ ਮਾਪਦੰਡਾਂ ਨੂੰ ਧਿਆਨ ਵਿੱਚ ਰੱਖ ਕੇ ਬਣਾਇਆ ਗਿਆ ਹੈ, ਜੋ ਨਵਾਂ ਮੀਲ ਪੱਥਰ ਸਾਬਤ ਹੋਵੇਗਾ। ਉਨ੍ਹਾਂ ਉਮੀਦ ਜਾਹਰ ਕੀਤੀ ਕਿ ਇਹ ਸਾਨਦਾਰ ਹੋਟਲ ਡੈਸਟੀਨੇਸਨ ਵੈਡਿੰਗ ਅਤੇ ਹੋਰ ਪੱਖੋਂ ਤੋਂ ਲੋਕਾਂ ਲਈ ਪਸੰਦੀਦਾ ਸਥਾਨ ਵਜੋਂ ਉੱਭਰ ਕੇ ਸਾਹਮਣੇ ਆਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਹੋਟਲ ਸੂਬੇ ਵਿੱਚ ਸੈਰ-ਸਪਾਟਾ ਖੇਤਰ ਵਿਸ਼ੇਸ਼ ਕਰ ਕੇ ਸਾਹੀ ਸਹਿਰ ਪਟਿਆਲਾ ਨੂੰ ਵੱਡਾ ਹੁਲਾਰਾ ਦੇਵੇਗਾ।ਮੁੱਖ ਮੰਤਰੀ ਨੇ ਉਮੀਦ ਜਤਾਈ ਕਿ ਸੈਲਾਨੀ ਇਸ ਹੋਟਲ ਵਿੱਚ ਆਰਾਮਦਾਇਕ ਠਹਿਰ ਅਤੇ ਸੂਬੇ ਦੀ ਨਿੱਘੀ ਮਹਿਮਾਨ ਨਿਵਾਜੀ ਦਾ ਆਨੰਦ ਮਾਣਨਗੇ। ਉਨ੍ਹਾਂ ਕਿਹਾ ਕਿ ਇਹ ਹੋਟਲ ਧਾਰਮਿਕ ਸੈਰ-ਸਪਾਟੇ ਦੇ ਕੇਂਦਰ ਵਜੋਂ ਆਪਣੀ ਮੌਜੂਦਾ ਸਥਿਤੀ ਦੇ ਨਾਲ-ਨਾਲ ਡੈਸਟੀਨੇਸ਼ਨ ਵੈਡਿੰਗ ਲਈ ਤਰਜੀਹੀ ਸਥਾਨ ਵਜੋਂ ਸ਼ਾਹੀ ਸ਼ਹਿਰ ਪਟਿਆਲਾ ਵਿਖੇ ਸੈਰ-ਸਪਾਟੇ ਨੂੰ ਵੱਡਾ ਹੁਲਾਰਾ ਦੇਵੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਪਣੀ ਵਿਲੱਖਣ ਸਾਨ ਤੋਂ ਇਲਾਵਾ ਇਹ ਹੋਟਲ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ।ਮੁੱਖ ਮੰਤਰੀ ਨੇ ਅਜਿਹੇ ਪ੍ਰਾਜੈਕਟਾਂ ਰਾਹੀਂ ਪੰਜਾਬ ਨੂੰ ਦੇਸ ਦਾ ਮੋਹਰੀ ਸੈਰ-ਸਪਾਟਾ ਸਥਾਨ ਬਣਾਉਣ ਲਈ ਸੂਬਾ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਪ੍ਰਗਟ ਕੀਤੀ। ਉਨ੍ਹਾਂ ਕਿਹਾ ਕਿ ਅਹੁਦਾ ਸੰਭਾਲਣ ਦੇ ਪਹਿਲੇ ਦਿਨ ਤੋਂ ਲੈ ਕੇ ਹੀ ਇਹ ਉਨ੍ਹਾਂ ਦਾ ਸੁਪਨਾ ਰਿਹਾ ਹੈ ਕਿ ਪੰਜਾਬ ਦੀ ਵੰਨ-ਸੁਵੰਨਤਾ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਵਰਗੇ ਪਹਿਲੂਆਂ ਨੂੰ ਦੁਨੀਆ ਭਰ ਦੇ ਲੋਕਾਂ ਦੇ ਸਾਹਮਣੇ ਲੈ ਕੇ ਆਉਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਹਿਲੇ ਦਿਨ ਤੋਂ ਹੀ ਉਨ੍ਹਾਂ ਦੀ ਸਰਕਾਰ ਸਰਕਾਰੀ ਖਜਾਨੇ ਦੀ ਆਮਦਨ ਵਧਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ ਅਤੇ ਇਸ ਹੋਟਲ ਦੀ ਉਸਾਰੀ ਇਸ ਦਿਸਾ ਵਿੱਚ ਇੱਕ ਸਾਰਥਕ ਕਦਮ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਭੂਗੋਲਿਕ ਤੌਰ 'ਤੇ ਪੰਜਾਬ ਨੂੰ ਕੁਦਰਤ ਨੇ ਬਹੁਤ ਸੁੰਦਰ ਦ੍ਰਿਸ਼ਾਂ ਅਤੇ ਅਨਮੋਲ ਸਰੋਤਾਂ ਦਾ ਖਜ਼ਾਨਾ ਦਿੱਤਾ ਹੈ ਅਤੇ ਸੂਬਾ ਸਰਕਾਰ ਸੈਰ-ਸਪਾਟੇ ਨੂੰ ਨਵੀਂ ਸਿਖਰ 'ਤੇ ਲੈ ਜਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਦੁਨੀਆ ਭਰ ਦੇ ਸੈਲਾਨੀਆਂ ਨੂੰ ਆਕਰਸ਼ਿਤ ਕਰਨ ਲਈ ਸੂਬੇ ਦੇ ਚੋਹਾਲ ਡੈਮ, ਰਣਜੀਤ ਸਾਗਰ ਡੈਮ, ਸਾਹਪੁਰ ਕੰਢੀ ਡੈਮ ਅਤੇ ਕੰਢੀ ਖੇਤਰਾਂ ਨੂੰ ਵਿਲੱਖਣ ਸੈਰ-ਸਪਾਟਾ ਸਥਾਨਾਂ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਨ੍ਹਾਂ ਖੇਤਰਾਂ ਨੂੰ ਸੈਰ-ਸਪਾਟਾ ਸਥਾਨ ਵਜੋਂ ਵਿਕਸਤ ਕਰਨ ਦੀ ਵੱਡੀ ਸੰਭਾਵਨਾ ਹੈ, ਜਿਸ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਕੋਲ ਗੋਆ, ਜੈਪੁਰ , ਮੈਕਲੌਡਗੰਜ ਅਤੇ ਹੋਰ ਰਾਜਾਂ ਵਿੱਚ ਵੀ ਜਮੀਨ ਹੈ, ਜਿਸ ਨੂੰ ਆਗਾਮੀ ਦਿਨਾਂ ਵਿੱਚ ਸੈਰ-ਸਪਾਟੇ ਦੇ ਸਥਾਨਾਂ ਵਜੋਂ ਵਿਕਸਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੀਆਂ ਅਨਮੋਲ ਸੰਪਤੀਆਂ ਆਪਣੇ ਨਜਦੀਕੀ ਦੋਸਤਾਂ ਨੂੰ ਵੇਚੀਆਂ ਪਰ ਇਸ ਦੇ ਉਲਟ ਉਨ੍ਹਾਂ ਦੀ ਸਰਕਾਰ ਇਨ੍ਹਾਂ ਸਥਾਨਾਂ ਨੂੰ ਵੱਖ-ਵੱਖ ਨਜ਼ਰੀਏ ਤੋਂ ਵਿਕਸਤ ਕਰ ਰਹੀ ਹੈ। ਇੱਕ ਉਦਾਹਰਣ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬੇ ਨੇ ਨਿੱਜੀ ਕੰਪਨੀ ਜੀ.ਵੀ.ਕੇ. ਪਾਵਰ ਤੋਂ ਗੋਇੰਦਵਾਲ ਪਾਵਰ ਪਲਾਂਟ ਨੂੰ ਖਰੀਦ ਕੇ ਇਤਿਹਾਸ ਰਚਿਆ ਹੈ। ਉਨ੍ਹਾਂ ਕਿਹਾ ਕਿ ਪਹਿਲੀ ਵਾਰ ਇਹ ਦੇਖਣ ਨੂੰ ਮਿਲਿਆ ਹੈ ਕਿ ਸਰਕਾਰ ਨੇ ਕੋਈ ਨਿੱਜੀ ਪਾਵਰ ਪਲਾਂਟ ਖਰੀਦਿਆ ਹੈ, ਜਦੋਂ ਕਿ ਪਿਛਲੀਆਂ ਸਰਕਾਰਾਂ ਨੇ ਸੂਬੇ ਦੀਆਂ ਸੰਪਤੀਆਂ ਆਪਣੇ ਨੇੜਲੇ ਸਾਥੀਆਂ ਨੂੰ 'ਕੌਡੀਆਂ ਦੇ ਭਾਅ' ਵੇਚ ਦਿੱਤਾ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬੇ ਦਾ ਪਹਿਲਾ ਵਿਰਾਸਤੀ ਹੋਟਲ ਹੈ ਅਤੇ ਸੂਬੇ ਦੀਆਂ ਇਤਿਹਾਸਕ ਇਮਾਰਤਾਂ ਦੀ ਸਰਬੋਤਮ ਵਰਤੋਂ ਕਰਕੇ ਅਜਿਹੇ ਹੋਰ ਪ੍ਰਾਜੈਕਟ ਵਿਕਸਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਧਰਤੀ ਕੁਦਰਤੀ ਤੌਰ 'ਤੇ ਸੁੰਦਰ ਦ੍ਰਿਸ਼ਾਂ ਨਾਲ ਭਰਪੂਰ ਹੈ, ਜਿਸ ਦੀ ਵਰਤੋਂ ਫਿਲਮ ਇੰਡਸਟਰੀ ਅਤੇ ਹੋਰ ਉਦਯੋਗ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮਿਸਨ ਲਈ ਅਣਥੱਕ ਮਿਹਨਤ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਸੂਬੇ ਵਿੱਚ ਸੈਰ-ਸਪਾਟਾ ਖੇਤਰ ਨੂੰ ਵੱਡਾ ਹੁਲਾਰਾ ਦੇਣ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਸਹੀਦ-ਏ-ਆਜਮ ਭਗਤ ਸਿੰਘ ਦੇ ਜੱਦੀ ਪਿੰਡ ਵਿਖੇ ਇੱਕ ਵਿਰਾਸਤੀ ਗਲੀ ਦਾ ਨਿਰਮਾਣ ਕਰੇਗੀ, ਜੋ ਕੌਮੀ ਆਜਾਦੀ ਸੰਗਰਾਮ ਵਿੱਚ ਪੰਜਾਬ ਅਤੇ ਪੰਜਾਬੀਆਂ ਦੇ ਸਾਨਦਾਰ ਯੋਗਦਾਨ ਨੂੰ ਦਰਸਾਏਗੀ। ਉਨ੍ਹਾਂ ਕਿਹਾ ਕਿ ਇਹ 850 ਮੀਟਰ ਲੰਬੀ ਵਿਰਾਸਤੀ ਗਲੀ ਮੌਜੂਦਾ ਅਜਾਇਬ ਘਰ ਤੋਂ ਖਟਕੜ ਕਲਾਂ ਵਿਖੇ ਸਹੀਦ ਭਗਤ ਸਿੰਘ ਦੇ ਜੱਦੀ ਘਰ ਤੱਕ ਬਣਾਈ ਜਾਵੇਗੀ।



ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਗਲੀ ਕੌਮੀ ਆਜਾਦੀ ਸੰਗਰਾਮ ਵਿੱਚ ਸੂਬੇ ਦੇ ਸਾਨਦਾਰ ਯੋਗਦਾਨ ਨੂੰ ਦਰਸਾਉਂਦੀ ਹੈ, ਜੋ ਨੌਜਵਾਨਾਂ ਨੂੰ ਦੇਸ ਲਈ ਪੂਰੇ ਜੋਸ ਨਾਲ ਕੰਮ ਕਰਨ ਲਈ ਪ੍ਰੇਰਿਤ ਕਰਦੀ ਰਹੇਗੀ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਅਤੇ ਦੇਸ ਵਿੱਚ ਕਿਸੇ ਨੂੰ ਵੀ ਸਿਆਸੀ ਪਾਰਟੀਆਂ ਬਣਾਉਣ ਦਾ ਅਧਿਕਾਰ ਹੈ ਪਰ ਇਸ ਦੀ ਕਿਸਮਤ ਦਾ ਫੈਸਲਾ ਕਰਨਾ ਲੋਕਾਂ ਦੇ ਹੱਥ ਵਿੱਚ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਆਪਸੀ ਸਾਂਝ ਇੰਨੀ ਮਜਬੂਤ ਹੈ ਕਿ ਪੰਜਾਬ ਦੀ ਉਪਜਾਊ ਧਰਤੀ 'ਤੇ ਇੱਥੇ ਕੁਝ ਵੀ ਉੱਗ ਸਕਦਾ ਹੈ ਪਰ ਨਫਰਤ ਦਾ ਬੀਜ ਨਹੀਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ ਅਤੇ ਪੀਰ-ਪੈਗੰਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਾਨੂੰ ਆਪਸੀ ਪਿਆਰ ਅਤੇ ਸਹਿਣਸੀਲਤਾ ਦਾ ਰਸਤਾ ਦਿਖਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪਟਿਆਲਾ ਦੇ 18ਵੀਂ ਸਦੀ ਦੇ ਕਿਲ੍ਹਾ ਮੁਬਾਰਕ ਕੰਪਲੈਕਸ ਦੇ ਅੰਦਰ ਸਥਿਤ, ਰਨ ਬਾਸ ਪੈਲੇਸ ਸੂਬੇ ਦੀ ਅਮੀਰ, ਸਾਹੀ ਅਤੇ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਰਣ ਬਾਸ ਵਿਲੱਖਣ 35 ਸੂਟਜ਼, ਲਜ਼ੀਜ਼ ਖਾਣ-ਪਾਣ ਤੋਂ ਇਲਾਵਾ ਸਿਹਤ ਤੇ ਤੰਦਰੁਸਤੀ ਲਈ ਵੱਖ-ਵੱਖ ਸਹੂਲਤਾਂ ਨਾਲ ਇਹ ਪੈਲੇਸ ਸੈਲਾਨੀਆਂ ਨੂੰ ਅਦਭੁੱਤ ਅਨੁਭਵ ਪ੍ਰਦਾਨ ਕਰੇਗਾ। ਉਨ੍ਹਾਂ ਕਿਹਾ ਕਿ ਇਹ ਪੈਲੇਸ ਅਤੇ ਵਿਸ਼ਾਲ ਕਿਲ੍ਹਾ, ਸ਼ਾਹੀ ਸ਼ਹਿਰ ਪਟਿਆਲਾ ਦੀਆਂ ਰਿਵਾਇਤੀ ਪਰੰਪਰਾਵਾਂ ਤੋਂ ਲੈ ਕੇ ਮਹਿਲ ਦੀ ਵਾਸਤੂ ਕਲਾ ਤੱਕ ਇਸ ਦੀ ਅਮੀਰ ਵਿਰਾਸਤ ਨੂੰ ਦਰਸਾਉਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਪਣੀ ਕਿਸਮ ਦੇ ਪਹਿਲੇ ਹੋਟਲ ਵਿੱਚ ਸੂਬੇ ਦੀ ਅਮੀਰ ਵਿਰਾਸਤ ਅਤੇ ਸੱਭਿਆਚਾਰ ਨੂੰ ਆਧੁਨਿਕ ਅਤੇ ਬਾਖੂਬੀ ਢੰਗ ਨਾਲ ਦਰਸਾਇਆ ਗਿਆ ਹੈ ਅਤੇ ਸੈਲਾਨੀਆਂ ਨੂੰ ਵਿਲੱਖਣ ਅਨੁਭਵ ਅਤੇ ਉੱਚ-ਪੱਧਰੀ ਸੇਵਾਵਾਂ ਪ੍ਰਦਾਨ ਕਰੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਾਨਦਾਰ ਕਿਲ੍ਹਾ ਭਾਰਤ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ ਅਤੇ ਇਹ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦਾ ਹੈ, ਜੋ ਮੁਗਲ ਅਤੇ ਰਾਜਸਥਾਨੀ ਵਾਸਤੂ ਕਲਾ ਸੈਲੀਆਂ ਦੇ ਆਪਸੀ ਮਿਸ਼ਰਣ ਦੀ ਇੱਕ ਸਾਨਦਾਰ ਉਦਾਹਰਣ ਹੈ। ਉਨ੍ਹਾਂ ਨੇ ਪਟਿਆਲਾ ਨੂੰ ਇੱਕ ਸੈਰ-ਸਪਾਟਾ ਸਥਾਨ ਵਜੋਂ ਸਥਾਪਤ ਕਰਨ ਲਈ ਪੰਜਾਬ ਦੀ ਅਥਾਹ ਸੰਭਾਵਨਾ ਨੂੰ ਮਾਨਤਾ ਦਿੰਦਿਆਂ ਕਿਹਾ ਕਿ ਇਹ ਹੋਟਲ ਪੰਜਾਬ ਦੀ ਮਹਿਮਾਨ ਨਿਵਾਜੀ ਵਿੱਚ ਨਵੀਂ ਪੁਲਾਂਘ ਹੈ । ਮੁੱਖ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਕਿ ਇਹ ਵੱਕਾਰੀ ਪ੍ਰਾਜੈਕਟ ਸੈਰ-ਸਪਾਟੇ ਨੂੰ ਨਵੀਆਂ ਸਿਖਰਾਂ 'ਤੇ ਲੈ ਜਾਣ ਦੇ ਨਾਲ-ਨਾਲ ਸਥਾਨਕ ਕਾਰੋਬਾਰਾਂ ਲਈ ਮੌਕੇ ਪੈਦਾ ਕਰੇਗਾ ਅਤੇ ਪਟਿਆਲਾ ਦੀ ਅਮੀਰ ਸੱਭਿਆਚਾਰਕ ਪਛਾਣ ਅਤੇ ਵਿਰਾਸਤ ਨੂੰ ਪ੍ਰਦਰਸ਼ਿਤ ਕਰਦਿਆਂ ਵਿਸਵ ਭਰ ਤੋਂ ਸੈਲਾਨੀਆਂ ਨੂੰ ਆਕਰਸ਼ਿਤ ਕਰੇਗਾ, ਜਿਸ ਨਾਲ ਖੇਤਰ ਦੇ ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਹੋਟਲ ਨੂੰ ਪੰਜਾਬ ਦੇ ਪਹਿਲੇ ਲਗਜਰੀ ਪੈਲੇਸ ਹੋਟਲ ਵਜੋਂ ਬਹਾਲ ਕੀਤਾ ਗਿਆ ਹੈ, ਜੋ ਆਧੁਨਿਕ ਸਹੂਲਤਾਂ ਅਤੇ ਸੂਬੇ ਦੀ ਅਮੀਰ ਵਿਰਾਸਤ ਦਾ ਵਿਲੱਖਣ ਸੁਮੇਲ ਹੈ। ਉਨ੍ਹਾਂ ਕਿਹਾ ਕਿ ਇਹ ਮਹਿਲ ਮੁਗਲ, ਰਾਜਪੂਤ, ਸਿੱਖ ਅਤੇ ਬਸਤੀਵਾਦੀ ਵਾਸਤੂ ਕਲਾ ਅਤੇ ਸ਼ੈਲੀਆਂ ਦਾ ਅਦਭੁੱਤ ਸੁਮੇਲ ਹੈ, ਜੋ ਪੰਜਾਬ ਦੀ ਅਮੀਰ ਵਿਰਾਸਤ ਨੂੰ ਬਣਾਈ ਰੱਖਣ ਵਿੱਚ ਅਹਿਮ ਸਿੱਧ ਹੋਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਤਿੰਨ ਮੰਜ਼ਿਲਾਂ ਵਿੱਚ ਫੈਲਿਆ ਇਹ ਹੋਟਲ ਆਧੁਨਿਕ ਸਹੂਲਤਾਂ ਨਾਲ ਲੈਸ ਹੈ, ਜਿਸ ਵਿੱਚ ਦਿਨ ਭਰ ਖਾਣ-ਪੀਣ ਦੀ ਸਹੂਲਤ ਵਾਲੇ ਰੇਸਤਰਾਂ ਨਾਲ ਹੋਰ ਬਹੁਤ ਕੁਝ ਸਾਮਲ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਨਦਾਰ ਰਿਹਾਇਸ ਦੀ ਪੇਸਕਸ ਦੇ ਨਾਲ-ਨਾਲ, ਰਨ ਬਾਸ-ਦ ਪੈਲੇਸ ਪ੍ਰਦਰਸਨੀ ਅਤੇ ਬੈਠਕ ਸਥਾਨਾਂ ਦੀ ਸਹੂਲਤ ਪ੍ਰਦਾਨ ਕਰਦਾ ਹੈ, ਜੋ ਨਿੱਜੀ ਸਮਾਗਮਾਂ ਅਤੇ ਜਸਨਾਂ ਵਿੱਚ ਸਾਹੀ ਅਹਿਸਾਸ ਭਰਨ ਲਈ ਪੂਰੀ ਤਰ੍ਹਾਂ ਸੰਪੂਰਨ ਹੈ। ਉਨ੍ਹਾਂ ਕਿਹਾ ਕਿ ਸੈਲਾਨੀਆਂ ਲਈ ਆਕਰਸ਼ਿਤ ਥਾਵਾਂ ਤੇ ਧਾਰਮਿਕ ਅਤੇ ਘੁੰਮਣ ਫਿਰਨ ਲਈ ਹੋਰ ਸਥਾਨਾਂ ਦੇ ਨੇੜੇ ਸਥਿਤ ਹੋਣ ਕਰ ਕੇ ਇਹ ਹੋਟਲ ਸ਼ਾਹੀ ਸ਼ਹਿਰ ਨੂੰ ਚੰਗੀ ਤਰ੍ਹਾਂ ਦੇਖਣ ਦਾ ਵਿਸ਼ਾਲ ਤਜਰਬਾ ਪ੍ਰਦਾਨ ਕਰਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਹੋਟਲ ਪੰਜਾਬ ਸਰਕਾਰ ਦੀ ਸੂਬੇ ਦੀ ਸਾਨਦਾਰ ਸੱਭਿਆਚਾਰਕ ਵਿਰਾਸਤ ਨੂੰ ਸੁਰੱਖਿਅਤ ਰੱਖਣ ਦੀ ਵਚਨਬੱਧਤਾ ਪ੍ਰਤੀ ਮਹੱਤਵਪੂਰਨ ਮੀਲ ਪੱਥਰ ਹੈ। ਉਨ੍ਹਾਂ ਕਿਹਾ ਕਿ ਆਪਣੀ ਸਾਨਦਾਰ ਸਥਿਤੀ ਅਤੇ ਢੁਕਵੀਂ ਰੇਲ, ਹਵਾਈ ਤੇ ਸੜਕੀ ਸੰਪਰਕ ਕਾਰਨ ਇਹ ਹੋਟਲ ਸੈਲਾਨੀਆਂ ਲਈ ਸੈਰ-ਸਪਾਟੇ ਦਾ ਪਸੰਦੀਦਾ ਸਥਾਨ ਬਣ ਜਾਵੇਗਾ।

## ਗਲਵਾਨ 'ਚ ਜੋ ਹੋਇਆ, ਮੁੜ ਨਹੀਂ ਹੋਣਾ ਚਾਹੀਦਾ: ਜਨਰਲ ਦਿਵੇਦੀ



ਪੁਣੇ: ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਅੱਜ ਕਿਹਾ ਕਿ ਉੱਤਰੀ ਸਰਹੱਦ 'ਤੇ ਸਥਿਤੀ ਸਥਿਰ ਪਰ ਸੰਵੇਦਨਸ਼ੀਲ ਬਣੀ ਹੋਈ ਹੈ। ਉਨ੍ਹਾਂ ਕਿਹਾ, "ਗਲਵਾਨ ਵਿੱਚ ਜੋ ਕੁਝ ਵੀ ਹੋਇਆ, ਉਹ ਦੁਬਾਰਾ ਨਾ ਹੋਵੇ।" ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਫੌਜ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਅਤੇ ਸਮਰੱਥ ਹੈ। ਇੱਥੇ 77ਵੇਂ ਫ਼ੌਜ ਦਿਵਸ ਸਮਾਗਮ ਵਿੱਚ ਆਪਣੇ ਸੰਬੋਧਨ ਦੌਰਾਨ ਫ਼ੌਜ ਮੁਖੀ ਨੇ ਜ਼ੋਰ ਦੇ ਕੇ ਕਿਹਾ ਕਿ ਉੱਤਰੀ ਸਰਹੱਦ 'ਤੇ ਆਧੁਨਿਕ ਉਪਕਰਨਾਂ ਅਤੇ ਅਹਿਮ ਬੁਨਿਆਦੀ ਢਾਂਚੇ ਦੇ ਵਿਕਾਸ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਉਨ੍ਹਾਂ ਇੱਥੇ 77ਵੇਂ ਫ਼ੌਜ ਦਿਵਸ ਸਮਾਗਮ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਸਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਗਲਵਾਨ ਵਿੱਚ ਜੋ ਵੀ ਹੋਇਆ, ਉਹ ਦੁਬਾਰਾ ਨਾ ਹੋਵੇ।" ਮਈ 2020 ਵਿੱਚ ਪੂਰਬੀ ਲੱਦਾਖ 'ਚ ਭਾਰਤ ਤੇ ਚੀਨ ਵਿਚਾਲੇ ਫੌਜੀ ਟਕਰਾਅ ਸ਼ੁਰੂ ਹੋਇਆ ਸੀ ਅਤੇ ਉਸੇ ਸਾਲ ਜੂਨ ਵਿੱਚ ਗਲਵਾਨ ਘਾਟੀ 'ਚ ਹੋਈ ਹਿੰਸਕ ਝੜਪ ਕਾਰਨ ਦੋਵਾਂ ਗੁਆਂਢੀ ਦੇਸ਼ਾਂ ਵਿਚਾਲੇ ਸਬੰਧ ਤਣਾਅਪੂਰਨ ਹੋ ਗਏ ਸਨ। ਉੱਤਰੀ ਸਰਹੱਦ 'ਤੇ ਸਥਿਤੀ ਬਾਰੇ ਇੱਕ ਸਵਾਲ ਦੇ ਜਵਾਬ ਵਿੱਚ ਫ਼ੌਜ ਮੁਖੀ ਨੇ ਕਿਹਾ, "ਉੱਤਰੀ ਸਰਹੱਦਾਂ ਸੁਰੱਖਿਅਤ ਹਨ। ਉਥੇ ਲੋੜੀਂਦੀ ਗਿਣਤੀ ਵਿੱਚ ਫ਼ੌਜ ਦੇ ਜਵਾਨ ਤਾਇਨਾਤ ਹਨ।" ਇੱਥੇ ਫ਼ੌਜ ਦਿਵਸ ਸਮਾਗਮ ਵਿੱਚ ਆਪਣੇ ਸੰਬੋਧਨ ਦੌਰਾਨ ਫੌਜ ਮੁਖੀ ਨੇ ਕਿਹਾ ਕਿ ਕੰਟਰੋਲ ਰੇਖਾ 'ਤੇ ਜੰਗਬੰਦੀ ਜਾਰੀ ਹੈ ਪਰ ਘੁਸਪੈਠ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ। ਸਮਾਗਮ ਦੌਰਾਨ ਪਰੇਡ ਵਿੱਚ ਫੌਜ ਦੇ ਅਤਿ-ਆਧੁਨਿਕ ਐਕਰੋਬੈਟਿਕਸ ਕਰਤਬਾਂ ਦਾ ਪ੍ਰਦਰਸ਼ਨ, ਤਿੰਨ ਸੂ-30 ਜਹਾਜ਼ਾਂ ਵੱਲੋਂ 'ਫਲਾਈ-ਪਾਸਟ' ਅਤੇ ਕਈ ਪੈਦਲ ਟੁਕੜੀਆਂ ਸ਼ਾਮਲ ਸਨ।

## ਜਲ ਸੈਨਾ ਦੇ ਪ੍ਰੀਖਣ ਦੌਰਾਨ ਅਡਾਨੀ ਡਿਫੈਂਸ ਐਂਡ ਏਰੋਸਪੇਸ ਦੁਆਰਾ ਡਿਜ਼ਾਈਨ ਕੀਤਾ ਡਰੋਨ ਦ੍ਰਿਸ਼ਟੀ-10 ਪੋਰਬੰਦਰ ਤੱਟ 'ਤੇ ਹਾਦਸਾਗ੍ਰਸਤ



ਗੁਜਰਾਤ। ਅਡਾਨੀ ਡਿਫੈਂਸ ਐਂਡ ਏਰੋਸਪੇਸ ਦੁਆਰਾ ਇਜ਼ਰਾਈਲੀ ਹਵਾਬਾਜ਼ੀ ਫਰਮ ਐਲਬਿਟ ਦੇ ਸਹਿਯੋਗ ਨਾਲ ਵਿਕਸਤ ਕੀਤਾ ਗਿਆ ਇੱਕ ਦ੍ਰਿਸ਼ਟੀ-10 ਮਾਨਵ ਰਹਿਤ ਹਵਾਈ ਵਾਹਨ ਪੋਰਬੰਦਰ ਤੱਟ ਤੋਂ ਪਹਿਲਾਂ ਸਵੀਕ੍ਰਿਤੀ ਪ੍ਰੀਖਣਾਂ ਦੌਰਾਨ ਸਮੁੰਦਰ ਵਿੱਚ ਹਾਦਸਾਗ੍ਰਸਤ ਹੋ ਗਿਆ। ਇਹ ਪ੍ਰੀਖਣ ਡਰੋਨ ਨੂੰ ਭਾਰਤੀ ਜਲ ਸੈਨਾ ਵਿੱਚ ਸ਼ਾਮਲ ਕਰਨ ਤੋਂ ਪਹਿਲਾਂ ਵਿਕਰੇਤਾ ਦੁਆਰਾ ਕੀਤੇ ਗਏ ਸਨ। ਰਿਪੋਰਟਾਂ ਦੇ ਅਨੁਸਾਰ, ੂਅੜ ਨੇ ਉਡਾਣ ਦੇ ਵਿਚਕਾਰ ਆਪਣੀ ਕਮਾਂਡ ਗੁਆ ਦਿੱਤੀ, ਜਿਸ ਕਾਰਨ ਇਹ ਪਾਣੀ ਵਿੱਚ ਹਾਦਸਾਗ੍ਰਸਤ ਹੋ ਗਿਆ। ਵਿਕਰੇਤਾ ਨੇ ਡਰੋਨ ਨੂੰ ਬਰਾਮਦ ਕਰ ਲਿਆ ਹੈ ਅਤੇ ਖਰਾਬੀ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕੋਈ ਸੱਟਾਂ ਜਾਂ ਜਮਾਂਦਰੂ ਨੁਕਸਾਨ ਦੀ ਰਿਪੋਰਟ ਨਹੀਂ ਕੀਤੀ ਗਈ। ਭਾਰਤੀ ਜਲ ਸੈਨਾ ਨੇ ਸਪੱਸ਼ਟ ਕੀਤਾ ਕਿ ਇਸ ਹਾਦਸੇ ਦੇ ਨਤੀਜੇ ਵਜੋਂ ਵਿੱਤੀ ਨੁਕਸਾਨ ਨਹੀਂ ਹੋਵੇਗਾ ਕਿਉਂਕਿ ੂਅੜ ਨੂੰ ਅਜੇ ਰਸਮੀ ਤੌਰ 'ਤੇ ਸੇਵਾ ਵਿੱਚ ਸ਼ਾਮਲ ਨਹੀਂ ਕੀਤਾ ਗਿਆ ਸੀ। ਦ੍ਰਿਸ਼ਟੀ-10, ਜਿਸਨੂੰ ਇਜ਼ਰਾਈਲੀ ਭਾਈਵਾਲ ਐਲਬਿਟ ਦੁਆਰਾ ਹਰਮੇਸ 900 ਵਜੋਂ ਵੀ ਮਾਰਕੀਟ ਕੀਤਾ ਗਿਆ ਹੈ, ਇੱਕ ਉੱਨਤ ਖੁਫੀਆ, ਨਿਗਰਾਨੀ ਅਤੇ ਖੋਜ ਪਲੇਟਫਾਰਮ ਹੈ। ਭਾਰਤੀ ਜਲ ਸੈਨਾ ਨੇ ਐਮਰਜੈਂਸੀ ਪ੍ਰਾਪਤੀ ਵਿਧੀ ਦੇ ਤਹਿਤ ਦ੍ਰਿਸ਼ਟੀ-10 ਦੀਆਂ ਦੋ ਇਕਾਈਆਂ ਦਾ ਆਰਡਰ ਦਿੱਤਾ, ਜੋ ਕਿ ਮਹੱਤਵਪੂਰਨ ਸੰਪਤੀਆਂ ਨੂੰ ਤੇਜ਼ੀ ਨਾਲ ਪ੍ਰਾਪਤ ਕਰਨ ਲਈ ਇੱਕ ਸੁਚਾਰੂ ਪ੍ਰਕਿਰਿਆ ਹੈ। ਭਾਰਤੀ ਫੌਜ ਨੇ ਦੋ ਇਕਾਈਆਂ ਲਈ ਵੀ ਆਰਡਰ ਦਿੱਤਾ ਹੈ। ਇਸ ਹਾਦਸੇ ਨੇ ੂਅੜ ਦੀ ਸੰਚਾਲਨ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕੀਤੇ ਹਨ। ਸ਼ੁਰੂਆਤੀ ਰਿਪੋਰਟਾਂ ਸੰਭਾਵਿਤ ਤਕਨੀਕੀ ਮੁੱਦਿਆਂ ਵੱਲ ਇਸ਼ਾਰਾ ਕਰਦੀਆਂ ਹਨ, ਜਿਸ ਵਿੱਚ ਕਾਰਨ ਦੀ ਪਛਾਣ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ।

## ਕੰਪਿਊਟਰ ਅਧਿਆਪਕਾਂ ਨੇ ਖੂਨ ਨਾਲ ਲਿਖੀ ਚਿੱਠੀ ਮੁੱਖ ਮੰਤਰੀ ਨੂੰ ਭੇਜੀ



ਸੰਗਰੂਰ: ਕੰਪਿਊਟਰ ਅਧਿਆਪਕਾਂ ਵੱਲੋਂ ਆਪਣੇ ਖੂਨ ਨਾਲ ਪੱਤਰ ਲਿਖ ਕੇ ਮੁੱਖ ਮੰਤਰੀ ਭਗਵੰਤ ਨੂੰ ਭੇਜਿਆ ਹੈ। ਖੂਨ ਨਾਲ ਲਿਖੇ ਪੱਤਰ ਵਿੱਚ ਕੰਪਿਊਟਰ ਅਧਿਆਪਕਾਂ ਵੱਲੋਂ ਜਿੱਥੇ ਕੀਤੇ ਸਰਕਾਰ ਵੱਲੋਂ ਕੀਤੇ ਗਏ ਵਾਅਦੇ ਯਾਦ ਕਰਵਾਏ ਗਏ ਹਨ, ਉਥੇ ਪੱਤਰ ਵਿੱਚ ਆਪਣੀਆਂ ਮੰਗਾਂ ਵੀ ਲਿਖੀਆਂ ਹਨ। ਖੂਨ ਨਾਲ ਲਿਖਿਆ ਪੱਤਰ ਕੰਪਿਊਟਰ ਅਧਿਆਪਕਾਂ ਵੱਲੋਂ ਮੁੱਖ ਮੰਤਰੀ ਦੇ ਨਾਂ ਵਧੀਕ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਗਿਆ। ਖੂਨ ਨਾਲ ਕਰੀਬ ਤਿੰਨ ਦਰਜਨ ਦੇ ਕਰੀਬ ਲਿਖੇ ਗਏ ਇਹ ਪੱਤਰ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਵੀ ਸਰਕਾਰ ਤੱਕ ਭੇਜੇ ਜਾਣਗੇ। ਇਸੇ ਦੌਰਾਨ ਕੰਪਿਊਟਰ ਅਧਿਆਪਕਾਂ ਵੱਲੋਂ ਪੰਜਾਬ ਸਰਕਾਰ ਅਤੇ ਅਰਵਿੰਦ ਕੇਜਰੀਵਾਲ ਦੀ ਵਾਅਦਾਖ਼ਿਲਾਫ਼ੀ ਵਿਰੁੱਧ 22 ਜਨਵਰੀ ਨੂੰ ਜੰਤਰ ਮੰਤਰ ਦਿੱਲੀ ਵਿੱਚ ਵੀ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਸਥਾਨਕ ਡੀਸੀ ਦਫ਼ਤਰ ਅੱਗੇ ਕੰਪਿਊਟਰ ਅਧਿਆਪਕਾਂ ਦੇ ਸੰਘਰਸ਼ ਨੂੰ ਲਗਪਗ ਸਾਢੇ ਚਾਰ ਮਹੀਨੇ ਪੂਰੇ ਹੋ ਚੁੱਕੇ ਹਨ। ਕੰਪਿਊਟਰ ਅਧਿਆਪਕ ਰਣਜੀਤ ਸਿੰਘ ਦਾ ਮਰਨ ਵਰਤ 13ਵੇਂ ਅਤੇ ਲੜੀਵਾਰ ਭੁੱਖ ਹੜਤਾਲ 137ਵੇਂ ਦਿਨ ਜਾਰੀ ਰਹੀ। ਅੱਜ ਸੰਘਰਸ਼ ਨੂੰ ਹੋਰ ਤਿੱਖਾ ਰੂਪ ਦੇਣ ਲਈ ਵੱਡੀ ਗਿਣਤੀ ਕੰਪਿਊਟਰ ਅਧਿਆਪਕ ਮਰਨ ਵਰਤ ਮੋਰਚੇ ਵਿੱਚ ਪੁੱਜੇ ਅਤੇ ਕਰੀਬ 50 ਕੰਪਿਊਟਰ ਅਧਿਆਪਕਾਂ ਵੱਲੋਂ ਆਪਣਾ ਖੂਨ ਕਢਵਾਇਆ ਗਿਆ ਅਤੇ ਇਸ ਖੂਨ ਨਾਲ ਪੱਤਰ ਲਿਖ ਕੇ ਮੁੱਖ ਮੰਤਰੀ ਨੂੰ ਭੇਜਿਆ ਗਿਆ। ਇਸ ਮੌਕੇ ਸੰਘਰਸ਼ ਕਮੇਟੀ ਦੇ ਆਗੂਆਂ ਨੇ ਦੱਸਿਆ ਕਿ 6640 ਕੰਪਿਊਟਰ ਅਧਿਆਪਕ ਪਿਛਲੇ 20 ਸਾਲਾਂ ਤੋਂ ਸਰਕਾਰੀ ਸਕੂਲਾਂ ਵਿੱਚ ਸੇਵਾਵਾਂ ਨਿਭਾ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਅਤੇ 15 ਸਤੰਬਰ 2022 ਨੂੰ ਕੀਤੇ ਐਲਾਨ ਵਿੱਚ ਮੰਗਾਂ ਮੰਨਣ ਦਾ ਵਾਅਦਾ ਕੀਤਾ ਗਿਆ ਸੀ ਪਰ ਹਾਲੇ ਤੱਕ ਇਕ ਵੀ ਵਾਅਦਾ ਵਫ਼ਾ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਹਾਲੇ ਤੱਕ ਕੰਪਿਊਟਰ ਅਧਿਆਪਕਾਂ ਨਾਲ ਮੀਟਿੰਗ ਕਰਨ ਦੀ ਵੀ ਖੇਚਲ ਨਹੀਂ ਕੀਤੀ ਗਈ। ਉਨ੍ਹਾਂ ਐਲਾਨ ਕੀਤਾ ਕਿ 22 ਜਨਵਰੀ ਨੂੰ ਪੰਜਾਬ ਦੇ ਕੰਪਿਊਟਰ ਅਧਿਆਪਕ ਦਿੱਲੀ ਪੁੱਜ ਕੇ ਜੰਤਰ ਮੰਤਰ 'ਤੇ ਵਿਸ਼ਾਲ ਪ੍ਰਦਰਸ਼ਨ ਕਰਨਗੇ ਅਤੇ ਦਿੱਲੀ ਦੇ ਲੋਕਾਂ ਨੂੰ ਦੱਸਣਗੇ ਕਿ ਕਿਵੇਂ ਪੰਜਾਬ ਵਿੱਚ 'ਆਪ' ਸਰਕਾਰ ਨੇ ਉਨ੍ਹਾਂ ਨਾਲ ਵਾਅਦਾਖ਼ਿਲਾਫ਼ੀ ਕੀਤੀ ਹੈ। ਆਉਣ ਵਾਲੇ ਦਿਨਾਂ ਵਿੱਚ ਪੰਜਾਬ ਵਿਚ ਸੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ।

## ਦਿੱਲੀ ਵਿਧਾਨ ਸਭਾ ਚੋਣਾਂ: ਅਰਵਿੰਦ ਕੇਜਰੀਵਾਲ ਨੇ ਦਾਖਲ ਕੀਤਾ ਨਾਮਜ਼ਦਗੀ ਪੱਤਰ, 1.73 ਕਰੋੜ ਰੁਪਏ ਦੀ ਜਾਇਦਾਦ ਦਾ ਐਲਾਨ



ਨਵੀਂ ਦਿੱਲੀ: ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਬੁਧਵਾਰ ਨੂੰ ਨਵੀਂ ਦਿੱਲੀ ਸੀਟ ਤੋਂ ਅਪਣਾ ਨਾਮਜ਼ਦਗੀ ਚਿੱਠੀ ਦਾਖ਼ਲ ਕੀਤਾ ਅਤੇ ਕੁਲ 1.73 ਕਰੋੜ ਰੁਪਏ ਦੀ ਜਾਇਦਾਦ ਦਾ ਐਲਾਨ ਕੀਤਾ। ਚੋਣ ਕਮਿਸ਼ਨ ਨੂੰ ਸੌਂਪੇ ਗਏ ਕੇਜਰੀਵਾਲ ਦੇ ਹਲਫ਼ਨਾਮੇ ਮੁਤਾਬਕ ਉਨ੍ਹਾਂ ਦੀ ਜਾਇਦਾਦ 'ਚ 2.96 ਲੱਖ ਰੁਪਏ ਦੀ ਬੈਂਕ ਬੱਚਤ ਅਤੇ 50,000 ਰੁਪਏ ਦੀ ਨਕਦੀ ਸ਼ਾਮਲ ਹੈ। ਉਨ੍ਹਾਂ ਦੀ ਅਚੱਲ ਜਾਇਦਾਦ 1.7 ਕਰੋੜ ਰੁਪਏ ਹੈ। ਹਲਫਨਾਮੇ 'ਚ ਇਹ ਵੀ ਪ੍ਰਗਟਾਵਾ ਹੋਇਆ ਹੈ ਕਿ ਕੇਜਰੀਵਾਲ ਕੋਲ ਕੋਈ ਮਕਾਨ ਜਾਂ ਕਾਰ ਨਹੀਂ ਹੈ। ਇਸ ਦੇ ਮੁਤਾਬਕ ਵਿੱਤੀ ਸਾਲ 2023-24 'ਚ ਕੇਜਰੀਵਾਲ ਦੀ ਆਮਦਨ 7.21 ਲੱਖ ਰੁਪਏ ਸੀ। ਹਲਫਨਾਮੇ 'ਚ ਕਿਹਾ ਗਿਆ ਹੈ ਕਿ ਕੇਜਰੀਵਾਲ ਦੀ ਪਤਨੀ ਸੁਨੀਤਾ ਕੋਲ ਕੁਲ 2.5 ਕਰੋੜ ਰੁਪਏ ਦੀ ਜਾਇਦਾਦ ਹੈ, ਜਿਸ 'ਚ ਇਕ ਕਰੋੜ ਰੁਪਏ ਤੋਂ ਵੱਧ ਦੀ ਚੱਲ ਜਾਇਦਾਦ ਅਤੇ 1.5 ਕਰੋੜ ਰੁਪਏ ਦੀ ਅਚੱਲ ਜਾਇਦਾਦ ਸ਼ਾਮਲ ਹੈ। ਉਨ੍ਹਾਂ ਕੋਲ 25 ਲੱਖ ਰੁਪਏ ਦੀ ਕੀਮਤ ਦਾ 320 ਗ੍ਰਾਮ ਸੋਨਾ, 92,000 ਰੁਪਏ ਦੀ ਇਕ ਕਿਲੋ ਚਾਂਦੀ, ਗੁਰੂਗ੍ਰਾਮ ਵਿਚ ਇਕ ਘਰ ਅਤੇ ਪੰਜ ਸੀਟਾਂ ਵਾਲੀ ਇਕ ਕਾਰ ਹੈ। ਹਲਫਨਾਮੇ ਮੁਤਾਬਕ ਕੇਜਰੀਵਾਲ ਜੋੜੇ ਕੋਲ ਕੁਲ 4.23 ਕਰੋੜ ਰੁਪਏ ਦੀ ਜਾਇਦਾਦ ਹੈ। ਕੇਜਰੀਵਾਲ ਨੇ 2020 'ਚ ਦਾਇਰ ਅਪਣੇ ਚੋਣ ਹਲਫਨਾਮੇ 'ਚ ਕੁਲ 3.4 ਕਰੋੜ ਰੁਪਏ ਦੀ ਜਾਇਦਾਦ ਦਾ ਐਲਾਨ ਕੀਤਾ ਸੀ। ਸਾਲ 2015 ਦੇ ਚੋਣ ਹਲਫਨਾਮੇ 'ਚ ਉਨ੍ਹਾਂ ਨੇ 2.1 ਕਰੋੜ ਰੁਪਏ ਦੀ ਜਾਇਦਾਦ ਦਾ ਐਲਾਨ ਕੀਤਾ ਸੀ। 'ਆਪ' ਦੇ ਸੀਨੀਅਰ ਨੇਤਾ ਅਤੇ ਦਿੱਲੀ ਦੇ ਸਾਬਕਾ ਮੰਤਰੀ ਸਤੇਂਦਰ ਜੈਨ ਨੇ ਵੀ ਸ਼ਕੂਰ ਬਸਤੀ ਵਿਧਾਨ ਸਭਾ ਹਲਕੇ ਤੋਂ ਅਪਣਾ ਨਾਮਜ਼ਦਗੀ ਪੱਤਰ ਦਾਖ਼ਲ ਕੀਤਾ। ਜੈਨ ਦੇ ਹਲਫਨਾਮੇ ਮੁਤਾਬਕ ਉਨ੍ਹਾਂ ਦੀ ਕੁਲ ਜਾਇਦਾਦ 4.4 ਕਰੋੜ ਰੁਪਏ ਹੈ, ਜਿਸ 'ਚ 30.67 ਲੱਖ ਰੁਪਏ ਦੀ ਚੱਲ ਜਾਇਦਾਦ ਅਤੇ 4.12 ਕਰੋੜ ਰੁਪਏ ਦੀ ਅਚੱਲ ਜਾਇਦਾਦ ਸ਼ਾਮਲ ਹੈ। ਦਿੱਲੀ 'ਚ 5 ਫ਼ਰਵਰੀ ਨੂੰ ਇਕ ਪੜਾਅ 'ਚ ਵੋਟਿੰਗ ਹੋਵੇਗੀ। ਵੋਟਾਂ ਦੀ ਗਿਣਤੀ 8 ਫ਼ਰਵਰੀ ਨੂੰ ਹੋਵੇਗੀ।

## ਪੰਜਾਬ ਪੁਲਿਸ ਨੇ ਨਸ਼ਿਆਂ ਦੀ ਤਸਕਰੀ ਦੇ ਨੈੱਟਵਰਕ ਦਾ ਕੀਤਾ ਪਰਦਾਫ਼ਾਸ਼



ਚੰਡੀਗੜ੍ਹ/ਤਰਨਤਾਰਨ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਸ਼ਿਆਂ ਵਿਰੁੱਧ ਜਾਰੀ ਜੰਗ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਤਰਨਤਾਰਨ ਪੁਲਿਸ ਨੇ ਪਾਕਿਸਤਾਨ ਤੋਂ ਹਮਾਇਤ ਪ੍ਰਾਪਤ ਨਸ਼ਾ ਤਸਕਰੀ ਕਾਰਟਲ ਦਾ ਪਰਦਾਫਾਸ਼ ਕਰਦਿਆਂ 5 ਕਿਲੋ ਹੈਰੋਇਨ ਸਮੇਤ ਗਿਰੋਹ ਦੇ ਮੁੱਖ ਸਰਗਨੇ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀ.ਜੀ.ਪੀ.) ਪੰਜਾਬ ਗੌਰਵ ਯਾਦਵ ਨੇ ਦਿੱਤੀ। ਉਹਨਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਦੀ ਪਛਾਣ ਰਸ਼ਪਾਲ ਸਿੰਘ ਵਜੋਂ ਹੋਈ ਹੈ, ਜੋ ਕਿ ਤਰਨਤਾਰਨ ਦੇ ਪਿੰਡ ਭਾਈ ਲੱਧੂ ਦਾ ਰਹਿਣ ਵਾਲਾ ਹੈ। ਹੈਰੋਇਨ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਸਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ।

ਡੀ.ਜੀ.ਪੀ. ਗੌਰਵ ਯਾਦਵ ਨੇ ਕਿਹਾ ਕਿ ਉਕਤ ਮੁਲਜ਼ਮ ਪਾਕਿਸਤਾਨ-ਅਧਾਰਤ ਤਸਕਰਾਂ ਦੇ ਸਿੱਧੇ ਸੰਪਰਕ ਵਿੱਚ ਸੀ ਅਤੇ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਖੇਪ ਪ੍ਰਾਪਤ ਕਰ ਰਿਹਾ ਸੀ। ਉਨ੍ਹਾਂ ਅੱਗੇ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਪਾਕਿਸਤਾਨ-ਅਧਾਰਤ ਤਸਕਰ ਸਰਹੱਦ ਪਾਰੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਡਰੋਨ ਦੀ ਵਰਤੋਂ ਕਰ ਰਹੇ ਸਨ। ਡੀਜੀਪੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਅੱਗੇ ਕਿਹਾ ਕਿ ਆਗਾਮੀ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ। ਆਪਰੇਸ਼ਨ ਦੇ ਵੇਰਵੇ ਸਾਂਝੇ ਕਰਦੇ ਹੋਏ, ਸੀਨੀਅਰ ਸੁਪਰਡੈਂਟ ਆਫ਼ ਪੁਲਿਸ (ਐਸ.ਐਸ.ਪੀ.) ਤਰਨਤਾਰਨ ਅਭਿਮਨਿਊ ਰਾਣਾ ਨੇ ਕਿਹਾ ਕਿ ਭਰੋਸੇਯੋਗ ਜਾਣਕਾਰੀ 'ਤੇ ਕਾਰਵਾਈ ਕਰਦਿਆਂ ਐਸ.ਪੀ. (ਡੀ) ਅਜੈਰਾਜ ਸਿੰਘ, ਡੀ.ਐਸ.ਪੀ. (ਡੀ) ਰਾਜਿੰਦਰ ਮਿਨਹਾਸ ਅਤੇ ਡੀ.ਐਸ.ਪੀ. ਸਰਬਜੀਤ ਸਿੰਘ ਬਾਜਵਾ ਦੀ ਨਿਗਰਾਨੀ ਹੇਠ ਸੀ.ਆਈ.ਏ. ਸਟਾਫ ਦੇ ਇੰਚਾਰਜ ਇੰਸਪੈਕਟਰ ਅਮਨਦੀਪ ਸਿੰਘ ਦੀ ਅਗਵਾਈ ਵਿੱਚ ਪੁਲਿਸ ਟੀਮ ਨੇ ਆਪ੍ਰੇਸ਼ਨ ਚਲਾਇਆ ਅਤੇ ਪਿੰਡ ਭਾਈ ਲੱਧੂ ਦੇ ਖੇਤਰ ਵਿੱਚੋਂ 5 ਕਿਲੋ ਹੈਰੋਇਨ ਸਮੇਤ ਰਸ਼ਪਾਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਐਸ.ਐਸ.ਪੀ. ਨੇ ਕਿਹਾ ਕਿ ਸਪਲਾਇਰਾਂ, ਡੀਲਰਾਂ ਅਤੇ ਖਰੀਦਦਾਰਾਂ ਦੇ ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਦੇ ਨਾਲ-ਨਾਲ ਗ੍ਰਿਫ਼ਤਾਰ ਵਿਅਕਤੀ ਦੁਆਰਾ ਹੁਣ ਤੱਕ ਖਰੀਦੇ ਗਏ ਨਸ਼ਿਆਂ ਦੀ ਕੁੱਲ ਮਾਤਰਾ ਦਾ ਪਤਾ ਲਗਾਉਣ ਲਈ ਯਤਨ ਜਾਰੀ ਹਨ। ਇਸ ਸਬੰਧੀ ਥਾਣਾ ਸਦਰ ਪੱਟੀ, ਤਰਨਤਾਰਨ ਵਿਖੇ ਐਨ.ਡੀ.ਪੀ.ਐਸ. ਐਕਟ ਦੀ ਧਾਰਾ 21(ਸੀ) ਤਹਿਤ ਐਫ.ਆਈ.ਆਰ. ਨੰਬਰ 06 ਮਿਤੀ 15 ਜਨਵਰੀ, 2025 ਨੂੰ ਦਰਜ ਕੀਤੀ ਗਈ ਹੈ।

## ਬਰੈਂਪਟਨ: ਵਪਾਰੀ ਦੇ ਘਰ 'ਤੇ ਗੋਲੀਬਾਰੀ; 7 ਪੰਜਾਬੀ ਗ੍ਰਿਫ਼ਤਾਰ




ਵੈਨਕੂਵਰ: ਓਂਟਾਰੀਓ ਦੀ ਪੀਲ ਪੁਲੀਸ ਨੇ ਫ਼ਿਰੌਤੀ ਲਈ ਬਰੈਂਪਟਨ ਦੇ ਘਰ 'ਤੇ ਦੋ ਵਾਰ ਗੋਲੀਬਾਰੀ ਕਰਨ ਦੇ ਮਾਮਲੇ ਵਿਚ ਸੱਤ ਪੰਜਾਬੀ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਨ੍ਹਾਂ 'ਚੋਂ ਮਨਪ੍ਰੀਤ ਸਿੰਘ (27), ਦਿਲਪ੍ਰੀਤ ਸਿੰਘ (23) ਅਤੇ ਹਰਸ਼ਦੀਪ ਸਿੰਘ (23) 'ਤੇ ਬੀਤੀ 30 ਨਵੰਬਰ ਨੂੰ ਰਾਤ 2 ਵਜੇ ਮੈਂਟਨਬੈਰੀ ਰੋਡ 'ਤੇ ਮੈਂਟਿਨਸ਼ ਰੋਡ ਕੋਲ ਵਪਾਰੀ ਦੀ ਰਿਹਾਇਸ਼ 'ਤੇ ਗੋਲੀਆਂ ਚਲਾ ਕੇ ਫ਼ਰਾਰ ਹੋਣ ਦੇ ਦੋਸ਼ ਹਨ। ਭਾਰਤੀ ਮੂਲ ਦੇ ਵਪਾਰੀ ਨੂੰ ਡਰਾ ਕੇ ਫਿਰੌਤੀ ਮੰਗਣ ਲਈ ਉਸ ਦੇ ਘਰ 'ਤੇ ਦੋ ਵਾਰ ਚਲਾਈਆਂ ਗੋਲੀਆਂ। ਸੀਸੀਟੀਵੀ ਕੈਮਰਿਆਂ ਦੀ ਮਦਦ ਨਾਲ ਉਨ੍ਹਾਂ ਦੀ ਪਛਾਣ ਕਰ ਕੇ ਉਨ੍ਹਾਂ ਦੀ ਰਿਹਾਇਸ਼ ਦੀ ਤਲਾਸ਼ੀ ਦੌਰਾਨ ਉੱਥੋਂ ਬੰਦੂਕ ਤੇ ਗੋਲੀ ਸਿੱਕਾ ਮਿਲਿਆ। ਉਸੇ ਘਰ 'ਤੇ 2 ਜਨਵਰੀ ਦੀ ਰਾਤ ਨੂੰ ਫਿਰ ਗੋਲੀਬਾਰੀ ਕੀਤੀ ਗਈ। ਦੋਵੇਂ ਵਾਰ ਘਰ ਦੇ ਮੈਂਬਰ ਸੁਰੱਖਿਅਤ ਰਹੇ। ਦੂਜੀ ਗੋਲੀਬਾਰੀ ਪਹਿਲੇ ਮਸ਼ਕੂਕਾਂ ਦੇ ਜਾਣਕਾਰਾਂ ਵੱਲੋਂ ਕੀਤੇ ਹੋਣ ਦਾ ਸਬੂਤ ਕੈਮਰਿਆਂ 'ਚੋਂ ਮਿਲਣ 'ਤੇ ਇਹ ਸਾਫ਼ ਹੋ ਗਿਆ ਕਿ ਉਹ ਇੱਕੋ ਗਰੋਹ ਦੇ ਮੈਂਬਰ ਹਨ। ਪੁਲੀਸ ਨੇ ਮਸ਼ਕੂਕਾਂ ਧਰਮਪ੍ਰੀਤ ਸਿੰਘ (25), ਮਨਪ੍ਰਤਾਪ ਸਿੰਘ (27), ਆਤਮਜੀਤ ਸਿੰਘ (30) ਤੇ ਅਰਵਿੰਦਰਪਾਲ ਸਿੰਘ (21) ਨੂੰ ਗ੍ਰਿਫ਼ਤਾਰ ਕਰ ਲਿਆ ਹੈ।

## ਦੋ ਧਿਰਾਂ 'ਚ ਹੋਈ ਤਕਰਾਰ 'ਚ ਇੱਕ 70 ਸਾਲਾਂ ਬਜ਼ੁਰਗ ਦਾ ਕਤਲ

ਜਲਾਲਾਬਾਦ। ਜਲਾਲਾਬਾਦ ਹਲਕੇ ਦੇ ਪਿੰਡ ਸ਼ੇਰ ਮੁਹੰਮਦ ਦੀ ਢਾਣੀ ਵਾਟਰ ਵਰਕਰ ਵਿਖੇ ਬੀਤੀ ਰਾਤ ਇੱਕ ਘਰ 'ਚ ਬਜ਼ੁਰਗ ਦਾ ਕਤਲ ਦਾ ਮਾਮਲਾ ਸਾਹਮਣੇ ਆਇਆ ਹੈ। 70 ਸਾਲਾਂ ਬਜ਼ੁਰਗ ਜੋ ਆਪਣੇ ਗੁਆਂਢ 'ਚ ਰਹਿੰਦੇ ਪਰਿਵਾਰ ਨੂੰ ਗ਼ਲਤ ਕੰਮ ਕਰਨ ਤੋਂ ਰੋਕਦਾ ਸੀ ਉਸ ਨੂੰ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਨੌਜਵਾਨਾਂ ਨੇ ਡਾਂਗਾਂ ਨਾਲ ਕੁੱਟ-ਕੁੱਟ ਮਾਰ ਦਿੱਤਾ ਹੈ। ਇਸ ਸਬੰਧੀ ਪਰਿਵਾਰ ਨੇ ਦੱਸਿਆ ਕਿ ਬੀਤੀ ਰਾਤ ਉਨ੍ਹਾਂ ਦੇ ਗੁਆਂਢ 'ਚ ਰਹਿੰਦੇ ਪਰਿਵਾਰ ਦੇ ਘਰ ਲਗਾਤਾਰ ਗ਼ਲਤ ਅਨਸਰਾਂ ਦਾ ਆਉਣਾ ਜਾਣਾ ਸੀ ਜਿਸ ਤੋਂ ਉਹ ਰੋਕਦੇ ਸਨ ਅਤੇ ਇਸਨੂੰ ਲੈ ਕੇ ਆਰੋਪੀਆਂ ਨੇ ਬਾਹਰੋਂ ਗੁੰਡੇ ਮੰਗਵਾ ਲਏ ਅਤੇ 4-5 ਮੋਟਰਸਾਈਕਲਾਂ 'ਤੇ ਸਵਾਰ ਹੋ ਆਏ 10 ਤੋਂ 15 ਗੁੰਡਿਆਂ ਨੇ ਪਰਿਵਾਰ 'ਤੇ ਡਾਂਗਾ ਸੋਟਿਆਂ ਨਾਲ ਹਮਲਾ ਕਰ ਦਿੱਤਾ। ਇਸ ਦੌਰਾਨ ਪਰਿਵਾਰ ਦੀ ਨੂੰਹ ਅਤੇ ਧੀ ਨਾਲ ਵੀ ਮਾਰ ਕਟਾਈ ਕੀਤੀ ਗਈ ਅਤੇ ਬਜ਼ੁਰਗ ਨੂੰ ਵੀ ਬੇਰਹਿਮੀ ਨਾਲ ਕੁੱਟਿਆ ਗਿਆ ਜਿਸ ਕਾਰਨ ਬਜ਼ੁਰਗ ਦੀ ਮੌਤ ਹੋ ਗਈ। ਫ਼ਿਲਹਾਲ ਇਸ ਮਾਮਲੇ 'ਚ ਬਜ਼ੁਰਗ ਦਾ ਪੋਸਟਮਾਰਟਮ ਕਰਨ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਪੁਲਿਸ ਮਾਮਲੇ ਦੀ ਜਾਂਚ 'ਚ ਜੁੱਟ ਗਈ ਹੈ।

## ਵੱਡੀ ਗਿਣਤੀ ਸ਼ਰਧਾਲੂਆਂ ਨੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਮੱਥਾ ਟੇਕਿਆ



ਸ੍ਰੀ ਮੁਕਤਸਰ ਸਾਹਿਬ: ਇਥੇ ਮੇਲਾ ਮਾਘੀ ਦੇ ਦੂਜੇ ਦਿਨ ਵੀ ਵੱਡੀ ਗਿਣਤੀ ਸ਼ਰਧਾਲੂਆਂ ਨੇ ਚਾਲੀ ਮੁਕਤਿਆਂ ਨੂੰ ਨਤਮਸਤਕ ਹੁੰਦਿਆਂ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਦੇ ਦਰਸ਼ਨ ਕੀਤੇ। ਇਸ ਦੇ ਨਾਲ ਹੀ ਵੱਡੀ ਗਿਣਤੀ ਸੰਗਤ ਗੁਰਦੁਆਰਾ ਤੰਬੂ ਸਾਹਿਬ ਅਤੇ ਸ਼ਹੀਦ ਗੰਜ ਸਾਹਿਬ ਵਿਖੇ ਵੀ ਪੁੱਜੀਆਂ। ਇਸੇ ਤਰ੍ਹਾਂ ਟਿੱਬੀ ਸਾਹਿਬ ਕੰਪਲੈਕਸ ਵਿਖੇ ਵੀ ਸੰਗਤ ਦੀ ਆਮਦ ਜਾਰੀ ਹੈ, ਜਿਥੇ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਅਤੇ ਦਾਤਣਸਰ ਸਾਹਿਬ ਦੇ ਸਰੋਵਰ ਵਿੱਚ ਇਸ਼ਨਾਨ ਕੀਤੇ। ਮੌਸਮ ਸਾਫ਼ ਅਤੇ ਧੁੱਪ ਖਿੜੀ ਹੋਣ ਕਾਰਨ ਆਸ-ਪਾਸ ਦੇ ਪਿੰਡਾਂ ਅਤੇ ਸ਼ਹਿਰਾਂ ਤੋਂ ਸੰਗਤ ਦੀ ਆਮਦ ਜਾਰੀ ਰਹੀ। ਇਸ ਦੌਰਾਨ ਥਾਂ-ਥਾਂ ਲਾਏ ਲੰਗਰਾਂ ਵਿੱਚ ਸੰਗਤ ਨੇ ਖੀਰ, ਕੜਾਹ, ਛੋਲੇ-ਪੂਰੀਆਂ ਵੀ ਛਕੇ। ਮੇਲੇ ਵਿੱਚ 'ਸੰਕਲਪ ਐਜੂਕੇਸ਼ਨਲ ਵੈੱਲਫੇਅਰ ਸੁਸਾਇਟੀ' ਵੱਲੋਂ ਸੰਗਤ ਲਈ ਗਰਮ ਦੁੱਧ ਦੇ ਲੰਗਰ ਲਾਏ ਗਏ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 40 ਮੁਕਤਿਆਂ ਦੀ ਸ਼ਹੀਦੀ ਨੂੰ ਸਮਰਪਿਤ 'ਸਰਹਿੰਦ ਦੀ ਦੀਵਾਰ' ਅਤੇ 'ਮੈਂ ਤੇਰਾ ਬੰਦਾ' ਨਾਟਕਾਂ ਦਾ ਮੰਚਨ ਕੀਤਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਦੀ ਸਹੂਲਤ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰੂ ਗੋਬਿੰਦ ਸਿੰਘ ਪਾਰਕ ਵਿੱਚ ਲੰਗਰ ਲਗਾਇਆ ਗਿਆ।

## ਅਬੋਹਰ 'ਚ ਸੱਸ ਤੇ ਜਵਾਈ ਸਮੇਤ 3 ਨਸ਼ਾ ਤਸਕਰ ਕਾਬੂ



ਅਬੋਹਰ। ਅਬੋਹਰ 'ਚ ਪੁਲਿਸ ਨੇ 3 ਨਸ਼ਾ ਤਸਕਰਾਂ ਨੂੰ ਕਾਬੂ ਕੀਤਾ ਹੈ। ਸੀ.ਆਈ.ਏ ਸਟਾਫ਼ ਨੇ ਸੀਤੋ ਗੁੰਨੋ ਮੇਨ ਚੌਕ ਵਿਖੇ ਨਾਕਾਬੰਦੀ ਦੌਰਾਨ ਸੱਸ ਅਤੇ ਜਵਾਈ ਸਮੇਤ ਤਿੰਨ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਮੁਲਜ਼ਮਾਂ ਕੋਲੋਂ 52 ਗ੍ਰਾਮ ਹੈਰੋਇਨ ਅਤੇ 25 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਏਐਸਆਈ ਮਨਜੀਤ ਸਿੰਘ ਦੀ ਅਗਵਾਈ ਹੇਠ ਪੁਲਿਸ ਟੀਮ ਨੇ ਰਾਤ ਕਰੀਬ 10 ਵਜੇ ਇੱਕ ਸ਼ੱਕੀ ਬਜਾਜ ਸੀਟੀ ਬਾਈਕ ਨੂੰ ਰੋਕਿਆ। ਬਾਈਕ ਸਵਾਰ ਔਰਤ ਦੇ ਪਰਸ ਦੀ ਤਲਾਸ਼ੀ ਦੌਰਾਨ ਹੈਰੋਇਨ ਅਤੇ 500 ਰੁਪਏ ਦੇ 50 ਨੋਟ ਬਰਾਮਦ ਹੋਏ।

ਫੜੇ ਗਏ ਮੁਲਜ਼ਮਾਂ ਵਿੱਚ ਅੰਕਿਤ ਕੁਮਾਰ ਵਾਸੀ ਬਿਸ਼ਰਾਪੁਰਾ, ਉਸ ਦੀ ਸੱਸ ਸੁਖਵਿੰਦਰ ਕੌਰ ਉਰਫ਼ ਗੁਰਪ੍ਰੀਤ ਕੌਰ ਅਤੇ ਗੁਰਵੰਤ ਸਿੰਘ ਵਾਸੀ ਪਿੰਡ ਮੀਰਪੁਰ ਜ਼ਿਲ੍ਹਾ ਤਰਨਤਾਰਨ ਸ਼ਾਮਲ ਹਨ। ਪੁਲਿਸ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਅੰਕਿਤ ਅਤੇ ਉਸ ਦੀ ਸੱਸ ਸੁਖਵਿੰਦਰ ਕੌਰ ਮਿਲ ਕੇ ਨਸ਼ਾ ਤਸਕਰੀ ਦਾ ਧੰਦਾ ਕਰਦੇ ਸਨ। ਅੰਕਿਤ ਖਿਲਾਫ਼ ਪਹਿਲਾਂ ਹੀ ਐਨਡੀਪੀਐਸ ਐਕਟ ਦੇ ਕਈ ਮਾਮਲੇ ਦਰਜ ਹਨ। ਪੁਲਿਸ ਨੇ ਤਿੰਨਾਂ ਮੁਲਜ਼ਮਾਂ ਖ਼ਿਲਾਫ਼ ਐਨਡੀਪੀਐਸ ਐਕਟ ਦੀ ਧਾਰਾ 21, 27ਬੀ, 29, 61, 85 ਤਹਿਤ ਕੇਸ ਦਰਜ ਕਰ ਲਿਆ ਹੈ। ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲੀਸ ਰਿਮਾਂਡ ਦੀ ਮੰਗ ਕੀਤੀ ਜਾਵੇਗੀ।

## ਕੰਮ 'ਤੇ ਜਾ ਰਹੇ ਨੌਜਵਾਨ ਦੀ ਬੁਰੀ ਤਰ੍ਹਾਂ ਨਾਲ ਕੁੱਟਮਾਰ ਕਰ ਕੇ ਵੱਢੀ ਉਂਗਲੀ



ਬਰਨਾਲਾ। ਜ਼ਿਲ੍ਹਾ ਬਰਨਾਲਾ ਦੇ ਪਿੰਡ ਮੱਝੂਕੇ ਵਿਖੇ ਇੱਕ ਨੌਜਵਾਨ ਨੂੰ ਹਥਿਆਰਬੰਦ ਬਦਮਾਸ਼ਾਂ ਨੇ ਕੁੱਟ-ਕੁੱਟ ਕੇ ਗੰਭੀਰ ਜ਼ਖ਼ਮੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਬਦਮਾਸ਼ਾਂ ਨੇ ਨੌਜਵਾਨ ਦੀ ਇੱਕ ਉਂਗਲ ਵੀ ਵੱਢ ਦਿੱਤੀ। ਜ਼ਖ਼ਮੀ ਗੁਰਦਿੱਤ ਸਿੰਘ ਨੂੰ ਭਦੌੜ ਦੇ ਸਿਵਲ ਹਸਪਤਾਲ ਵਿਖੇ ਦਾਖ਼ਲ ਕਰਵਾਇਆ ਗਿਆ। ਜਿੱਥੇ ਉਸਨੂੰ ਮੁਢਲੀ ਸਹਾਇਤਾ ਦੇ ਕੇ ਡਾਕਟਰਾਂ ਵੱਲੋਂ ਬਰਨਾਲਾ ਸਿਵਲ ਹਸਪਤਾਲ ਰੈਫ਼ਰ ਕਰ ਦਿੱਤਾ ਗਿਆ। ਜ਼ਖ਼ਮੀ ਗੁਰਦਿੱਤ ਸਿੰਘ ਨੇ ਦੱਸਿਆ ਕਿ ਪਿੰਡ 'ਚ ਕੁਝ ਲੋਕ ਉਸ ਨਾਲ ਰੰਜਿਸ਼ ਰੱਖਦੇ ਹਨ, ਜਿਸ ਦੇ ਚਲਦਿਆਂ ਹੀ ਉਨ੍ਹਾਂ ਵੱਲੋਂ ਇਹ ਹਮਲਾ ਕੀਤਾ ਗਿਆ ਹੈ। ਉਸਨੇ ਦੱਸਿਆ ਕਿ ਉਹ ਘਰ ਤੋਂ ਕੰਮ ਲਈ ਰਵਾਨਾ ਹੋ ਰਿਹਾ ਸੀ ਤਾਂ ਇਸੇ ਦੌਰਾਨ ਹੀ ਹਤਿਆਰੇ ਹਥਿਆਰਾਂ ਨਾਲ ਲੈਸ ਹੋ ਕੇ ਆਏ ਆ ਤੇ ਉਸ ਨੂੰ ਘੇਰ ਕੇ ਉਸ ਦੀ ਕੁੱਟ ਮਾਰ ਕਰਨ ਲੱਗ ਪਏ। ਜਿਸ ਦੇ ਚਲਦਿਆਂ ਉਸ ਦੀ ਇੱਕ ਉਂਗਲੀ ਵੀ ਕੱਟੀ ਗਈ। ਜ਼ਖ਼ਮੀ ਨੇ ਦੱਸਿਆ ਕਿ ਉਸ ਦੀ ਕੁੱਟਮਾਰ ਕਰਨ ਵਾਲਿਆਂ ਖਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਅਮਲ 'ਚ ਲਿਆਂਦੀ ਜਾਵੇ ਅਤੇ ਉਸਨੂੰ ਇਨਸਾਫ਼ ਦਵਾਇਆ ਜਾਵੇ।

## ਭਾਰਤ 2027 ਤਕ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ: ਪਿਊਸ਼ ਗੋਇਲ



ਨਵੀਂ ਦਿਲੀ: ਕੇਂਦਰੀ ਵਣਜ ਅਤੇ ਉਦਯੋਗ ਮੰਤਰੀ ਪੀਯੂਸ਼ ਗੋਇਲ ਨੇ ਕਿਹਾ ਕਿ 2027 ਤਕ ਭਾਰਤ ਜਾਪਾਨ ਅਤੇ ਜਰਮਨੀ ਨੂੰ ਪਛਾੜ ਕੇ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥਵਿਵਸਥਾ ਬਣ ਜਾਵੇਗਾ। ਗੋਇਲ ਨੇ ਮੰਗਲਵਾਰ ਨੂੰ ਇੱਥੇ ਤਾਮਿਲ ਮੈਗਜ਼ੀਨ 'ਤੁਗਲਕ' ਦੀ ਸਾਲਾਨਾ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਕਿਹਾ, "(ਪ੍ਰਧਾਨ ਮੰਤਰੀ ਨਰਿੰਦਰ) ਮੋਦੀ ਨੇ 10 ਸਾਲਾਂ ਵਿੱਚ ਕੀ ਕੀਤਾ? ਉਹ ਭਾਰਤ ਨੂੰ 11ਵੇਂ ਸਭ ਤੋਂ ਵੱਡੇ ਘਧਫ (ਕੁੱਲ ਘਰੇਲੂ ਉਤਪਾਦ) ਤੋਂ ਪੰਜਵੇਂ ਸਭ ਤੋਂ ਵੱਡੇ ਘਧਫ ਤਕ ਲੈ ਗਏ। ਉਨ੍ਹਾਂ ਕਿਹਾ ਕਿ (ਕਾਂਗਰਸ ਨੇਤਾ ਪੀ.) ਚਿਦੰਬਰਮ ਨੇ 2014 ਵਿੱਚ ਭਵਿੱਖਬਾਣੀ ਕੀਤੀ ਸੀ ਕਿ ਭਾਰਤ 30 ਸਾਲਾਂ ਵਿੱਚ ਤੀਜਾ ਸਭ ਤੋਂ ਵੱਡਾ ਜੀਡੀਪੀ ਵਾਲਾ ਦੇਸ਼ ਬਣ ਜਾਵੇਗਾ। ਗੋਇਲ ਨੇ ਕਿਹਾ, "ਮੋਦੀ ਨੇ ਕੀ ਕੀਤਾ?" ਉਨ੍ਹਾਂ ਨੇ ਕਿਹਾ ਸੀ, 'ਮੈਂ ਇਹ ਅੱਧੇ ਤੋਂ ਵੀ ਘੱਟ ਸਮੇਂ ਵਿੱਚ ਕਰ ਦੇਵਾਂਗਾ ਅਤੇ ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਦੋਸਤੋ, 2027 ਤਕ ਭਾਰਤ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਅਰਥ ਵਿਵਸਥਾ ਹੋਵੇਗਾ... ਜਪਾਨ ਅਤੇ ਜਰਮਨੀ ਤੋਂ ਅੱਗੇ... ਸਿਰਫ਼ 13 ਸਾਲਾਂ ਵਿੱਚ ਅਤੇ ਨਾ ਕਿ 30 ਸਾਲਾਂ ਵਿੱਚ' ਇਹ ਪ੍ਰਧਾਨ ਮੰਤਰੀ ਮੋਦੀ ਦੀ ਵਚਨਬੱਧਤਾ ਅਤੇ ਦ੍ਰਿੜ ਵਿਸ਼ਵਾਸ਼ ਹੈ...।" ਉਨ੍ਹਾਂ ਇਹ ਵੀ ਕਿਹਾ ਕਿ 19 ਦੇਸ਼ਾਂ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਆਪਣੇ ਦੇਸ਼ ਦਾ ਸਰਵਉੱਚ ਨਾਗਰਿਕ ਸਨਮਾਨ ਦਿੱਤਾ ਹੈ। ਇਹਨਾਂ ਵਿੱਚੋਂ ਅੱਠ ਮੁਸਲਿਮ ਬਹੁਲਤਾ ਵਾਲੇ, 10 ਈਸਾਈ ਬਹੁਲਤਾ ਵਾਲੇ ਅਤੇ ਇੱਕ ਬੋਧੀ ਬਹੁਲਤਾ ਵਾਲਾ ਦੇਸ਼ ਹੈ। ਉਨ੍ਹਾਂ ਕਿਹਾ, "ਕੁਝ ਲੋਕਾਂ ਲਈ ਇਸ ਤੋਂ ਵਧੀਆ ਜਵਾਬ ਹੋਰ ਕੋਈ ਨਹੀਂ ਹੋ ਸਕਦਾ ਜੋ ਭਾਰਤ ਅਤੇ ਪ੍ਰਧਾਨ ਮੰਤਰੀ ਮੋਦੀ ਵਿਰੁੱਧ ਝੂਠੀ ਕਹਾਣੀ ਘੜਨ ਦੀ ਕੋਸ਼ਿਸ਼ ਕਰ ਰਹੇ ਹਨ।" ਕੇਂਦਰੀ ਮੰਤਰੀ ਨੇ ਕਿਹਾ, "ਉਹ ਸੱਚੇ ਧਰਮ ਨਿਰਪੱਖਤਾ ਵਾਲੇ ਸਭ ਤੋਂ ਸਮਾਵੇਸ਼ੀ ਨੇਤਾ ਹਨ, ਜੋ ਤੁਸ਼ਟੀਕਰਨ ਦੀ ਰਾਜਨੀਤੀ ਵਿੱਚ ਵਿਸ਼ਵਾਸ ਨਹੀਂ ਰੱਖਦੇ, ਉਹ ਸਬਕਾ ਸਾਥ, ਸਬਕਾ ਵਿਕਾਸ ਵਿੱਚ ਵਿਸ਼ਵਾਸ ਰੱਖਦੇ ਹਨ।"

## ਲੁਧਿਆਣਾ ਵਿੱਚ ਪਤੰਗ ਉਡਾ ਰਹੀ ਲੜਕੀ ਦੇ ਸਿਰ ਵਿੱਚ ਵਜੀ ਗੋਲੀ

ਲੁਧਿਆਣਾ: ਲੁਧਿਆਣਾ ਵਿੱਚ ਸੋਮਵਾਰ ਨੂੰ ਲੋਹੜੀ ਦੇ ਤਿਉਹਾਰ ਮੌਕੇ ਛੱਤ 'ਤੇ ਆਪਣੀ ਮਾਂ ਨਾਲ ਪਤੰਗ ਉਡਾਉਂਦੇ ਹੋਏ ਇੱਕ 11 ਸਾਲਾ ਬੱਚੀ ਨੂੰ ਗੋਲੀ ਮਾਰ ਦਿੱਤੀ ਗਈ। ਗੋਲੀ ਕੁੜੀ ਦੇ ਸਿਰ ਵਿੱਚ ਫਸ ਗਈ। ਉਸਨੂੰ ਤੁਰੰਤ ਨਜ਼ਦੀਕੀ ਹਸਪਤਾਲ ਲਿਜਾਇਆ ਗਿਆ। ਉੱਥੋਂ ਦੇ ਡਾਕਟਰਾਂ ਨੇ ਗੋਲੀ ਕੱਢ ਦਿੱਤੀ।

ਲੜਕੀ ਦੀ ਪਛਾਣ ਆਸ਼ੀਆਨਾ ਵਜੋਂ ਹੋਈ ਹੈ, ਜੋ ਨਿਊ ਮਾਧੋਪੁਰੀ ਲੇਨ ਨੰਬਰ 3 ਦੀ ਰਹਿਣ ਵਾਲੀ ਹੈ। ਸੂਚਨਾ ਮਿਲਦੇ ਹੀ ਬਸਤੀ ਜੋਧੇਵਾਲ ਪੁਲਿਸ ਟੀਮ ਮੌਕੇ 'ਤੇ ਪਹੁੰਚ ਗਈ। ਪੁਲਿਸ ਕੁੜੀ ਦੇ ਘਰ ਦੇ ਆਲੇ-ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਜਾਂਚ ਕਰ ਰਹੀ ਹੈ।

ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਿਸੇ ਨੇ ਹਵਾ ਵਿੱਚ ਗੋਲੀਬਾਰੀ ਕੀਤੀ ਸੀ। ਉਸ ਦੌਰਾਨ, ਇੱਕ ਗੋਲੀ ਕੁੜੀ ਦੇ ਸਿਰ ਵਿੱਚ ਲੱਗੀ। ਜਦੋਂ ਖੂਨ ਵਹਿਣ ਲੱਗਾ ਤਾਂ ਪਤਾ ਲੱਗਾ ਕਿ ਕੁੜੀ ਨੂੰ ਗੋਲੀ ਮਾਰੀ ਗਈ ਹੈ।

### ਮਾਂ-ਧੀ ਉਡਾ ਰਹੀਆਂ ਸਨ ਪਤੰਗ

ਕੁੜੀ ਦੇ ਪਿਤਾ ਨਾਸਿਰ ਆਲਮ ਨੇ ਕਿਹਾ ਕਿ ਸਾਡਾ ਪਰਿਵਾਰ ਕੱਪੜਿਆਂ 'ਤੇ ਕਢਾਈ ਦਾ ਕੰਮ ਕਰਦਾ ਹੈ। ਸੋਮਵਾਰ ਨੂੰ, ਰਾਤ ਦਾ ਖਾਣਾ ਖਾਣ ਤੋਂ ਬਾਅਦ, ਉਹ ਆਪਣੀ ਮਾਂ ਨਾਲ ਛੱਤ 'ਤੇ ਪਤੰਗ ਉਡਾਉਣ ਲਈ ਗਈ। 12:30 ਵਜੇ ਉਹ ਜਨਰੇਟਰ ਦੇ ਨੇੜੇ ਵਾਲੇ ਕਮਰੇ ਵਿੱਚੋਂ ਪਤੰਗ ਲੈਣ ਗਈ। ਫਿਰ ਅਚਾਨਕ ਮੇਰੇ ਸਿਰ 'ਤੇ ਕੋਈ ਤਿੱਖੀ ਚੀਜ਼ ਵੱਜੀ। ਆਇਸ਼ਾਨਾ ਭੱਜਦੀ ਹੋਈ ਆਪਣੀ ਮਾਂ ਕੋਲ ਆਈ ਅਤੇ ਕਿਹਾ ਕਿ ਉਸਦੇ ਸਿਰ ਵਿੱਚ ਕੁਝ ਵੱਜਿਆ ਹੈ। ਖੂਨ ਵਗਦਾ ਦੇਖ ਕੇ, ਮਾਂ ਤੁਰੰਤ ਆਸ਼ਿਆਨਾ ਨੂੰ ਨਜ਼ਦੀਕੀ ਕਲੀਨਿਕ ਲੈ ਗਈ। ਡਾਕਟਰਾਂ ਨੇ ਮਾਂ ਨੂੰ ਦੱਸਿਆ ਕਿ ਉਸਦੇ ਸਿਰ ਵਿੱਚ ਗੋਲੀ ਮਾਰੀ ਗਈ ਹੈ। ਡਾਕਟਰਾਂ ਨੇ ਗੋਲੀ ਕੱਢ ਦਿੱਤੀ ਅਤੇ ਕੁੜੀ ਅਤੇ ਉਸਦੀ ਮਾਂ ਨੂੰ ਸਿਵਲ ਹਸਪਤਾਲ ਭੇਜ ਦਿੱਤਾ। ਸਿਵਲ ਹਸਪਤਾਲ ਦੇ ਡਾਕਟਰਾਂ ਨੇ ਲੜਕੀ ਦਾ ਇਲਾਜ ਕੀਤਾ ਅਤੇ ਸੀਨੀਅਰ ਪੁਲਿਸ ਅਧਿਕਾਰੀਆਂ ਨੂੰ ਸੂਚਿਤ ਕੀਤਾ।

### ਪੁਲਿਸ ਨੇ ਘਰਾਂ ਦੀਆਂ ਛੱਤਾਂ ਦੀ ਕੀਤੀ ਜਾਂਚ

ਸੂਚਨਾ ਮਿਲਣ ਤੋਂ ਬਾਅਦ ਏ.ਸੀ.ਪੀ. ਦਵਿੰਦਰ ਚੌਧਰੀ ਅਤੇ ਥਾਣਾ ਬਸਤੀ ਜੋਧੇਵਾਲ ਦੇ ਐਸ.ਐਚ.ਓ. ਜਸਬੀਰ ਸਿੰਘ ਨਿਊ ਸੁੰਦਰ ਨਗਰ ਪਹੁੰਚੇ। ਆਲੇ-ਦੁਆਲੇ ਦੇ ਘਰਾਂ ਦੀਆਂ ਛੱਤਾਂ ਦੀ ਜਾਂਚ ਕੀਤੀ। ਇਸ ਤੋਂ ਇਲਾਵਾ, ਪਤੰਗ ਉਡਾ ਰਹੇ ਅਤੇ ਡੀਜੇ ਵਜਾ ਰਹੇ ਨੌਜਵਾਨਾਂ ਦੀ ਵੀ ਤਲਾਸ਼ੀ ਲਈ ਗਈ ਪਰ ਪੁਲਿਸ ਨੂੰ ਕੁਝ ਵੀ ਸ਼ੱਕੀ ਨਹੀਂ ਮਿਲਿਆ। ਹੁਣ ਪੁਲਿਸ ਇਸ ਇਲਾਕੇ ਦੇ ਹਥਿਆਰ ਲਾਇਸੈਂਸ ਧਾਰਕਾਂ ਦੇ ਰਿਕਾਰਡ ਦੀ ਜਾਂਚ ਕਰ ਰਹੀ ਹੈ।

### ਲੜਕੀ ਦੀ ਹਾਲਤ ਖ਼ਤਰੇ ਤੋਂ ਬਾਹਰ

ਏ.ਸੀ.ਪੀ. ਦਵਿੰਦਰ ਚੌਧਰੀ ਨੇ ਦੱਸਿਆ ਕਿ ਜਾਣਕਾਰੀ ਮਿਲੀ ਸੀ ਕਿ ਲੜਕੀ ਦੇ ਸਿਰ ਵਿੱਚ ਗੋਲੀ ਮਾਰੀ ਗਈ ਹੈ। ਪੁਲਿਸ ਇਸ ਮਾਮਲੇ ਦੀ ਲਗਾਤਾਰ ਜਾਂਚ ਕਰ ਰਹੀ ਹੈ। ਕਈ ਛੱਤਾਂ ਨੂੰ ਵੀ ਦੁਬਾਰਾ ਬਣਾਇਆ ਗਿਆ ਹੈ। ਪੁਲਿਸ ਜਲਦੀ ਹੀ ਇਸ ਮਾਮਲੇ ਨੂੰ ਹੱਲ ਕਰ ਲਵੇਗੀ। ਫਿਲਹਾਲ ਬੱਚੀ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। ਲੋਕਾਂ ਨੂੰ ਤਿਉਹਾਰਾਂ ਨੂੰ ਸਾਦਗੀ ਨਾਲ ਮਨਾਉਣ ਦੀ ਬੇਨਤੀ ਕੀਤੀ ਜਾਂਦੀ ਹੈ। ਪੁਲਿਸ ਇਸ ਮਾਮਲੇ ਵਿੱਚ ਮਾਮਲਾ ਦਰਜ ਕਰੇਗੀ।

## ਪ੍ਰਚੂਨ ਮਹਿੰਗਾਈ ਚਾਰ ਮਹੀਨੇ ਦੇ ਹੇਠਲੇ ਪੱਧਰ 5.22 ਫੀਸਦ 'ਤੇ ਪੁੱਜੀ



ਨਵੀਂ ਦਿੱਲੀ: ਪ੍ਰਚੂਨ ਮਹਿੰਗਾਈ ਦਸੰਬਰ ਵਿੱਚ ਘੱਟ ਕੇ ਚਾਰ ਮਹੀਨੇ ਦੇ ਹੇਠਲੇ ਪੱਧਰ 5.22 ਫ਼ੀਸਦ 'ਤੇ ਆ ਗਈ ਹੈ। ਨਵੰਬਰ ਵਿੱਚ ਇਹ 5.48 ਫ਼ੀਸਦ ਸੀ। ਸੋਮਵਾਰ ਨੂੰ ਜਾਰੀ ਸਰਕਾਰੀ ਅੰਕੜਿਆਂ ਤੋਂ ਇਹ ਜਾਣਕਾਰੀ ਮਿਲੀ ਹੈ। ਖ਼ਪਤਕਾਰ ਕੀਮਤ ਸੂਚਕਅੰਕ (ਸੀ.ਪੀ.ਆਈ.) ਆਧਾਰਿਤ ਮਹਿੰਗਾਈ ਨਵੰਬਰ ਵਿੱਚ 5.48 ਫ਼ੀਸਦ ਤੇ ਦਸੰਬਰ 2023 ਵਿੱਚ 5.69 ਫ਼ੀਸਦ ਰਹੀ ਸੀ। ਕੌਮੀ ਅੰਕੜਾ ਦਫ਼ਤਰ (ਐੱਨ.ਐੱਸ.ਓ.) ਵੱਲੋਂ ਜਾਰੀ ਸੀਪੀਆਈ ਅੰਕੜਿਆਂ ਮੁਤਾਬਕ, ਦਸੰਬਰ ਵਿੱਚ ਖੁਰਾਕੀ ਵਸਤਾਂ ਦੀ ਮਹਿੰਗਾਈ ਘੱਟ ਕੇ 8.39 ਫ਼ੀਸਦ ਰਹਿ ਗਈ। ਐੱਨ.ਐੱਸ.ਓ. ਨੇ ਕਿਹਾ, "ਦਸੰਬਰ 2024 ਵਿੱਚ ਸੀ.ਪੀ.ਆਈ. (ਆਮ) ਅਤੇ ਖੁਰਾਕ ਮਹਿੰਗਾਈ ਪਿਛਲੇ ਚਾਰ ਮਹੀਨਿਆਂ ਦੇ ਹੇਠਲੇ ਪੱਧਰ 'ਤੇ ਆ ਗਈ।" ਭਾਰਤੀ ਰਿਜ਼ਰਵ ਬੈਂਕ ਨੇ ਪਿਛਲੇ ਮਹੀਨੇ ਚਾਲੂ ਵਿੱਤੀ ਵਰ੍ਹੇ 2024-25 ਲਈ ਆਪਣੇ ਮਹਿੰਗਾਈ ਦੇ ਅਨੁਮਾਨ ਨੂੰ 4.5 ਫ਼ੀਸਦ ਤੋਂ ਵਧਾ ਕੇ 4.8 ਫ਼ੀਸਦ ਕਰ ਦਿੱਤਾ ਸੀ। ਕੇਂਦਰੀ ਬੈਂਕ ਨੇ ਖੁਰਾਕੀ ਕੀਮਤਾਂ 'ਤੇ ਦਬਾਅ ਕਾਰਨ ਅਕਤੂਬਰ-ਦਸੰਬਰ ਤਿਮਾਹੀ ਵਿੱਚ ਕੁੱਲ ਮਹਿੰਗਾਈ ਦੇ ਉੱਚ ਪੱਧਰ 'ਤੇ ਬਣੇ ਰਹਿਣ ਦੀ ਵੀ ਆਸ ਪ੍ਰਗਟਾਈ ਸੀ। ਖ਼ਪਤਕਾਰ ਕੀਮਤ ਸੂਚਕਅੰਕ ਆਧਾਰਿਤ ਕੁੱਲ ਮਹਿੰਗਾਈ ਜੁਲਾਈ-ਅਗਸਤ ਦੌਰਾਨ ਔਸਤ 3.6 ਫ਼ੀਸਦ ਤੋਂ ਵਧ ਕੇ ਸਤੰਬਰ ਵਿੱਚ 5.5 ਫ਼ੀਸਦ ਤੇ ਅਕਤੂਬਰ 2024 ਵਿੱਚ 6.2 ਫ਼ੀਸਦ ਰਹੀ ਸੀ।

## ਕਪੂਰਥਲਾ ਵਿੱਚ ਲੜਕੀਆਂ ਲਈ ਖੋਲ੍ਹਿਆ ਜਾਵੇਗਾ ਸੀ-ਪਾਈਟ ਕੈਂਪ: ਅਮਨ ਅਰੋੜਾ



ਕਪੂਰਥਲਾ। ਸੂਬੇ ਦੀਆਂ ਲੜਕੀਆਂ ਨੂੰ ਹੋਰ ਸਸ਼ਕਤ ਬਣਾਉਣ ਦੀ ਦਿਸ਼ਾ ਵਿੱਚ ਮਿਸਾਲੀ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਸੂਬੇ ਭਰ ਦੇ ਸੈਂਟਰ ਫਾਰ ਟ੍ਰੇਨਿੰਗ ਐਂਡ ਇੰਪਲਾਇਮੈਂਟ ਆਫ਼ ਪੰਜਾਬ ਯੂਥ (ਸੀ-ਪਾਈਟ) ਕੈਂਪਾਂ ਰਾਹੀਂ ਪਹਿਲੀ ਵਾਰ 265 ਲੜਕੀਆਂ ਨੂੰ ਫੌਜ, ਸੀ.ਏ.ਪੀ.ਐਫ. ਅਤੇ ਪੰਜਾਬ ਪੁਲਿਸ ਵਿੱਚ ਭਰਤੀ ਲਈ ਸਿਖਲਾਈ ਦਿੱਤੀ ਹੈ। ਇਹ ਜਾਣਕਾਰੀ ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਸ੍ਰੀ ਅਮਨ ਅਰੋੜਾ ਨੇ ਅੱਜ ਆਪਣੇ ਦਫ਼ਤਰ ਵਿਖੇ ਸੀ-ਪਾਈਟ ਦੀ 5ਵੀਂ ਗਵਰਨਿੰਗ ਕੌਂਸਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਦਿੱਤੀ।ਇੱਕ ਹੋਰ ਅਹਿਮ ਫ਼ੈਸਲੇ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਜਲਦੀ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਥੇਹ ਕਾਂਜਲਾ ਵਿਖੇ ਹਥਿਆਰਬੰਦ ਸੈਨਾਵਾਂ ਵਿੱਚ ਭਰਤੀ ਹੋਣ ਦੀਆਂ ਚਾਹਵਾਨ ਲੜਕੀਆਂ ਲਈ ਇੱਕ ਵਿਸ਼ੇਸ਼ ਸੀ-ਪਾਈਟ ਕੈਂਪ ਖੋਲ੍ਹਿਆ ਜਾਵੇਗਾ ਅਤੇ ਇਹ ਕੈਂਪ ਪੂਰੀ ਤਰ੍ਹਾਂ ਮਹਿਲਾ ਸਟਾਫ਼ ਦੀ ਦੇਖ-ਰੇਖ ਹੇਠ ਹੀ ਚਲਾਇਆ ਜਾਵੇਗਾ। ਇਸੇ ਤਰ੍ਹਾਂ ਪਠਾਨਕੋਟ ਜ਼ਿਲ੍ਹੇ ਵਿੱਚ ਇੱਕ ਹੋਰ ਸੀ-ਪਾਈਟ ਕੈਂਪ ਵੀ ਸਥਾਪਤ ਕੀਤਾ ਜਾਵੇਗਾ ਤਾਂ ਜੋ ਸੂਬੇ ਦੇ ਨੌਜਵਾਨਾਂ ਨੂੰ ਪੁਲਿਸ, ਹਥਿਆਰਬੰਦ ਸੈਨਾਵਾਂ ਅਤੇ ਸੀ.ਏ.ਪੀ.ਐਫ. ਵਿੱਚ ਰੋਜ਼ਗਾਰ ਦੇ ਯੋਗ ਬਣਾਇਆ ਜਾ ਸਕੇ।

ਦੱਸਣਯੋਗ ਹੈ ਕਿ ਪੰਜਾਬ ਵਿੱਚ ਇਸ ਵੇਲੇ 14 ਸੀ-ਪਾਈਟ ਕੈਂਪ ਕਾਰਜਸ਼ੀਲ ਹਨ।ਸ੍ਰੀ ਅਮਨ ਅਰੋੜਾ ਨੇ ਸਬੰਧਤ ਅਧਿਕਾਰੀਆਂ ਨੂੰ ਪਿੰਡ ਆਸਲ ਉਤਾੜ (ਤਰਨ ਤਾਰਨ), ਪਿੰਡ ਖੇੜੀ (ਸੰਗਰੂਰ) ਅਤੇ ਬੋਰੇਵਾਲ (ਮਾਨਸਾ) ਵਿਖੇ ਨਿਰਮਾਣ ਅਧੀਨ ਤਿੰਨ ਨਵੇਂ ਕੈਂਪਾਂ ਦੇ ਕੰਮ ਨੂੰ ਨਿਰਧਾਰਤ ਸਮੇਂ ਦੇ ਅੰਦਰ ਪੂਰਾ ਕਰਨ ਦੇ ਨਿਰਦੇਸ਼ ਵੀ ਦਿੱਤੇ। ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀਮਤੀ ਜਸਪ੍ਰੀਤ ਤਲਵਾੜ ਨੇ ਕੈਬਨਿਟ ਮੰਤਰੀ ਨੂੰ ਦੱਸਿਆ ਕਿ ਇਨ੍ਹਾਂ ਸੀ-ਪਾਈਟ ਕੈਂਪਾਂ ਰਾਹੀਂ 2,58,760 ਨੌਜਵਾਨਾਂ ਨੂੰ ਮੁਫ਼ਤ ਸਿਖਲਾਈ ਦਿੱਤੀ ਗਈ ਹੈ, ਜਿਨ੍ਹਾਂ ਵਿੱਚੋਂ 1,15,649 ਨੂੰ ਰੋਜ਼ਗਾਰ ਮਿਲ ਗਿਆ ਹੈ।

ਨੌਜਵਾਨਾਂ ਨੂੰ ਵੱਖ-ਵੱਖ ਰੱਖਿਆ ਬਲਾਂ ਲਈ ਸਿਖਲਾਈ ਦੇਣ ਤੋਂ ਇਲਾਵਾ, ਉਨ੍ਹਾਂ ਨੂੰ ਹੋਰ ਖੇਤਰਾਂ ਵਿੱਚ ਰੋਜ਼ਗਾਰ ਦੇ ਸਮਰੱਥ ਬਣਾਉਣ ਲਈ ਵੀ ਸਿਖਲਾਈ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਲ ਘੱਟੋ-ਘੱਟ 150 ਨੌਜਵਾਨਾਂ ਨੂੰ ਡਰੋਨ ਪਾਇਲਟ, 300 ਨੌਜਵਾਨਾਂ ਨੂੰ ਸੁਰੱਖਿਆ ਗਾਰਡ ਅਤੇ 150 ਨੂੰ ਜੇ.ਸੀ.ਬੀ. / ਕਰੇਨ ਆਪਰੇਟਰ ਵਜੋਂ ਸਿਖਲਾਈ ਦਿੱਤੀ ਜਾਵੇਗੀ।ਸੀ-ਪਾਈਟ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਰਾਮਬੀਰ ਸਿੰਘ ਮਾਨ ਨੇ ਦੱਸਿਆ ਕਿ ਸੀ-ਪਾਈਟ ਕੈਂਪਾਂ ਦਾ ਸਟਾਫ਼ ਨੌਜਵਾਨਾਂ ਵਿੱਚ ਕੌਮੀ ਏਕਤਾ, ਅਨੁਸ਼ਾਸਨ, ਸਮਾਜਿਕ ਸਰੋਕਾਰ ਸਮੇਤ ਨੈਤਿਕ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਲਈ ਪੂਰੀ ਮਿਹਨਤ ਨਾਲ ਕੰਮ ਕਰ ਰਿਹਾ ਹੈ ਤਾਂ ਜੋ ਉਨ੍ਹਾਂ ਨੂੰ ਬਿਹਤਰੀਨ ਨਾਗਰਿਕ ਬਣਾਇਆ ਜਾ ਸਕੇ।

ਨੌਜਵਾਨਾਂ ਨੂੰ ਹਥਿਆਰਬੰਦ ਸੈਨਾਵਾਂ, ਪੁਲਿਸ, ਅਰਧ-ਸੈਨਿਕ ਬਲਾਂ ਵਿੱਚ ਰੋਜ਼ਗਾਰ ਲਈ ਤਿਆਰ ਕਰਨ ਤੋਂ ਇਲਾਵਾ ਹੋਰ ਉਦਯੋਗਾਂ ਵਿੱਚ ਨੌਕਰੀ ਦੇ ਸਮਰੱਥ ਬਣਾਉਣ ਲਈ ਵੀ ਸਿਖਲਾਈ ਅਤੇ ਸੇਧ ਦਿੱਤੀ ਜਾ ਰਹੀ ਹੈ।ਇਸ ਮੀਟਿੰਗ ਵਿੱਚ ਉਦਯੋਗ ਵਿਭਾਗ ਦੇ ਸਕੱਤਰ ਡੀ.ਪੀ.ਐਸ. ਖਰਬੰਦਾ, ਆਈ.ਜੀ.ਪੀ (ਹੈੱਡਕੁਆਟਰ) ਸੁਖਚੈਨ ਸਿੰਘ ਗਿੱਲ, ਵਿਸ਼ੇਸ਼ ਸਕੱਤਰ ਪ੍ਰਸੋਨਲ ਗੌਰੀ ਪਰਾਸ਼ਰ ਜੋਸ਼ੀ, ਡਾਇਰੈਕਟਰ ਪੇਂਡੂ ਵਿਕਾਸ ਅਤੇ ਪੰਚਾਇਤਾਂ ਸ੍ਰੀ ਪਰਮਜੀਤ ਸਿੰਘ, ਐਮ.ਡੀ. ਪੈਸਕੋ ਮੇਜਰ ਜਨਰਲ ਹਰਮਨਦੀਪ ਸਿੰਘ, ਵਧੀਕ ਡਾਇਰੈਕਟਰ (ਐਡਮਿਨ) ਸੂਚਨਾ ਤੇ ਲੋਕ ਸੰਪਰਕ ਸੰਦੀਪ ਗਾੜ੍ਹਾ, ਮੁੱਖ ਮੰਤਰੀ ਦੇ ਉਪ ਪ੍ਰਮੁੱਖ ਸਕੱਤਰ ਯਸ਼ਪਾਲ ਸ਼ਰਮਾ ਅਤੇ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

## ਪਨਬੱਸ ਤੇ ਪੀ.ਆਰ.ਟੀ.ਸੀ. ਯੂਨੀਅਨ ਵੱਲੋਂ ਟਰਾਂਸਪੋਰਟ ਮੰਤਰੀ ਨਾਲ ਮੀਟਿੰਗ



ਚੰਡੀਗੜ੍ਹ।ਪੰਜਾਬ ਰੋਡਵੇਜ਼, ਪਨਬੱਸ ਤੇ ਪੀਆਰਟੀਸੀ ਕੰਟਰੈਕਟ ਵਰਕਰਜ਼ ਯੂਨੀਅਨ (25-11) ਦੀ ਮੀਟਿੰਗ ਅੱਜ ਇੱਥੇ ਪੰਜਾਬ ਸਿਵਲ ਸਕੱਤਰੇਤ 'ਚ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਤੇ ਮੁੱਖ ਮੰਤਰੀ ਦੇ ਵਿਸ਼ੇਸ਼ ਸਕੱਤਰ ਰਵੀ ਭਗਤ ਨਾਲ ਹੋਈ। ਮੀਟਿੰਗ ਵਿੱਚ ਸੈਕਟਰੀ ਟਰਾਂਸਪੋਰਟ ਅਤੇ ਵਿਭਾਗ ਦੇ ਮੈਨੇਜਿੰਗ ਡਾਇਰੈਕਟਰ ਸਮੇਤ ਮੈਨੇਜਮੈਂਟ ਵੀ ਸ਼ਾਮਲ ਸੀ। ਜਥੇਬੰਦੀ ਵੱਲੋਂ ਸੂਬਾ ਪ੍ਰਧਾਨ ਰੇਸ਼ਮ ਸਿੰਘ ਗਿੱਲ, ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ, ਸੀਨੀਅਰ ਮੀਤ ਪ੍ਰਧਾਨ ਹਰਕੇਸ਼ ਕੁਮਾਰ ਵਿੱਕੀ, ਜੁਆਇੰਟ ਸਕੱਤਰ ਜਗਤਾਰ ਸਿੰਘ ਤੇ ਖਜ਼ਾਨਚੀ ਬਲਜੀਤ ਸਿੰਘ ਸ਼ਾਮਲ ਹੋਏ। ਯੂਨੀਅਨ ਦੇ ਸਕੱਤਰ ਸ਼ਮਸ਼ੇਰ ਸਿੰਘ ਢਿੱਲੋਂ ਨੇ ਦੱਸਿਆ ਕਿ ਇਹ ਮੀਟਿੰਗ ਬਹੁਤ ਸੁਖਾਵੇਂ ਮਾਹੌਲ ਵਿੱਚ ਹੋਈ। ਇਸ ਦੌਰਾਨ ਟਰਾਂਸਪੋਰਟ ਵਿਭਾਗ ਦੀ ਵੱਖਰੀ ਨੀਤੀ ਬਣਾਉਣ ਵਾਲੀ ਮੰਗ 'ਤੇ ਸਹਿਮਤੀ ਬਣੀ ਹੈ ਜਿਸ ਵਿੱਚ ਯੂਨੀਅਨ ਵਲੋਂ ਦਿੱਤੇ ਦਸਤਾਵੇਜ਼ ਦੇ ਆਧਾਰ 'ਤੇ ਸਰਵਿਸ ਨਿਯਮਾਂ ਤਹਿਤ ਪੱਕੇ ਕਰਨ ਦੀ ਪਾਲਸੀ ਬਣਾਉਣ ਲਈ ਤੁਰੰਤ ਐਡਵੋਕੇਟ ਜਨਰਲ ਪੰਜਾਬ ਨੂੰ ਫਾਈਲ ਭੇਜੀ ਜਾਵੇਗੀ। ਇਸ ਤੋਂ ਇਲਾਵਾ 25 ਜਨਵਰੀ ਨੂੰ ਟਰਾਂਸਪੋਰਟ ਮੰਤਰੀ ਸਮੇਤ ਉੱਚ ਅਧਿਕਾਰੀ ਮੀਟਿੰਗ ਕਰ ਕੇ ਕਾਨੂੰਨੀ ਨੁਕਤੇ ਵਿਚਾਰਨ ਤੋਂ ਬਾਅਦ 3 ਫਰਵਰੀ ਤੱਕ ਯੂਨੀਅਨ ਨਾਲ ਮੁੜ ਮੀਟਿੰਗ ਕਰ ਕੇ ਸਹਿਮਤੀ ਨਾਲ ਪਾਲਸੀ ਨੂੰ ਲਾਗੂ ਕੀਤਾ ਜਾਵੇਗਾ। ਯੂਨੀਅਨ ਦੀ ਮੰਗਾਂ 'ਤੇ ਚਰਚਾ ਮਗਰੋਂ ਇਹ ਵੀ ਭਰੋਸਾ ਮਿਲਿਆ ਕਿ ਘੱਟ ਤਨਖਾਹ 'ਤੇ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਵਿੱਚ ਵਾਧਾ ਦਾ ਭਰੋਸਾ ਮਿਲਿਆ। ਸ਼ਮਸ਼ੇਰ ਢਿੱਲੋਂ ਅਨੁਸਾਰ ਟਰਾਂਸਪੋਰਟ ਮੰਤਰੀ ਨੇ ਦੱਸਿਆ ਕਿ ਵਿਭਾਗ ਵੱਲੋਂ ਪੀਆਰਟੀਸੀ ਦੇ ਬੇੜੇ ਵਿੱਚ 500 ਦੇ ਕਰੀਬ ਨਵੀਆਂ ਬੱਸਾਂ ਤੇ ਪਨਬੱਸ ਵਿੱਚ 432 ਬੱਸਾਂ ਦੇ ਕਰੀਬ ਬੱਸਾਂ ਪਾਈਆਂ ਜਾਣਗੀਆਂ। ਇਸ ਤੋਂ ਇਲਾਵਾ ਵਰਕਰ ਮਾਰੂ ਸ਼ਰਤਾਂ ਦਾ ਛੇਤੀ ਹੱਲ ਕੀਤਾ ਜਾਵੇਗਾ, ਪਨਬੱਸ ਦੇ 51 ਮੁਲਾਜ਼ਮਾਂ ਦੀ ਬਹਾਲੀ ਸਬੰਧੀ ਸੂਚੀ ਜਾਰੀ ਕੀਤੀ ਜਾਵੇਗੀ ਅਤੇ ਕਿਸੇ ਵੀ ਮੁਲਾਜ਼ਮ ਨਾਲ ਧੱਕਾ ਨਹੀਂ ਹੋਵੇਗਾ।

## ਵਿਧਾਨ ਸਭਾ ਚੋਣਾਂ: ਦਿੱਲੀ 'ਚ ਪੰਜਾਬ ਦੇ ਮਸਲਿਆਂ 'ਤੇ 'ਆਪ' ਨੂੰ ਘੇਰੇਗੀ ਕਾਂਗਰਸ



ਚੰਡੀਗੜ੍ਹ: ਦਿੱਲੀ ਵਿੱਚ 5 ਫਰਵਰੀ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਪੰਜਾਬ ਦੀਆਂ ਸਿਆਸੀ ਧਿਰਾਂ ਨੇ ਤਿਆਰੀਆਂ ਖਿੱਚ ਲਈਆਂ ਹਨ। ਪੰਜਾਬ ਕਾਂਗਰਸ ਦੇ ਆਗੂਆਂ ਵੱਲੋਂ 20 ਜਨਵਰੀ ਤੋਂ 15 ਦਿਨਾਂ ਲਈ ਦਿੱਲੀ ਵਿੱਚ ਡੇਰੇ ਲਗਾਏ ਜਾਣਗੇ ਤੇ ਪੰਜਾਬ ਦੇ ਮੁੱਦਿਆਂ 'ਤੇ ਦਿੱਲੀ ਵਿੱਚ 'ਆਪ' ਨੂੰ ਘੇਰਿਆ ਜਾਵੇਗਾ। ਇਸ ਲਈ ਅੱਜ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ, ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਤੇ ਹੋਰਨਾਂ ਨੇ ਦਿੱਲੀ 'ਚ ਮੀਟਿੰਗ ਕਰ ਕੇ ਚੋਣ ਪ੍ਰਚਾਰ ਲਈ ਰਣਨੀਤੀ ਤਿਆਰ ਕੀਤੀ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪੰਜਾਬ ਕਾਂਗਰਸ ਵੱਲੋਂ ਦਿੱਲੀ ਵਿਧਾਨ ਸਭਾ ਚੋਣਾਂ 'ਚ ਪ੍ਰਚਾਰ ਲਈ 250 ਤੋਂ ਵੱਧ ਸੀਨੀਅਰ ਪਾਰਟੀ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਕਾਂਗਰਸ ਨੇ ਦਿੱਲੀ ਵਿੱਚ ਪ੍ਰਚਾਰ ਲਈ 12 ਟੀਮਾਂ ਤਿਆਰ ਕੀਤੀਆਂ ਹਨ। ਹਰੇਕ ਟੀਮ ਵਿੱਚ 20 ਤੋਂ 25 ਵਰਕਰਾਂ ਨੂੰ ਸ਼ਾਮਲ ਕੀਤਾ ਗਿਆ ਹੈ, ਜਿਨ੍ਹਾਂ ਵੱਲੋਂ ਆਪਣੇ ਸਾਥੀਆਂ ਨਾਲ ਵੱਖ-ਵੱਖ ਵਿਧਾਨ ਸਭਾ ਹਲਕਿਆਂ 'ਚ ਪਹੁੰਚ ਕੇ ਦਿੱਲੀ ਦੇ ਲੋਕਾਂ ਨੂੰ 'ਆਪ' ਦੇ ਅਸਲ ਚਿਹਰੇ ਬਾਰੇ ਜਾਣੂ ਕਰਵਾਇਆ ਜਾਵੇਗਾ ਅਤੇ ਕਾਂਗਰਸ ਪਾਰਟੀ ਨੂੰ ਵੋਟ ਪਾਉਣ ਦੀ ਅਪੀਲ ਕੀਤੀ ਜਾਵੇਗੀ। ਸ੍ਰੀ ਬਾਜਵਾ ਨੇ ਕਿਹਾ ਕਿ 'ਆਪ' ਦਿੱਲੀ ਵਿੱਚ 12 ਸਾਲ ਤੋਂ ਅਤੇ ਪੰਜਾਬ ਵਿੱਚ 3 ਸਾਲ ਤੋਂ ਝੂਠ ਬੋਲਦੀ ਆ ਰਹੀ ਹੈ, ਜਿਸ ਨੇ ਹਮੇਸ਼ਾ ਲੋਕਾਂ ਨੂੰ ਗੁਮਰਾਹ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ, ਜਿਸ ਨੂੰ ਕਾਇਮ ਰੱਖਣ 'ਚ ਸਰਕਾਰ ਨਾਕਾਮ ਰਹੀ। ਇਸ ਤੋਂ ਇਲਾਵਾ 'ਆਪ' ਨੇ ਪੰਜਾਬ ਵਿੱਚ ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ ਜੋ ਅੱਜ ਤੱਕ ਪੂਰਾ ਨਹੀਂ ਹੋਇਆ। ਹੁਣ ਔਰਤਾਂ ਨੂੰ ਗੁਮਰਾਹ ਕਰਨ ਲਈ 2100 ਰੁਪਏ ਦੇਣ ਦਾ ਵਾਅਦੇ ਕੀਤੇ ਜਾ ਰਹੇ ਹਨ। ਬਾਜਵਾ ਨੇ ਕਿਹਾ ਕਿ 'ਆਪ' ਨੇ ਲੋਕਾਂ ਨੂੰ ਝੂਠ ਬੋਲਣ ਦੀ ਰਾਜਨੀਤੀ ਹੀ ਕੀਤੀ ਹੈ।

## ਨਵਜੰਮੇ ਬੱਚੇ ਨੂੰ ਦੇਖਣ ਲਈ ਤਰਸ ਰਹੀ ਮਾਂ ਨੇ ਚੁੱਕਿਆ ਖ਼ੌਫ਼ਨਾਕ ਕਦਮ



ਗੜ੍ਹਸ਼ੰਕਰ: ਗੜ੍ਹਸ਼ੰਕਰ ਦੇ ਵਾਰਡ 12 ਵਿਖੇ ਸਹੁਰੇ ਪਰਿਵਾਰ ਤੋਂ ਦੁੱਖੀ ਹੋ ਕੇ ਇੱਕ 26 ਸਾਲਾਂ ਮੁਟਿਆਰ ਵਲੋਂ ਪੱਖੇ ਨਾਲ ਲਟਕ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੇਕੇ ਪਰਿਵਾਰ ਨੇ ਆਰੋਪ ਲਗਾਇਆ ਕਿ ਉਨ੍ਹਾਂ ਦੀ ਧੀ ਕਾਂਤਾ ਦੇਵੀ ਉੱਮਰ 26 ਸਾਲ ਦਾ ਵਿਆਹ ਗਗਨਦੀਪ ਵਾਸੀ ਰਾਮ ਨਗਰ ਵਾਰਡ 12 ਦੇ ਨਾਲ ਇੱਕ ਸਾਲ ਪਹਿਲਾਂ ਰੀਤੀ ਰਿਵਾਜਾਂ ਅਤੇ ਧੂਮਧਾਮ ਨਾਲ ਕੀਤਾ ਸੀ। ਉਨ੍ਹਾਂ ਦਸਿਆ ਕਿ ਵਿਆਹ ਤੋਂ ਕੁੱਝ ਸਮਾਂ ਬਾਅਦ ਹੀ ਉਨ੍ਹਾਂ ਦੀ ਲੜਕੀ ਨੂੰ ਸਹੁਰੇ ਪਰਿਵਾਰ ਵਲੋਂ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ ਗਿਆ। ਲੜਕੀ ਦੇ ਭਰਾ ਨੇ ਦਸਿਆ ਕਿ ਮਾਰਚ ਮਹੀਨੇ ਲੜਕੀ ਦੇ ਵਿਆਹ ਨੂੰ ਮਾਰਚ ਵਿੱਚ 1 ਸਾਲ ਹੋਣਾ ਸੀ। ਜਦੋਂ ਉਨ੍ਹਾਂ ਦੀ ਭੈਣ ਦਾ ਬੇਟਾ ਬਿਮਾਰ ਹੋਇਆ ਤਾਂ ਹਸਪਤਾਲ ਦਾਖ਼ਲ ਹੋਣ ਦੇ ਬਾਵਜੂਦ ਲੜਕੀ ਨੂੰ ਆਪਣੇ ਬੱਚੇ ਨਾਲ ਸਹੁਰਾ ਪਰਿਵਾਰ ਵਲੋਂ ਮਿਲਣ ਤਕ ਨਹੀਂ ਦਿੱਤਾ ਗਿਆ ਸਗੋਂ ਉਨ੍ਹਾਂ ਦੀ ਬੇਟੀ ਨੂੰ ਬੀਮਾਰ ਰਹਿਣ ਦੇ ਆਰੋਪ ਲਗਾਏ ਗਏ। ਉਨ੍ਹਾਂ ਦਸਿਆ ਕਿ ਅੱਜ ਉਨ੍ਹਾਂ ਦੀ ਲੜਕੀ ਨੇ ਸਹੁਰੇ ਪਰਿਵਾਰ ਤੋਂ ਦੁਖੀ ਹੋ ਕੇ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਗਈ। ਉੱਧਰ ਇਸ ਹਾਦਸੇ ਉਪਰੰਤ ਥਾਣਾ ਗੜ੍ਹਸ਼ੰਕਰ ਏ.ਐੱਸ.ਆਈ. ਕੌਸ਼ਲ ਚੰਦਰ ਨੇ ਦਸਿਆ ਕਿ ਮ੍ਰਿਤਕ ਦੇਹ ਨੂੰ ਪੋਸਟਮਾਰਟਮ ਲਈ ਸਿਵਿਲ ਹਸਪਤਾਲ ਵਿੱਚ ਰੱਖਿਆ ਗਿਆ ਹੈ ਅਤੇ ਪੇਕੇ ਪਰਿਵਾਰ ਦੇ ਬਿਆਨਾਂ ਦੇ ਆਧਾਰ 'ਤੇ ਬਨਦੀ ਕਾਰਵਾਈ ਕੀਤੀ ਜਾਵੇਗੀ।

## ਇੱਕੋ ਪਰਿਵਾਰ ਦੇ ਚਾਰ ਜੀਆਂ ਦੀ ਮੌਤ, ਆਸ਼ਰਮ ਦੇ ਕਮਰੇ ਵਿਚੋਂ ਮਿਲੀਆਂ ਲਾਸ਼ਾਂ



ਕਰੌਲੀ। ਰਾਜਸਥਾਨ ਦੇ ਕਰੌਲੀ ਜ਼ਿਲ੍ਹੇ ਦੇ ਮਹਿੰਦੀਪੁਰ ਬਾਲਾਜੀ ਵਿਚ ਇਕ ਵਾਰ ਫਿਰ ਸਨਸਨੀਖੇਜ਼ ਖ਼ਬਰ ਸਾਹਮਣੇ ਆਈ ਹੈ। ਜਾਣਕਾਰੀ ਮੁਤਾਬਕ ਆਸ਼ਰਮ ਦੇ ਅੰਦਰੋਂ ਇੱਕੋ ਪਰਿਵਾਰ ਦੇ ਚਾਰ ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। 12 ਜਨਵਰੀ ਨੂੰ ਦੇਹਰਾਦੂਨ ਤੋਂ ਆਇਆ ਇੱਕ ਪਰਿਵਾਰ ਮਹਿੰਦੀਪੁਰ ਬਾਲਾਜੀ ਦੇ ਰਾਮ ਕ੍ਰਿਸ਼ਨ ਆਸ਼ਰਮ ਵਿਚ ਠਹਿਰਿਆ ਸੀ, ਜਿਸ ਵਿੱਚ ਮਾਤਾ-ਪਿਤਾ ਅਤੇ ਪੁੱਤ ਅਤੇ ਧੀ ਸ਼ਾਮਲ ਸਨ। ਮਾਮਲੇ ਦੀ ਸੂਚਨਾ ਟੋਡਾਭੀਮ ਪੁਲਿਸ ਨੂੰ ਦਿੱਤੀ ਗਈ, ਜਿਸ ਤੋਂ ਬਾਅਦ ਪੁਲਿਸ ਉਪ ਮੰਡਲ ਅਧਿਕਾਰੀ ਮੁਰਾਰੀ ਲਾਲ ਮੀਨਾ ਥਾਣਾ ਅਧਿਕਾਰੀ ਦੇਵੇਂਦਰ ਸ਼ਰਮਾ ਦੇ ਨਾਲ ਮੌਕੇ 'ਤੇ ਪਹੁੰਚੀ। ਇਕੱਠੇ ਚਾਰ ਲੋਕਾਂ ਦੀਆਂ ਲਾਸ਼ਾਂ ਮਿਲਣ ਦੀ ਖ਼ਬਰ ਨਾਲ ਆਸ਼ਰਮ 'ਚ ਹਲਚਲ ਮਚ ਗਈ। ਪੁਲਿਸ ਨੂੰ ਸੂਚਨਾ ਮਿਲਣ ਤੋਂ ਬਾਅਦ ਟੋਡਾਭੀਮ ਅਤੇ ਕਰੌਲੀ ਤੋਂ ਜ਼ਿਲ੍ਹਾ ਪੁਲਿਸ ਸੁਪਰਡੈਂਟ ਬ੍ਰਿਜੇਸ਼ ਜੋਤੀ ਉਪਾਧਿਆਏ ਮੌਕੇ 'ਤੇ ਪਹੁੰਚੇ। ਘਟਨਾ ਦੀ ਜਾਂਚ ਤੋਂ ਬਾਅਦ ਆਧਾਰ ਕਾਰਡ ਮਿਲਿਆ ਅਤੇ ਇਸ ਦੇ ਜ਼ਰੀਏ ਚਾਰ ਲਾਸ਼ਾਂ ਦੀ ਪਛਾਣ ਕੀਤੀ ਗਈ। ਮ੍ਰਿਤਕਾਂ ਦੀ ਪਛਾਣ ਸੁਰੇਂਦਰ ਕੁਮਾਰ ਉਪਾਧਿਆਏ (60), ਕਮਲੇਸ਼ (55), ਨਿਤਿਨ (32) ਅਤੇ ਨੀਲਮ (25) ਵਾਸੀ ਰਾਮਪੁਰ ਦੇਹਰਾਦੂਨ, ਉਤਰਾਖੰਡ ਵਜੋਂ ਹੋਈ ਹੈ। ਜ਼ਿਲ੍ਹਾ ਪੁਲਿਸ ਮੁਖੀ ਨੇ ਦੱਸਿਆ ਕਿ ਇਹ ਪਰਿਵਾਰ 12 ਜਨਵਰੀ ਨੂੰ ਮਹਿੰਦੀਪੁਰ ਬਾਲਾਜੀ ਆਇਆ ਸੀ। ਚਾਰਾਂ ਵਿੱਚੋਂ ਦੋ ਮੰਜੇ 'ਤੇ ਅਤੇ ਦੋ ਹੇਠਾਂ ਲੇਟੇ ਹੋਏ ਸਨ। ਇਸ ਤੋਂ ਬਾਅਦ ਲਾਸ਼ਾਂ ਨੂੰ ਪੋਸਟਮਾਰਟਮ ਲਈ ਲਿਜਾਇਆ ਗਿਆ।

## ਤੱਟ ਰੱਖਿਅਕਾਂ ਨੇ ਲਕਸ਼ਦੀਪ ਵਿੱਚ ਲਾਪਤਾ ਕਿਸ਼ਤੀ 'ਚੋਂ 54 ਯਾਤਰੀ ਬਚਾਏ



ਨਵੀਂ ਦਿੱਲੀ। ਭਾਰਤੀ ਤੱਟ ਰੱਖਿਅਕ (ICG) ਦੇ ਜਹਾਜ਼ ਨੇ ਕੇਂਦਰ ਸ਼ਾਸਿਤ ਪ੍ਰਦੇਸ਼ ਲਕਸ਼ਦੀਪ ਵਿੱਚ ਇੱਕ ਲਾਪਤਾ ਕਿਸ਼ਤੀ ਵਿੱਚੋਂ 22 ਔਰਤਾਂ ਅਤੇ 23 ਬੱਚਿਆਂ ਸਮੇਤ 54 ਯਾਤਰੀਆਂ ਨੂੰ ਬਚਾਇਆ। ਕਿਸ਼ਤੀ ਕਵਾਰੱਤੀ ਤੋਂ ਸੁਹੇਲੀਪਰ ਟਾਪੂ ਵੱਲ ਜਾ ਰਹੀ ਸੀ। ਲਕਸ਼ਦੀਪ ਤੋਂ ਇੱਕ ਕਿਸ਼ਤੀ ਦੇ ਲਾਪਤਾ ਹੋਣ ਬਾਰੇ ਇੱਕ ਸੰਕਟ ਕਾਲ ਮਿਲਣ ਤੋਂ ਬਾਅਦ, ਜਿਸ ਵਿੱਚ 54 ਲੋਕ ਸਵਾਰ ਸਨ, ਆਈਸੀਜੀ ਨੇ ਤੇਜ਼ੀ ਨਾਲ ਕਾਰਵਾਈ ਸ਼ੁਰੂ ਕੀਤੀ। ਆਈਸੀਜੀ ਨੇ ਬੁੱਧਵਾਰ ਨੂੰ ਐਕਸ 'ਤੇ ਪੋਸਟ ਕੀਤਾ ਕਿ "#UTLAadminstraiton, ਲਕਸ਼ਦੀਪ ਤੋਂ ਇੱਕ ਸੰਕਟ ਕਾਲ ਦਾ ਜਵਾਬ ਦਿੰਦੇ ਹੋਏ, ਕਾਵਰਤੀ ਤੋਂ ਸੁਹੇਲੀਪਰ ਟਾਪੂ ਜਾ ਰਹੀ ਲਾਪਤਾ ਕਿਸ਼ਤੀ ਮੁਹੰਮਦ ਕਾਸਿਮ-1 ਬਾਰੇ ਸੂਚਿਤ ਕੀਤਾ ਗਿਆ ਹੈ, ਜਿਸ ਵਿੱਚ 54 ਲੋਕ (03 ਚਾਲਕ ਦਲ) ਸਵਾਰ ਸਨ। ਚਾਲਕ ਦਲ (09 (ਜਹਾਜ਼ ਵਿੱਚ 22 ਆਦਮੀ, 23 ਔਰਤਾਂ ਅਤੇ 22 ਬੱਚੇ ਸਵਾਰ ਸਨ।) ਭਾਰਤੀ ਤੱਟ ਰੱਖਿਅਕਾਂ ਨੇ ਤੇਜ਼ੀ ਨਾਲ ਸ਼ਯੂ ਕਾਰਵਾਈ ਸ਼ੁਰੂ ਕੀਤੀ। ਕੋਸਟਲ ਨਿਗਰਾਨੀ ਪ੍ਰਣਾਲੀ ਰਾਹੀਂ IFB ਦਾ ਪਤਾ ਲਗਾਇਆ ਗਿਆ ਅਤੇ ਸ਼ਾਮ 4:00 ਵਜੇ ICG ਜਹਾਜ਼ ਨੇ 54 ਯਾਤਰੀਆਂ ਨੂੰ ਸੁਰੱਖਿਅਤ ਬਾਹਰ ਕੱਢ ਕੇ ਕਵਾਰਤੀ ਵਾਪਸ ਭੇਜ ਦਿੱਤਾ।

## ਸੂਬੇਦਾਰ ਦੀ ਡਿਊਟੀ ਦੌਰਾਨ ਦਿਲ ਦਾ ਦੌਰਾ ਪੈਣ ਕਾਰਨ ਮੌਤ

### ਸੇਵਾ ਮੁਕਤੀ ਵਿਚ ਅੱਠ ਮਹੀਨਿਆਂ ਦਾ ਬਾਕੀ ਰਹਿ ਗਿਆ ਸੀ ਸਮਾਂ



ਫਾਜ਼ਿਲਕਾ। ਭਾਰਤੀ ਫ਼ੌਜ ਵਿਚ ਡਿਊਟੀ ਨਿਭਾਅ ਰਹੇ ਸੂਬੇਦਾਰ ਬਲਜਿੰਦਰ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਸੂਬੇਦਾਰ ਫ਼ਾਜ਼ਿਲਕਾ ਦੇ ਪਿੰਡ ਬੰਨਾਵਾਲਾ ਦਾ ਰਹਿਣ ਵਾਲਾ ਸੀ। ਬਲਜਿੰਦਰ ਸਿੰਘ ਪੁੱਤਰ ਆਤਮਾ ਸਿੰਘ ਉਮਰ ਲਗਭਗ 45 ਸਾਲ 1811 ਲਾਈਟ ਰੈਜੀਮੈਂਟ ਵਿਚ ਬਤੌਰ ਸੂਬੇਦਾਰ ਆਪਣੀਆਂ ਸੇਵਾਵਾਂ ਹੈਦਰਾਬਾਦ ਵਿਖੇ ਨਿਭਾਅ ਰਹੇ ਸਨ। ਜਾਣਕਾਰੀ ਅਨੁਸਾਰ ਕੁਝ ਦਿਨ ਪਹਿਲਾਂ ਉਨ੍ਹਾਂ ਦੇ ਪੇਟ ਵਿਚ ਇਨਫੈਕਸ਼ਨ ਹੋ ਗਈ। ਜਿਸ ਤੋਂ ਬਾਅਦ ਉਨ੍ਹਾਂ ਨੂੰ ਮਿਲਟਰੀ ਹਸਪਤਾਲ ਸਿਕੰਦਰਾਬਾਦ ਵਿਖੇ ਭਰਤੀ ਕਰਵਾਇਆ ਗਿਆ ਸੀ ਪਰ ਬੀਤੇ ਦਿਨ ਦਿਲ ਦਾ ਦੌਰਾ ਪੈਣ ਨਾਲ ਉਨ੍ਹਾਂ ਦੀ ਮੌਤ ਹੋ ਗਈ। ਮ੍ਰਿਤਕ ਦੇਹ ਨੂੰ ਆਰਮੀ ਵਲੋਂ ਉਨ੍ਹਾਂ ਦੇ ਪਿੰਡ ਲਿਆਂਦਾ ਗਿਆ ਅਤੇ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਸੈਨਿਕ ਰਸਮਾਂ ਨਾਲ 16 ਜਨਵਰੀ ਨੂੰ ਸਵੇਰੇ 10 ਵਜੇ ਪਿੰਡ ਬੰਨਾਵਾਲਾ ਦੇ ਸ਼ਮਸ਼ਾਨਘਾਟ ਵਿਖੇ ਕੀਤਾ ਜਾਣਾ ਹੈ। ਬਲਜਿੰਦਰ ਸਿੰਘ ਦੀ ਸੇਵਾ ਮੁਕਤੀ ਵਿਚ ਅੱਠ ਮਹੀਨਿਆਂ ਦਾ ਸਮਾਂ ਬਾਕੀ ਰਹਿ ਗਿਆ ਸੀ। ਉਨ੍ਹਾਂ ਨੂੰ ਸੈਨਾ ਵਲੋਂ 26 ਜਨਵਰੀ ਨੂੰ ਪਦਉਨਤ ਕਰਕੇ ਆਨਰੇਰੀ ਲੈਫਟੀਨੈਂਟ ਅਤੇ 15 ਅਗਸਤ ਨੂੰ ਆਨਰੇਰੀ ਕੈਪਟਨ ਬਣਾਇਆ ਜਾਣਾ ਸੀ। ਜਿਵੇਂ ਹੀ ਉਨ੍ਹਾਂ ਦੀ ਮੌਤ ਦੀ ਖ਼ਬਰ ਮਿਲੀ ਤਾਂ ਸਾਰੇ ਪਿੰਡ ਵਿਚ ਸੋਗ ਦੀ ਲਹਿਰ ਦੌੜ ਗਈ। ਉਹ ਆਪਣੇ ਪਿੱਛੇ ਆਪਣੇ ਬਜ਼ੁਰਗ ਮਾਤਾ-ਪਿਤਾ, ਪਤਨੀ, ਇਕ ਲੜਕਾ ਅਤੇ ਲੜਕੀ ਨੂੰ ਛੱਡ ਗਏ ਹਨ।

## ਲੋਹੜੀ ਮਨਾ ਰਹੇ ਪਰਿਵਾਰ 'ਤੇ ਚੜ੍ਹਾ ਦਿੱਤੀ ਗੱਡੀ, ਘਰ 'ਚ ਵਿੱਛ ਗਏ ਸੱਥਰ



ਪਟਿਆਲਾ। ਪਟਿਆਲਾ ਦੇ ਵਿੱਚ ਦੇਰ ਰਾਤ ਲੋਹੜੀ ਮਨਾ ਰਹੇ ਇਕ ਧੰ਼ਾ ਕਲੋਨੀ ਵਿੱਚ ਤੇਜ਼ ਰਫ਼ਤਾਰ ਗੱਡੀ ਨੇ ਸੱਥਰ ਵਿਛਾ ਦਿੱਤੇ। ਗੱਡੀ ਚਾਲਕ ਨੇ ਲੋਹੜੀ ਮਨਾ ਰਹੇ ਪਰਿਵਾਰ 'ਤੇ ਤੇਜ਼ ਰਫ਼ਤਾਰ ਗੱਡੀ ਚੜ੍ਹਾ ਦਿੱਤੀ। ਮੌਕੇ 'ਤੇ ਚਸ਼ਮਦੀਦ ਦੇ ਅਨੁਸਾਰ ਡੀ ਸੀ ਡਬਲਿਊ ਕਲੋਨੀ ਪਟਿਆਲਾ 'ਚ ਕੱਲ ਦੇਰ ਰਾਤ 10:30 ਵਜੇ ਦੇ ਕਰੀਬ ਉਹ ਆਪਣੇ ਗੁਆਂਢੀਆਂ ਦੇ ਨਾਲ ਲੋਹੜੀ ਮਨਾ ਰਹੇ ਸਨ ਤਾਂ ਇਨੇ ਨੂੰ ਇੱਕ ਤੇਜ਼ ਰਫ਼ਤਾਰ ਗੱਡੀ ਉਹਨਾਂ ਦੇ ਵੱਲ ਆ ਗਈ ਅਤੇ ਇਸ ਗੱਡੀ ਨੇ ਬੱਚਿਆਂ ਸਮੇਤ ਬਜ਼ੁਰਗ ਤੇ ਇੱਕ ਨੌਜਵਾਨ ਨੂੰ ਕੁਚਲ ਦਿੱਤਾ ਜਿਸ 'ਚ ਇੱਕ ਅਤੁਲ ਨਮਕ ਵਿਅਕਤੀ ਦੀ ਮੌਕੇ 'ਤੇ ਹੀ ਮੌਤ ਹੋ ਗਈ।ਫ਼ਿਲਹਾਲ ਮੌਕੇ ਉੱਪਰ ਗੱਡੀ ਚਾਲਕ ਨੂੰ ਤਾਂ ਫੜ ਲਿਆ ਗਿਆ ਪਰ ਉਸ ਦੇ ਨਾਲ ਦੇ ਸਾਥੀ ਮੌਕੇ ਉੱਪਰੋਂ ਭੱਜ ਗਏ। ਪੁਲਿਸ ਨੇ ਮ੍ਰਿਤਕ ਅਤੁਲ ਦੀ ਪਤਨੀ ਦੇ ਬਿਆਨਾਂ ਦੇ ਅਧਾਰ ਦੇ ਉੱਪਰ ਮਾਮਲਾ ਦਰਜ ਕਰ ਲਿਆ ਹੈ।

## ਪੰਜਾਬ ਦੀ ਧੀ ਨੇ ਇਟਲੀ ਵਿੱਚ ਨਾਂਅ ਕੀਤਾ ਰੌਸ਼ਨ

### ਨਵਦੀਪ ਕੌਰ ਥਿਆੜਾ ਨੇ ਡਾਕਟਰੇਟ ਦੀ ਡਿਗਰੀ ਕੀਤੀ ਹਾਸਿਲ

ਰੋਮ। ਇਟਲੀ ਦੇ ਭਾਰਤੀ ਬੱਚਿਆਂ ਨੇ ਵਿੱਦਿਆਕ ਖੇਤਰਾਂ ਵਿੱਚ ਜਿਸ ਤਰ੍ਹਾਂ ਕਾਮਯਾਬੀ ਦੀ ਧੂਮ ਮਚਾਉਂਦਿਆਂ ਮਾਪਿਆਂ ਸਮੇਤ ਮਹਾਨ ਭਾਰਤ ਦਾ ਨਾਮ ਚੁਫੇਰੇ ਰੁਸ਼ਨਾਇਆ ਹੈ ਉਹ ਆਪਣੇ ਆਪ ਵਿੱਚ ਇੱਕ ਇਤਿਹਾਸਕ ਮਿਸਾਲ ਬਣ ਰਿਹਾ ਹੈ ਇਸ ਸਲਾਂਘਾਯੋਗ ਕਾਰਜ ਵਿੱਚ ਹੁਣ ਇੱਕ ਨਾਮ ਪੰਜਾਬ ਦੀ ਹੋਣਹਾਰ ਤੇ ਮਾਪੇ ਪਰਵਿੰਦਰ ਸਿੰਘ ਥਿਆੜਾ, ਪਰਮਜੀਤ ਕੌਰ ਥਿਆੜਾ ਦੀ ਲਾਡਲੀ ਧੀ ਨਵਦੀਪ ਕੌਰ ਥਿਆੜਾ ਦਾ ਜੁੜ ਗਿਆ ਹੈ ਜਿਸ ਨੇ ਰਿਜੋ ਇਮਿਲੀਆ ਤੇ ਮੋਦਨਾ ਦੀ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਪਹਿਲੇ ਨੰਬਰ ਵਿੱਚ 110/110 ਕਰਕੇ ਇੱਕ ਵਾਰ ਫਿਰ ਪ੍ਰਮਾਣਿਤ ਕਰ ਦਿੱਤਾ ਕਿ ਪੰਜਾਬ ਦੀਆਂ ਧੀਆਂ ਵਿੱਦਿਆਕ ਖੇਤਰਾਂ ਵਿੱਚ ਕਿਸੇ ਤੋਂ ਘੱਟ ਨਹੀਂ। ਨਵਦੀਪ ਕੌਰ (25) ਜਿਸ ਦਾ ਜਨਮ ਪਿੰਡ ਸੀਕਰੀ ਜਿਲਾ ਹੁਸ਼ਿਆਰਪੁਰ ਪੰਜਾਬ ਚ ਹੋਇਆ ਮਹਿਜ ਉਹ ਚਾਰ ਸਾਲ ਦੀ ਸੀ ਤਾਂ ਪੰਜਾਬ ਤੋਂ ਪਰਿਵਾਰ ਨਾਲ ਸੰਨ 2004 ਵਿੱਚ ਇਟਲੀ ਆ ਗਈ।ਉਸਨੇ ਆਪਣੀ ਸਾਰੀ ਪੜ੍ਹਾਈ ਸਕੂਲ ਤੋਂ ਲੈ ਕੇ ਯੂਨੀਵਰਸਿਟੀ ਤੱਕ ਦੀ ਪੜ੍ਹਾਈ ਹੋਣਹਾਰ ਵਿੱਦਿਆਰਥੀਆਂ ਵਜੋਂ ਇਟਲੀ ਚ ਕੀਤੀ। ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਗੱਲਬਾਤ ਕਰਦੇ ਨਵਦੀਪ ਕੌਰ ਨੇ ਦੱਸਿਆ ਕਿ ਉਸ ਦੀ ਮੁੱਢ ਤੋਂ ਹੀ ਪੜ੍ਹਾਈ ਵਿੱਚ ਬਹੁਤ ਰੁਚੀ ਸੀ ਤੇ ਇਸ ਰੁਚੀ ਦੀ ਵੇਲ੍ਹ ਨੂੰ ਅੱਜ ਵੱਡਾ ਦਰਖੱਤ ਬਣਾਉਣ ਵਿੱਚ ਅਹਿਮ ਰੋਲ ਅਦਾ ਕੀਤਾ ਉਸ ਦੇ ਮਾਪਿਆਂ ਨੇ ਜਿਹਨਾਂ ਨੇ ਹੌਸਲਾ ਅਫ਼ਜਾਈ ਨਾਲ ਮਾਰਗ ਦਰਸ਼ਨ ਕੀਤਾ। ਅੱਜ ਜਿਸ ਮੁਕਾਮ ਤੇ ਉਹ ਪਹੁੰਚੀ ਉਹ ਮਾਪਿਆਂ ਦੇ ਆਸ਼ੀਰਵਾਦ ਨਾਲ ਹੀ ਸੰਭਵ ਹੋਇਆ ਹੈ ।ਨਵਦੀਪ ਕੌਰ ਘਰ ਦੀ ਆਰਥਿਕਤਾ ਵਿੱਚ ਆਪਣੇ ਪਰਿਵਾਰ ਨਾਲ ਮੁੰਡਿਆਂ ਵਾਂਗਰ ਜਿੰਮੇਵਾਰੀ ਨਿਭਾਅ ਰਹੀ ਹੈ ਉਹ ਪੜ੍ਹਾਈ ਦੇ ਨਾਲ ਨਾਲ ਪਾਰਟ ਟਾਈਮ ਕੰਮ ਵੀ ਕਰ ਰਹੀ ਹੈ। ਰਿਜੋ ਇਮਿਲੀਆ ਤੇ ਮੋਦਨਾ ਦੀ ਯੂਨੀਵਰਸਿਟੀ ਤੋਂ ਮਾਰਕਟਿੰਗ ਐਂਡ ਆਰਗੇਨਾਈਜ਼ੇਸ਼ਨ ਆਫ਼ ਇੰਟਰਪ੍ਰਾਈਜ਼ਜ਼ ਦੀ ਡਿਗਰੀ 110/110 ਨੰਬਰ ਲੈਕੇ ਟਾਪ ਕੀਤਾ ਹੈ।

## ਪੰਜਾਬ ਦੇ ਡੀਸੀ ਦਫ਼ਤਰਾਂ 'ਚ ਅਗਲੇ ਪੰਜ ਦਿਨਾਂ ਤਕ ਨਹੀਂ ਹੋਵੇਗਾ ਕੋਈ ਕੰਮ

ਚੰਡੀਗੜ੍ਹ: ਪੰਜਾਬ ਵਿਚ ਅੱਜ ਤੋਂ ਅਗਲੇ ਪੰਜ ਦਿਨਾਂ ਤਕ ਡੀ.ਸੀ. ਦਫ਼ਤਰਾਂ ਵਿਚ ਕੰਮਕਾਜ ਠੱਪ ਰਹੇਗਾ। ਡੀਸੀ ਦਫ਼ਤਰ ਵਿਚ ਕੰਮ ਕਰਦੇ ਮੁਲਾਜ਼ਮ 3 ਦਿਨਾਂ ਤੋਂ ਹੜਤਾਲ 'ਤੇ ਹਨ ਅਤੇ ਸਨਿਚਰਵਾਰ-ਐਤਵਾਰ ਨੂੰ ਦਫ਼ਤਰ ਵਿਚ ਛੁੱਟੀ ਹੁੰਦੀ ਹੈ। ਹੜਤਾਲ ਕਾਰਨ ਤਹਿਸੀਲਾਂ ਵਿਚ ਰਜਿਸਟਰੀ ਦੇ ਕੰਮ ਦੇ ਨਾਲ-ਨਾਲ ਹੋਰ ਦਫ਼ਤਰੀ ਕੰਮ ਵੀ ਬੰਦ ਰਹਿਣਗੇ। ਮੁਲਾਜ਼ਮਾਂ ਨੇ ਕਿਹਾ ਹੈ ਕਿ ਜੇਕਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਮੰਨ ਲੈਂਦੀ ਹੈ ਤਾਂ ਸੋਮਵਾਰ ਤੋਂ ਮੁੜ ਕੰਮ ਸ਼ੁਰੂ ਕੀਤਾ ਜਾ ਸਕਦਾ ਹੈ। ਡੀਸੀ ਦਫ਼ਤਰ ਦੇ ਮੁਲਾਜ਼ਮ ਆਪਣੀਆਂ ਮੰਗਾਂ ਨੂੰ ਲੈ ਕੇ ਅੱਜ ਸਾਰੇ ਜ਼ਿਲ੍ਹਿਆਂ ਵਿਚ ਰੋਸ ਪ੍ਰਦਰਸ਼ਨ ਕਰਨਗੇ। ਇਸ ਕਾਰਨ ਕੰਮ ਠੱਪ ਰਹੇਗਾ। ਇੰਪਲਾਈਜ਼ ਯੂਨੀਅਨ ਦੇ ਸੂਬਾ ਪ੍ਰਧਾਨ ਤੇਜਿੰਦਰ ਸਿੰਘ ਨੰਗਲ ਨੇ ਕਿਹਾ ਕਿ ਸਰਕਾਰ ਸਾਡੀਆਂ ਮੰਗਾਂ ਵਲ ਕੋਈ ਧਿਆਨ ਨਹੀਂ ਦੇ ਰਹੀ। ਇਸ ਕਾਰਨ ਹੜਤਾਲ 'ਤੇ ਜਾਣ ਦਾ ਫ਼ੈਸਲਾ ਲਿਆ ਗਿਆ ਹੈ।

# ਕਿਸਾਨ ਧਿਰਾਂ ਦੀ ਮੀਟਿੰਗ ’ਚ ਏਕੇ ’ਤੇ ਜ਼ੋਰ

## ਸੁਖਾਵੇਂ ਮਾਹੌਲ ’ਚ ਗੱਲਬਾਤ ਹੋਣ ਦਾ ਦਾਅਵਾ, 18 ਨੂੰ ਮੁੜ ਮੀਟਿੰਗ ਸੱਦੀ



ਪਟਿਆਲਾ: ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਕੇਂਦਰ ’ਤੇ ਦਬਾਅ ਪਾਉਣ ਵਾਸਤੇ ਸਾਂਝਾ ਅੰਦੋਲਨ ਚਲਾਉਣ ਦੇ ਇਰਾਦੇ ਨਾਲ ਅੱਜ ਸੰਯੁਕਤ ਕਿਸਾਨ ਮੋਰਚਾ (ਐੱਸਕੇਐੱਮ) ਦੇ ਆਗੂਆਂ ਨੇ ਪਾਤੜਾਂ ’ਚ ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਦੇ ਵਫ਼ਦ ਨਾਲ ਮੀਟਿੰਗ ਕੀਤੀ। ਕਿਸਾਨ ਜਥੇਬੰਦੀਆਂ ’ਚ ਏਕੇ ’ਤੇ ਜ਼ੋਰ ਦਿੰਦਿਆਂ ਤਿੰਨੋਂ ਜਥੇਬੰਦੀਆਂ ਨੇ 18 ਜਨਵਰੀ ਨੂੰ ਮੁੜ ਮੀਟਿੰਗ ਕਰਨ ਦਾ ਫ਼ੈਸਲਾ ਲਿਆ ਹੈ। ਉਂਝ ਮੀਟਿੰਗ ਸੁਖਾਵੇਂ ਮਾਹੌਲ ’ਚ ਹੋਈ, ਜਿਸ ਦੌਰਾਨ ਵੱਖ ਵੱਖ ਪਹਿਲੂਆਂ ’ਤੇ ਗੰਭੀਰਤਾ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ ਪਰ ਏਕਤਾ ’ਤੇ ਮੋਹਰ ਨਾ ਲੱਗੀ। ਮੀਟਿੰਗ ’ਚ ਐੱਸਕੇਐਮ ਦੀ ਛੇ ਮੈਂਬਰੀ ਤਾਲਮੇਲ ਕਮੇਟੀ ਦੇ ਜੋਗਿੰਦਰ ਸਿੰਘ ਉਗਰਾਹਾਂ, ਯੁੱਧਵੀਰ ਸਿੰਘ, ਬਲਬੀਰ ਸਿੰਘ ਰਾਜੇਵਾਲ, ਰਮਿੰਦਰ ਸਿੰਘ ਪਟਿਆਲਾ, ਡਾ. ਦਰਸ਼ਨਪਾਲ ਅਤੇ ਕ੍ਰਿਸ਼ਨ ਪ੍ਰਸਾਦ ਮੌਜੂਦ ਸਨ। ਉਨ੍ਹਾਂ ਨਾਲ ਮਨਜੀਤ ਧਨੇਰ ਅਤੇ ਝੰਡਾ ਸਿੰਘ ਜੇਠੂਕੇ ਵੀ ਹਾਜ਼ਰ ਸਨ। ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਕਾਕਾ ਸਿੰਘ ਕੋਟੜਾ, ਸਰਵਣ ਸਿੰਘ ਪੰਧੇਰ, ਇੰਦਰਜੀਤ ਸਿੰਘ ਕੋਟਬੁੱਢਾ, ਸੁਖਜੀਤ ਸਿੰਘ ਹਰਦੋਝੰਡੇ, ਸੁਰਜੀਤ ਫੂਲ, ਗੁਰਿੰਦਰ ਭੰਗੂ, ਜਸਵਿੰਦਰ ਲੌਂਗੋਵਾਲ, ਜਰਨੈਲ ਚਹਿਲ, ਲਖਵਿੰਦਰ ਔਲਖ, ਅਭਿਮੰਨਿਊ ਕੋਹਾੜ, ਮਨਜੀਤ ਰਾਏ ਅਤੇ ਅਮਰਜੀਤ ਮੋਹੜੀ ਮੀਟਿੰਗ ’ਚ ਮੌਜੂਦ ਸਨ। ਭਾਵੇਂ ਬੰਦ ਕਮਰਾ ਮੀਟਿੰਗ ਦੇ ਅਧਿਕਾਰਤ ਵੇਰਵੇ ਨਹੀਂ ਮਿਲੇ ਹਨ ਪਰ ਸੂਤਰਾਂ ਮੁਤਾਬਕ ਕਿਸੇ ਵੀ ਕਿਸਾਨ ਆਗੂ ਵੱਲੋਂ ਇੱਕ-ਦੂਜੇ ਖ਼ਿਲਾਫ਼ ਕੋਈ ਬਿਆਨਬਾਜ਼ੀ ਨਾ ਕਰਨ ਲਈ ਤਿੰਨੋਂ ਧਿਰਾਂ ’ਚ ਸਹਿਮਤੀ ਬਣੀ ਹੈ।ਜਾਣਕਾਰੀ ਮੁਤਾਬਕ ਇਹ ਵੀ ਫ਼ੈਸਲਾ ਲਿਆ ਗਿਆ ਹੈ ਕਿ ਜੇ ਕਿਸੇ ਗੱਲ ’ਤੇ ਕੋਈ ਗਿਲਾ-ਸ਼ਿਕਵਾ ਹੁੰਦਾ ਹੈ ਤਾਂ ਮੀਡੀਆ ’ਚ ਜਾਣ ਦੀ ਬਜਾਏ ਆਪਸ ’ਚ ਮਿਲ-ਬੈਠ ਕੇ ਨਜਿੱਠਿਆ ਜਾਵੇਗਾ। ਇਸ ਫ਼ੈਸਲੇ ਨੂੰ ਕਿਸਾਨ ਧਿਰਾਂ ’ਚ ਏਕਤਾ ਵੱਲ ਵੱਧ ਰਹੇ ਕਦਮ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਅੰਦੋਲਨ ਸਬੰਧੀ ਸਾਰੀਆਂ 12 ਮੰਗਾਂ ਨਾਲ ਕਮੇਟੀ ਮੈਂਬਰ ਸਹਿਮਤ ਹੋਏ ਹਨ ਅਤੇ ਖੇਤੀ ਮੰਡੀ ਦੇ ਖਰੜੇ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਪ੍ਰਮੁੱਖਤਾ ਨਾਲ ਉਭਾਰਨ ’ਤੇ ਵੀ ਚਰਚਾ ਹੋਈ ਹੈ। ਇਸੇ ਤਰ੍ਹਾਂ ਬਿਜਲੀ ਨਿੱਜੀਕਰਨ ਅਤੇ ਜ਼ਮੀਨਾਂ ਐਕੁਆਇਰ ਕਰਨ ਸਬੰਧੀ ਮੰਗਾਂ ਵੀ ਸੂਚੀ ’ਚ ਸ਼ਾਮਲ ਕਰਨ ’ਤੇ ਵਿਚਾਰ ਵਟਾਂਦਰਾ ਹੋਇਆ। ਪਤਾ ਲੱਗਾ ਹੈ ਕਿ ਗਣਤੰਤਰ ਦਿਵਸ ਮੌਕੇ ਦੇਸ਼ ਭਰ ’ਚ ਕੀਤੇ ਜਾਣ ਵਾਲੇ ਟਰੈਕਟਰ ਮਾਰਚ ਸਬੰਧੀ ਉਲੀਕੇ ਪ੍ਰੋਗਰਾਮਾਂ ਕਾਰਨ ਗੱਲਬਾਤ ਸਿਰੇ ਨਾ ਚੜ੍ਹ ਸਕੀ।ਕਿਹਾ ਜਾ ਰਿਹਾ ਹੈ ਕਿ ਅੱਜ ਦੀ ਇਹ ਮੀਟਿੰਗ ਏਕੇ ਪ੍ਰਤੀ ਇੱਕ-ਦੂਜੀ ਧਿਰ ਦੇ ਮਨ ’ਚ ਸਮੋਏ ਵਿਚਾਰਾਂ ’ਤੇ ਹੀ ਆਧਾਰਿਤ ਹੋ ਨਿੱਬੜੀ। ਇੱਕ ਕਿਸਾਨ ਆਗੂ ਨੇ ਕਿਹਾ ਕਿ ਏਕਤਾ ਨੂੰ ਨੇਪਰੇ ਚਾੜ੍ਹਨ ਲਈ ਵਾਰ-ਵਾਰ ਮੀਟਿੰਗਾਂ ਕਰਨੀਆਂ ਪੈਂਦੀਆਂ ਹਨ। ਮੀਟਿੰਗ ਵਿਚਲੇ ਮਾਹੌਲ ਦੇ ਹਵਾਲੇ ਨਾਲ ਕਈ ਆਗੂ ਏਕਤਾ ਹੋਣ ਸਬੰਧੀ ਆਸਵੰਦ ਨਜ਼ਰ ਆਏ। ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਸਾਨ ਮਜ਼ਦੂਰ ਮੋਰਚਾ ਦੇ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ, ‘‘ਅਸੀਂ 18 ਜਨਵਰੀ ਨੂੰ ਹੋਰ ਮੀਟਿੰਗ ਕਰਨ ਦਾ ਫ਼ੈਸਲਾ ਲਿਆ ਹੈ ਜਿਸ ’ਚ ਅੰਦੋਲਨ ’ਚ ਜਿੱਤ ਹਾਸਲ ਕਰਨ ਅਤੇ ਕਿਸਾਨਾਂ ਦੀਆਂ ਮੰਗਾਂ ਮਨਵਾਉਣ ਲਈ ਰਣਨੀਤੀ ਬਣਾਉਣ ’ਤੇ ਚਰਚਾ ਹੋਵੇਗੀ। ਲੋਕ ਵੀ ਚਾਹੁੰਦੇ ਹਨ ਕਿ ਅਸੀਂ ਕੇਂਦਰ ਖ਼ਿਲਾਫ਼ ਰਲ ਕੇ ਸੰਘਰਸ਼ ਕਰੀਏ।’’ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੇ ਕਿਹਾ ਕਿ ਕਿਸੇ ਵੀ ਧਿਰ ਦਾ ਆਗੂ ਇਕ-ਦੂਜੇ ਖ਼ਿਲਾਫ਼ ਬਿਆਨਬਾਜ਼ੀ ਨਹੀਂ ਕਰੇਗਾ।

# ਦੋਰਾਹਾ ਦੇ ਤਹਿਸੀਲ ਕੰਪਲੈਕਸ ’ਚ ਸਮੂਹ ਕਿਸਾਨ ਜਥੇਬੰਦੀਆਂ ਨੇ ਕੇਂਦਰੀ ਖੇਤੀ ਮਾਰਕੀਟਿੰਗ ਖਰੜੇ ਦੀਆਂ ਕਾਪੀਆਂ ਸਾੜੀਆਂ



ਦੋਰਾਹਾ: ਸੰਯੁਕਤ ਕਿਸਾਨ ਮੋਰਚੇ ਅਤੇ ਸ਼ੰਭੂ ਤੇ ਖਨੌਰੀ ਬਾਰਡਰਾਂ ਉੱਤੇ ਡਟੀਆਂ ਕਿਸਾਨ ਜਥੇਬੰਦੀਆਂ ਦੇ ਸੱਦੇ ’ਤੇ ਸਮੂਹ ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰੀ ਖੇਤੀ ਮਾਰਕੀਟਿੰਗ ਖਰੜੇ ਦੀਆਂ ਕਾਪੀਆਂ ਇਥੋਂ ਦੇ ਤਹਿਸੀਲ ਕੰਪਲੈਕਸ ਵਿਖੇ ਫੂਕੀਆਂ ਗਈਆਂ। ਇਸ ਮੌਕੇ ਵੱਖ ਵੱਖ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੇ ਦੱਸਿਆ ਕਿ ਇਹ ਨਵਾਂ ਖੇਤੀ ਖਰੜਾ ਰੱਦ ਕੀਤੇ ਤਿੰਨ ਪੁਰਾਣੇ ਖੇਤੀ ਕਾਨੂੰਨਾਂ ਦਾ ਦੁਹਰਾਅ ਹੈ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਾਫ਼ੀ ਮੰਗ ਕੇ ਵਾਪਸ ਲਏ ਸਨ। ਉਨ੍ਹਾਂ ਕਿਹਾ ਕਿ ਇਸ ਨੀਤੀ ’ਤੇ ਚੱਲਦਿਆਂ ਕੇਂਦਰ ਸਰਕਾਰ ਜਨਤਕ ਵੰਡ ਪ੍ਰਣਾਲੀ ਦਾ ਗਲਾ ਘੋਟਣਾ ਚਾਹੁੰਦੀ ਹੈ ਜਿਸ ਤਹਿਤ ਗਰੀਬ ਵਰਗ ਨੂੰ ਸਸਤਾ ਆਟਾ ਦਾਲ ਮਿਲਦਾ ਹੈ। ਇਸ ਦੀ ਠੋਸ ਉਦਾਹਰਣ ਮਹਾਰਾਸ਼ਟਰ ਹੈ ਜਿੱਥੇ ਸਰਕਾਰ ਨੇ 32 ਲੱਖ ਰਾਸ਼ਨ ਕਾਰਡ ਡਾਇਰੈਕਟ ਲਾਭ ਟਰਾਂਸਫਰ ਸਕੀਮ ਤਹਿਤ ਬੈਂਕ ਖਾਤਿਆਂ ਨਾਲ ਜੋੜ ਕੇ ਰਾਸ਼ਨ ਦੇਣਾ ਬੰਦ ਕਰ ਦਿੱਤਾ ਹੈ। ਮੋਦੀ ਸਰਕਾਰ ਇਹ ਕਾਨੂੰਨ ਸੂਬਾ ਸਰਕਾਰਾਂ ਤੋਂ ਲਾਗੂ ਕਰਵਾ ਕੇ ਕਾਰਪੋਰੇਟ ਦੇ ਹੱਕ ਵਿਚ ਭੁਗਤਣਾ ਚਾਹੁੰਦੀ ਹੈ, ਪਰ ਭਾਰਤ ਦੇ ਲੋਕ ਸਰਕਾਰ ਦੇ ਇਨ੍ਹਾਂ ਵਿਰੋਧੀ ਮਨਸੂਬਿਆਂ ਨੂੰ ਕਾਮਯਾਬ ਨਹੀਂ ਹੋਣ ਦੇਣਗੇ।

# ਸ਼ਾਹੀ ਈਦਗਾਹ ਵਿਵਾਦ: ਮਸਜਿਦ ਕਮੇਟੀ ਦੀ ਅਰਜ਼ੀ ’ਤੇ ਸੁਣਵਾਈ ਭਲਕੇ



ਨਵੀਂ ਦਿੱਲੀ: ਸੁਪਰੀਮ ਕੋਰਟ ਵੱਲੋਂ ਮਥੁਰਾ ’ਚ ਕ੍ਰਿਸ਼ਨ ਜਨਮਭੂਮੀ-ਸ਼ਾਹੀ ਈਦਗਾਹ ਵਿਵਾਦ ਮਾਮਲੇ ’ਤੇ ਮਸਜਿਦ ਪ੍ਰਬੰਧਕੀ ਕਮੇਟੀ ਦੀ ਅਪੀਲ ਉਪਰ 15 ਜਨਵਰੀ ਨੂੰ ਸੁਣਵਾਈ ਕੀਤੀ ਜਾਵੇਗੀ। ਅਲਾਹਾਬਾਦ ਹਾਈ ਕੋਰਟ ਦੇ ਸਿੰਗਲ ਜੱਜ ਬੈਂਚ ਨੇ ਪਿਛਲੇ ਸਾਲ ਪਹਿਲੀ ਅਗਸਤ ਨੂੰ ਸ਼ਾਹੀ ਮਸਜਿਦ ਈਦਗਾਹ ਟਰੱਸਟ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਸੁਪਰੀਮ ਕੋਰਟ ਦੀ ਵੈੱਬਸਾਈਟ ਮੁਤਾਬਕ ਮਾਮਲੇ ’ਤੇ 15 ਜਨਵਰੀ ਨੂੰ ਚੀਫ਼ ਜਸਟਿਸ ਸੰਜੀਵ ਖੰਨਾ ਅਤੇ ਜਸਟਿਸ ਸੰਜੇ ਕੁਮਾਰ ਦੇ ਬੈਂਚ ਵੱਲੋਂ ਸੁਣਵਾਈ ਕੀਤੀ ਜਾਵੇਗੀ ਜਿਸ ਨੇ ਪਿਛਲੇ ਸਾਲ 9 ਦਸੰਬਰ ਨੂੰ ਅੰਤਿਮ ਫ਼ੈਸਲੇ ਲਈ ਸੁਣਵਾਈ ਸ਼ੁਰੂ ਕੀਤੀ ਸੀ।

# ਟੈਂਕ ਵਿਰੋਧੀ ਮਿਜ਼ਾਈਲ ‘ਨਾਗ ਐੱਮਕੇ 2’ ਦੀ ਸਫ਼ਲ ਅਜ਼ਮਾਇਸ਼



ਨਵੀਂ ਦਿੱਲੀ: ਭਾਰਤ ਵੱਲੋਂ ਦੇਸ਼ ਵਿੱਚ ਵਿਕਸਤ ਕੀਤੀ ਗਈ ਟੈਂਕ ਵਿਰੋਧੀ ਤੀਜੀ ਜੈਨਰੇਸ਼ਨ ਮਿਜ਼ਾਈਲ ‘ਨਾਗ ਐੱਮਕੇ-2’ ਦੇ ਮੈਦਾਨੀ ਮੁਲਾਂਕਣ ਲਈ ਇਸ ਦਾ ਸਫ਼ਲ ਪਰੀਖਣ ਕੀਤਾ ਗਿਆ। ਰੱਖਿਆ ਮੰਤਰਾਲੇ ਨੇ ਕਿਹਾ ਕਿ ਸੀਨੀਅਰ ਫੌਜੀ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਰਾਜਸਥਾਨ ਦੀ ਪੋਖਰਨ ਫਾਇਰਿੰਗ ਰੇਂਜ ਵਿੱਚ ਮਿਜ਼ਾਈਲ ਦਾ ਪਰੀਖਣ ਕੀਤਾ ਗਿਆ। ਮੰਤਰਾਲੇ ਨੇ ਕਿਹਾ, ‘‘ਭਾਰਤੀ ਫੌਜ ਦੇ ਸੀਨੀਅਰ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਪੋਖਰਨ ਫੀਲਡ ਰੇਂਜ ਵਿੱਚ ਹਾਲ ’ਚ ਦੇਸ਼ ਵਿੱਚ ਬਣਾਈ ਗਈ ਤੀਜੀ ਜੈਨਰੇਸ਼ਨ ਟੈਂਕ ਵਿਰੋਧੀ ਮਿਜ਼ਾਈਲ ‘ਨਾਗ ਐੱਮਕੇ 2’ ਦਾ ਮੈਦਾਨੀ ਮੁਲਾਂਕਣ ਲਈ ਸਫਲ ਪਰੀਖਣ ਕੀਤਾ ਗਿਆ।’’ ਮੰਤਰਾਲੇ ਨੇ ਕਿਹਾ, ‘‘ਤਿੰਨ ਫੀਲਡ ਟਰਾਇਲਾਂ ਦੌਰਾਨ ਮਿਜ਼ਾਈਲ ਪ੍ਰਣਾਲੀਆਂ ਨੇ ਸਾਰੇ ਟੀਚਿਆਂ ਨੂੰ ਬਿਲਕੁਲ ਨਸ਼ਟ ਕਰ ਦਿੱਤਾ - ਵੱਧ ਤੋਂ ਵੱਧ ਅਤੇ ਘੱਟ ਤੋਂ ਘੱਟ ਦੂਰੀ ਵਾਲੇ ਅਤੇ ਇਸ ਤਰ੍ਹਾਂ ਆਪਣੀ ਫਾਇਰਿੰਗ ਰੇਂਜ ਨੂੰ ਪ੍ਰਮਾਣਿਤ ਕੀਤਾ।’

# ਕੱਛ ’ਚ ਭਾਰਤ ਅੰਦਰ ਘੁਸਪੈਠ ਕਰਦਾ ਫੜਿਆ ਪਾਕਿਸਤਾਨੀ ਨਾਗਰਿਕ



ਕੱਛ: ਕੱਛ ਜ਼ਿਲ੍ਹੇ ’ਚ ਸਰਹੱਦ ਪਾਰ ਕਰ ਕੇ ਭਾਰਤ ’ਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦਾ ਹੋਇਆ ਇਕ ਪਾਕਿਸਤਾਨੀ ਨਾਗਰਿਕ ਨੂੰ ਸਰਹੱਦੀ ਸੁਰੱਖਿਆ ਫ਼ੋਰਸ (ਬੀ.ਐਸ.ਐਫ਼.) ਨੇ ਫੜਿਆ ਹੈ। ਬੀ.ਐਸ.ਐਫ. ਦੇ ਇਕ ਜਵਾਨ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਐਤਵਾਰ ਨੂੰ ਪਾਕਿਸਤਾਨ ਦਾ ਇਕ ਵਿਅਕਤੀ ਹਰਾਮੀ ਨਾਲਾ ਦੇ ਉਤਰ ਦੇ ਇਕ ਖੇਤਰ ਤੋਂ ਸਰਹੱਦ ਪਾਰ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਬੀ.ਐਸ.ਐਫ. ਦੇ ਜਵਾਨ ਨੇ ਕਿਹਾ ਕਿ 12 ਜਨਵਰੀ ਨੂੰ ਚੌਕਸ ਬੀ.ਐੱਸ.ਐਫ. ਜਵਾਨਾਂ ਨੇ ਇਕ ਪਾਕਿਸਤਾਨੀ ਨਾਗਰਿਕ ਨੂੰ ਅੰਤਰਰਾਸ਼ਟਰੀ ਸਰਹੱਦ ਪਾਰ ਕਰ ਕੇ ਕੱਛ ਦੇ ਹਰਾਮੀ ਨਾਲਾ ਦੇ ਉਤਰੀ ਖੇਤਰ ਤੋਂ ਭਾਰਤੀ ਖੇਤਰ ’ਚ ਦਾਖ਼ਲ ਹੁੰਦੇ ਦੇਖਿਆ। ਉਸ ਨੇ ਕਿਹਾ ਕਿ ਬੀ.ਐੱਸ.ਐਫ. ਜਵਾਨਾਂ ਨੇ ਤੁਰਤ ਉਸ ਨੂੰ ਲਲਕਾਰਿਆ ਤੇ ਫੜ ਲਿਆ। ਬਿਆਨ ’ਚ ਕਿਹਾ ਗਿਆ ਹੈ ਕਿ ਘੁਸਪੈਠੀਏ ਦੀ ਪਛਾਣ ਬਾਬੂ ਅਲੀ ਵਜੋਂ ਹੋਈ ਹੈ ਜੋ ਪਾਕਿਸਤਾਨ ਦੇ ਸਿੰਧ ਪ੍ਰਾਂਤ ਦੇ ਸੁਜਾਵਾਲ ਜ਼ਿਲ੍ਹੇ ਦੇ ਕਾਰੋ ਘੁੰਘਰੂ ਪਿੰਡ ਦਾ ਵਾਸੀ ਹੈ। ਹਰਾਮੀ ਨਾਲਾ ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ’ਤੇ ਹੈ।

# ਕਸੌਲ ਦੇ ਹੋਟਲ ’ਚ ਲੜਕੀ ਦੀ ਲਾਸ਼ ਛੱਡ ਕੇ ਬਠਿੰਡਾ ਦੇ ਨੌਜਵਾਨ ਫਰਾਰ



ਕੁੱਲੂ: ਹਿਮਾਚਲ ਪੁਲੀਸ ਨੇ ਦੋ ਨੌਜਵਾਨਾਂ ਖ਼ਿਲਾਫ਼ ਕਤਲ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਮੁਲਜ਼ਮ ਕੁੱਲੂ ਦੇ ਕਸੌਲ ਦੇ ਇੱਕ ਹੋਟਲ ਵਿੱਚ ਸ਼ਨਿੱਚਰਵਾਰ ਦੇਰ ਰਾਤ ਇੱਕ 23 ਸਾਲਾ ਲੜਕੀ ਦੀ ਲਾਸ਼ ਛੱਡ ਕੇ ਫਰਾਰ ਹੋ ਗਏ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜਾਬ ਦੇ ਜ਼ਿਲ੍ਹਾ ਬਠਿੰਡਾ ਦਾ ਵਸਨੀਕ ਅਕਾਸ਼ਦੀਪ ਸਿੰਘ ਆਪਣੇ ਦੋਸਤ ਅਤੇ ਇੱਕ ਲੜਕੀ ਨਾਲ 10 ਜਨਵਰੀ ਤੋਂ ਹੋਟਲ ਵਿੱਚ ਰੁਕਿਆ ਹੋਇਆ ਸੀ। ਹੋਟਲ ਦੀ ਇੱਕ ਮਹਿਲਾ ਕਰਮੀ ਅਤੇ ਦੋ ਸਟਾਫ ਮੈਂਬਰਾਂ ਨੇ ਰਾਤ 12:30 ਵਜੇ ਦੇ ਕਰੀਬ ਦੋਵੇਂ ਨੌਜਵਾਨਾਂ ਨੂੰ ਪੌੜੀਆਂ ਰਾਹੀਂ ਥੱਲੇ ਆਉਂਦੇ ਦੇਖਿਆ। ਦੋਵਾਂ ਨੌਜਵਾਨਾਂ ਵਿੱਚੋਂ ਇੱਕ ਨੇ ਲੜਕੀ ਨੂੰ ਸਿਰ ਤੋਂ ਅਤੇ ਦੂਜੇ ਨੇ ਪੈਰਾਂ ਤੋਂ ਚੁੱਕਿਆ ਹੋਇਆ ਸੀ। ਹੋਟਲ ਸਟਾਫ ਨੇ ਮਾਮਲਾ ਸ਼ੱਕੀ ਜਾਪਣ ’ਤੇ ਉਨ੍ਹਾਂ ਤੋਂ ਲੜਕੀ ਬਾਰੇ ਪੁੱਛ ਪੜਤਾਲ ਕੀਤੀ। ਨੌਜਵਾਨਾਂ ਨੇ ਦਾਅਵਾ ਕੀਤਾ ਕਿ ਲੜਕੀ ਵੱਧ ਸ਼ਰਾਬ ਪੀਣ ਕਾਰਨ ਬਾਥਰੂਮ ’ਚ ਡਿੱਗ ਗਈ ਸੀ ਅਤੇ ਬੇਹੋਸ਼ ਹੋ ਗਈ ਹੈ ਅਤੇ ਉਹ ਉਸ ਨੂੰ ਹਸਪਤਾਲ ਲਿਜਾ ਰਹੇ ਹਨ। ਨੌਜਵਾਨਾਂ ਨੇ ਹੋਟਲ ਸਟਾਫ ਤੋਂ ਹਸਪਤਾਲ ਦਾ ਰਾਹ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਹੋਟਲ ਮੈਨੇਜਰ ਨਾਲ ਗੱਲ ਕਰਕੇ ਸਟਾਫ ਨੂੰ ਉਨ੍ਹਾਂ ਦੇ ਨਾਲ ਹਸਪਤਾਲ ਭੇਜਣਗੇ। ਇਹ ਸੁਣਦਿਆਂ ਹੀ ਨੌਜਵਾਨ ਲੜਕੀ ਦੀ ਲਾਸ਼ ਫਰਸ਼ ’ਤੇ ਰੱਖ ਕੇ ਆਪਣੀ ਸਕਾਰਪੀਓ ਗੱਡੀ ਵਿੱਚ ਫਰਾਰ ਹੋ ਗਏ। ਜਦੋਂ ਹੋਟਲ ਸਟਾਫ ਨੇ ਲੜਕੀ ਦੀ ਜਾਂਚ ਪੜਤਾਲ ਕੀਤੀ ਤਾਂ ਉਸ ਦਾ ਸਰੀਰ ਠੰਢਾ ਪੈ ਚੁੱਕਿਆ ਸੀ। ਪੁਲੀਸ ਨੂੰ ਮੌਕੇ ’ਤੇ ਸੱਦ ਕੇ ਲੜਕੀ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਲੜਕੀ ਦੇ ਮੂੰਹ ਵਿੱਚੋਂ ਝੱਗ ਨਿਕਲ ਰਹੀ ਸੀ। ਕੁੱਲੂ ਦੇ ਏਐੱਸਪੀ ਸੰਜੀਵ ਚੌਹਾਨ ਨੇ ਦੱਸਿਆ ਕਿ ਸਟਾਫ ਦੇ ਬਿਆਨ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੁਲੀਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਮੁਲਜ਼ਮਾਂ ਨੂੰ ਫੜਨ ਲਈ ਵੱਖ-ਵੱਖ ਥਾਵਾਂ ’ਤੇ ਨਾਕੇਬੰਦੀਆਂ ਕਰ ਦਿੱਤੀ ਗਈ ਹੈ। ਪੁਲੀਸ ਮ੍ਰਿਤਕ ਲੜਕੀ ਦੇ ਪਿਛੋਕੜ ਦਾ ਪਤਾ ਲਗਾਉਣ ਦੀ ਵੀ ਕੋਸ਼ਿਸ਼ ਕਰ ਰਹੀ ਹੈ।

# ਸ੍ਰੀ ਮੁਕਤਸਰ ਸਾਹਿਬ ਵਿਚ ਐਨਕਾਊਂਟਰ, ਪੁਲਿਸ ਤੇ ਮੁਲਜ਼ਮਾਂ ਵਿਚਾਲੇ ਮੁਕਾਬਲਾ



ਸ੍ਰੀ ਮੁਕਤਸਰ ਸਾਹਿਬ: ਸ੍ਰੀ ਮੁਕਤਸਰ ਸਾਹਿਬ 'ਚ ਪੁਲਿਸ ਅਤੇ ਬਦਮਾਸ਼ਾਂ ਵਿਚਾਲੇ ਮੁਕਾਬਲਾ ਹੋਇਆ। ਕਰਾਸ ਫਾਇਰਿੰਗ 'ਚ ਗੋਲੀ ਚੱਲਣ ਕਾਰਨ ਇਕ ਵਿਅਕਤੀ ਜ਼ਖ਼ਮੀ ਹੋ ਗਿਆ ਹੈ। ਮੁਲਜ਼ਮਾਂ ਨੇ ਲਾਰੈਂਸ ਗੈਂਗ ਦੇ ਨਾਂ 'ਤੇ ਇਕ ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ। ਮੌਕੇ 'ਤੇ ਪਹੁੰਚੀ ਪੁਲਿਸ ਨੇ ਤਿੰਨ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਘਟਨਾ ਬੀਤੀ ਰਾਤ 11 ਵਜੇ ਦੇ ਕਰੀਬ ਸ੍ਰੀ ਮੁਕਤਸਰ ਸਾਹਿਬ-ਫਿਰੋਜ਼ਪੁਰ ਰੋਡ 'ਤੇ ਪਿੰਡ ਲੁਬਾਣਿਆਵਾਲੀ ਕੋਲ ਮੀਂਹ ਦੌਰਾਨ ਵਾਪਰੀ। ਜਾਣਕਾਰੀ ਅਨੁਸਾਰ ਪਿੰਡ ਰੁਪਾਣਾ ਸਥਿਤ ਇਕ ਮਿੱਲ ਦੇ ਠੇਕੇਦਾਰ ਨੂੰ ਫੋਨ 'ਤੇ ਧਮਕੀਆਂ ਦਿੱਤੀਆਂ ਗਈਆਂ ਅਤੇ 1 ਕਰੋੜ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਗਈ। ਮੁਲਜ਼ਮਾਂ ਨੇ ਆਪਣੇ ਆਪ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਮੈਂਬਰ ਦੱਸਿਆ ਸੀ। ਠੇਕੇਦਾਰ ਦੀ ਸ਼ਿਕਾਇਤ ’ਤੇ ਪੁਲਿਸ ਨੇ ਯੋਜਨਾ ਬਣਾ ਕੇ 15 ਲੱਖ ਰੁਪਏ ਦੀ ਜਬਰੀ ਵਸੂਲ ਦੇਣ ਦੀ ਸਲਾਹ ਬਣਾਈ। ਜਦੋਂ ਮੁਲਜ਼ਮ ਪੈਸੇ ਲੈਣ ਲਈ ਮੋਟਰਸਾਈਕਲ ’ਤੇ ਪੁੱਜੇ ਤਾਂ ਉਨ੍ਹਾਂ ਨੂੰ ਪੁਲਿਸ ਦੀ ਮੌਜੂਦਗੀ ਦਾ ਪਤਾ ਲੱਗ ਗਿਆ। ਇਸ ਦੌਰਾਨ ਇਕ ਦੋਸ਼ੀ ਨੇ ਪੁਲਿਸ 'ਤੇ ਗੋਲੀ ਚਲਾ ਦਿੱਤੀ। ਕਰਾਸ ਫ਼ਾਇਰਿੰਗ ਵਿੱਚ ਸੁਖਮੰਦਰ ਸਿੰਘ ਜ਼ਖ਼ਮੀ ਹੋ ਗਿਆ ਉਸ ਦੇ ਸਾਥੀ ਲਖਵੀਰ ਸਿੰਘ ਅਤੇ ਸਰਵਣ ਸਿੰਘ ਨੂੰ ਵੀ ਮੌਕੇ ’ਤੇ ਕਾਬੂ ਕਰ ਲਿਆ ਗਿਆ। ਜ਼ਖ਼ਮੀ ਮੁਲਜ਼ਮ ਨੂੰ ਇਲਾਜ ਲਈ ਸਰਕਾਰੀ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਐਨਕਾਊਂਟਰ ਦੀ ਸੂਚਨਾ ਮਿਲਦੇ ਹੀ ਐਸਐਸਪੀ ਤੁਸ਼ਾਰ ਗੁਪਤਾ ਮੌਕੇ ’ਤੇ ਪਹੁੰਚ ਗਏ।

# ਪੰਜਾਬ ’ਚ ਸਿਹਤ ਸਹੂਲਤਾਂ ਦਾ ਹੋਇਆ ਕਾਇਆਕਲਪ

## ਸੂਬੇ ਦੇ ਸਰਕਾਰੀ ਹਸਪਤਾਲ ਬਣ ਰਹੇ ਨੇ ਪ੍ਰਾਈਵੇਟ ਹਸਪਤਾਲਾਂ ਦਾ ਵਿਕਲਪ



ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ’ਚ ਪੰਜਾਬ ਸਰਕਾਰ ਵਲੋਂ ਪੰਜਾਬ ’ਚ ਪਹਿਲੇ, ਦੂਜੇ ਅਤੇ ਤੀਜੇ ਦਰਜੇ ਦੀਆਂ ਸਿਹਤ ਸਹੂਲਤਾਂ ਨੂੰ ਮਜ਼ਬੂਤ ਕਰਨ ਲਈ ਵੱਖ-ਵੱਖ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਜਿਸ ਦੇ ਬੜੇ ਸਾਰਥਿਕ ਨਤੀਜੇ ਸਾਹਮਣੇ ਆ ਰਹੇ ਹਨ। ਸੂਬੇ ਦੇ ਸਰਕਾਰੀ ਹਸਪਤਾਲਾਂ ਨੂੰ ਹਰ ਲਿਹਾਜ਼ ਤੋਂ ਬੇਹਤਰੀਨ ਸਿਹਤ ਸੁਵਿਧਾਵਾਂ ਮੁਹਈਆ ਕਰਵਾ ਕੇ ਨਿੱਜੀ ਹਸਪਤਾਲਾਂ ਨਾਲੋਂ ਵੀ ਬਿਹਤਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸਿਹਤ ਸਹੂਲਤਾਂ ਨੂੰ ਲੈ ਕੇ ਸਰਕਾਰ ਦੀ ਵੱਡੀ ਯੋਜਨਾ ਅਧੀਨ ਮਰੀਜ਼ਾਂ ਦੀ ਸਹੂਲਤ ਲਈ ਪੰਜਾਬ ਦੇ ਸਰਕਾਰੀ ਹਸਪਤਾਲਾਂ ਦੇ ਵਿੱਚ ਐਮਰਜੈਂਸੀ ਵਾਰਡਾਂ ਦਾ ਕਾਇਆਕਲਪ ਕੀਤਾ ਜਾਵੇਗਾ। ਐਮਰਜੈਂਸੀ ਵਾਰਡਾਂ ’ਚ ਭੀੜ ਨੂੰ ਕੰਟਰੋਲ ਕਰਨ ਦੇ ਲਈ ਹਰ ਐਮਰਜੈਂਸੀ ਵਾਰਡ ’ਚ ਸਹੂਲਤ ਕੇਂਦਰ ਸਥਾਪਤ ਕੀਤੇ ਜਾਣਗੇ ਜਿਸ ਤਹਿਤ ਰੋਗੀ ਨੂੰ ਸਿਰਫ਼ ਇਕ ਰਿਸ਼ਤੇਦਾਰ ਸਹਾਇਕ ਦੇ ਰੂਪ ਵਿਚ ਐਮਰਜੈਂਸੀ ਵਾਰਡ ’ਚ ਦਾਖ਼ਲ ਹੋ ਸਕੇਗਾ, ਜਦਕਿ ਮੈਡੀਕਲ ਅਤੇ ਪੈਰਾਮੈਡੀਕਲ ਸਟਾਫ ਮਰੀਜ਼ ਦੀ ਸਹਾਇਤਾ ’ਚ ਤੈਨਾਤ ਕੀਤੇ ਜਾਣਗੇ। ਇਹੀ ਨਹੀਂ ਪੰਜਾਬ ਸਰਕਾਰ ਸੂਬੇ ਦੇ ਚਾਰ ਹੋਰ ਜ਼ਿਲ੍ਹਿਆਂ ਦੇ ’ਚ ਨਵੇਂ ਸਰਕਾਰੀ ਮੈਡੀਕਲ ਕਾਲਜ ਬਣਾਵੇਗੀ ਜਿਸ ਦਾ ਨਿਰਮਾਣ ਅਗਲੇ ਛੇ ਮਹੀਨੇ ਦੇ ’ਚ ਸ਼ੁਰੂ ਹੋ ਜਾਵੇਗਾ। ਹੁਸ਼ਿਆਰਪੁਰ, ਕਪੂਰਥਲਾ, ਸੰਗਰੂਰ ਅਤੇ ਮਲੇਰਕੋਟਲਾ ’ਚ ਇਹ ਨਵੇਂ ਸਰਕਾਰੀ ਮੈਡੀਕਲ ਕਾਲਜਾਂ ਦਾ ਨਿਰਮਾਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਰਹੀ ਹੈ। ਇਹ ਸੂਬਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਹੀ ਹੈ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਵੀ ਪੰਜਾਬ ’ਚ ਡੇਂਗੂ ਦੇ ਮਾਮਲਿਆਂ ਚ ਕਮੀ ਆਈ ਹੈ ਕਿਉਂਕਿ ਸਿਹਤ ਵਿਭਾਗ ਇਸ ਸਬੰਧ ’ਚ ਲਗਾਤਾਰ ਸਾਵਧਾਨੀ ਵਰਤ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸ਼ੁਰੂ ਕੀਤੀ ਗਈ ਡੇਂਗੂ ਵਿਰੋਧੀ ਮੁਹਿੰਮ ‘ਹਰ ਸ਼ੁਕਰਵਾਰ, ਡੇਂਗੂ ’ਤੇ ਵਾਰ’ ਸਫ਼ਲਤਾਪੂਰਵਕ ਚੱਲ ਰਹੀ ਹੈ ਅਤੇ ਸਾਲ 2024 ਵਿਚ ਡੇਂਗੂ ਦੇ ਕੇਸਾਂ ’ਚ ਪਿਛਲੇ ਸਾਲ ਦੇ ਮੁਕਾਬਲੇ ਲਗਭਗ 55 ਫੀ ਸਦੀ ਦੀ ਕਮੀ ਦਰਜ ਕੀਤੀ ਗਈ ਹੈ ਅਤੇ ਡੇਂਗੂ ਕਾਰਨ ਹੋਣ ਵਾਲੀਆਂ ਮੌਤਾਂ ’ਚ 70 ਫੀ ਸਦੀ ਦੀ ਕਮੀ ਆਈ ਹੈ। ਇਸ ਤੋਂ ਇਲਾਵਾ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਵਲੋਂ ਸੂਬੇ ਨੂੰ ਟੀ.ਬੀ. ਦੀ ਭਿਆਨਕ ਬਿਮਾਰੀ ਤੋਂ ਮੁਕਤ ਕਰਨ ਲਈ 100 ਦਿਨਾਂ ਦੀ ਜਾਗਰੂਕਤਾ ਮੁਹਿੰਮ ਚਲਾਇਆ ਗਈ ਹੈ, ਜਿਸ ਦੇ ਮੱਦੇਨਜਰ ਟੀਮਾਂ ਨੂੰ ਰਵਾਨਾ ਕੀਤਾ ਗਿਆ ਹੈ। ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਥਾਨਾਂ ’ਤੇ ਟੀ.ਬੀ. ਦੇ ਲੱਛਣ ਪਾਏ ਜਾ ਰਹੇ ਹਨ, ਉਥੇ ਲੋਕਾਂ ਨੂੰ ਇਸ ਬਿਮਾਰੀ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਜੇਕਰ ਕਿਸੇ ਵਿਅਕਤੀ ਨੂੰ 2 ਹਫ਼ਤੇ ਤੋਂ ਜ਼ਿਆਦਾ ਖਾਂਸੀ ਹੈ ਤਾਂ ਉਹ ਬਲਗ਼ਮ ਦੀ ਜਾਂਚ ਜ਼ਰੂਰ ਕਰਵਾਉਣ ਅਤੇ ਇਸ ਬਿਮਾਰੀ ਦੇ ਸਬੰਧ ਵਿੱਚ ਜਾਣਕਾਰੀ ਲੈਣ ਲਈ ਸਿਹਤ ਵਿਭਾਗ ਦੀਆਂ ਟੀਮਾਂ ਨਾਲ ਸੰਪਰਕ ਕਰਨ, ਤਾਕਿ ਇਲਾਕੇ ਨੂੰ ਟੀ.ਬੀ. ਮੁਕਤ ਕੀਤਾ ਜਾਵੇ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਲੋਂ ਸੂਬੇ ’ਚ ਪ੍ਰਾਇਮਰੀ ਸਿਹਤ ਸੇਵਾਵਾਂ ਨੂੰ ਮਜ਼ਬੂਤ ਕਰਨ ਅਤੇ ਇਸ ਦੇ ਕਾਇਆ ਕਲਪ ਕਰਨ ਲਈ ਸ਼ੁਰੂ ਕੀਤੇ ਸੁਪਨਮਈ ਪ੍ਰਾਜੈਕਟ ‘ਆਮ ਆਦਮੀ ਕਲੀਨਿਕ’ ਨੂੰ ਵੀ ਵੱਡੀ ਸਫਲਤਾ ਹਾਸਲ ਹੋਈ ਹੈ। ਇਨ੍ਹਾਂ ਕਲੀਨਿਕਾਂ ਤੋਂ ਹੁਣ ਤਕ 2.58 ਕਰੋੜ (1.08 ਕਰੋੜ ਪਹਿਲੀ ਵਾਰ ਆਉਣ ਵਾਲੇ ਮਰੀਜ਼/1.5 ਕਰੋੜ ਦੁਬਾਰਾ ਦਵਾਈ ਲੈਣ ਵਾਲੇ ਮਰੀਜ਼) ਲੋਕਾਂ ਨੇ ਮੁਫ਼ਤ ਇਲਾਜ ਦੀ ਸਹੂਲਤ ਦਾ ਲਾਭ ਲਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 75ਵੇਂ ਸੁਤੰਰਤਤਾ ਦਿਵਸ ਮੌਕੇ 75 ਆਮ ਆਦਮੀ ਕਲੀਨਿਕ ਸੂਬੇ ਦੇ ਲੋਕਾਂ ਨੂੰ ਸਮਰਪਿਤ ਕੀਤੇ ਸਨ, ਜਿਸ ਨਾਲ ਇਹਨਾਂ ਕਲੀਨਿਕਾਂ ਦੀ ਕੁੱਲ ਗਿਣਤੀ ਹੁਣ 881 ਹੋ ਗਈ ਹੈ। ਇਨ੍ਹਾਂ 881 ਆਮ ਆਦਮੀ ਕਲੀਨਿਕ ਵਿੱਚੋਂ 316 ਸ਼ਹਿਰੀ ਖੇਤਰਾਂ ਵਿੱਚ ਜਦਕਿ 565 ਕਲੀਨਿਕ ਪੇਂਡੂ ਖੇਤਰਾਂ ਵਿੱਚ ਸਥਿਤ ਹਨ। ਆਮ ਆਦਮੀ ਕਲੀਨਿਕਾਂ ਵਿਖੇ ਮਰੀਜ਼ਾਂ ਲਈ 80 ਕਿਸਮਾਂ ਦੀਆਂ ਦਵਾਈਆਂ ਅਤੇ 38 ਕਿਸਮਾਂ ਦੇ ਡਾਇਗਨੌਸਟਿਕ ਟੈਸਟ ਮੁਫ਼ਤ ਉਪਲਬਧ ਹਨ। ਇਨ੍ਹਾਂ ਕਲੀਨਿਕਾਂ ਨੇ ਸੂਬੇ ਦੇ ਲੋਕਾਂ ਨੂੰ ਸਿਹਤ ਸੰਭਾਲ ’ਤੇ ਆਉਣ ਵਾਲੇ ਖਰਚੇ ਨੂੰ 1200 ਕਰੋੜ ਰੁਪਏ ਤੱਕ ਘਟਾਉਣ ਵਿੱਚ ਯੋਗਦਾਨ ਪਾਇਆ ਹੈ। ਜ਼ਿਕਰਯੋਗ ਹੈ ਕਿ ਸੂਬੇ ਦੇ ਲੋਕਾਂ ਨੂੰ ਵਿਆਪਕ ਪ੍ਰਾਇਮਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੂਬੇ ਵਿੱਚ 3134 ਸਿਹਤ ਅਤੇ ਤੰਦਰੁਸਤੀ ਕੇਂਦਰ ਕਾਰਜਸ਼ੀਲ ਹਨ। ਇਸ ਦੇ ਨਾਲ ਹੀ ਨਵਾਂ ਸਟਾਫ਼ ਭਾਵ ਕਮਿਊਨਿਟੀ ਹੈਲਥ ਅਫਸਰ ਵੀ ਸ਼ਾਮਲ ਕੀਤੇ ਗਏ ਹਨ। ਮੌਜੂਦਾ ਸਮੇਂ, 23 ਜ਼ਿਲ੍ਹਾ ਹਸਪਤਾਲਾਂ, 14 ਸਬ-ਡਵੀਜ਼ਨਲ ਹਸਪਤਾਲਾਂ, ਤਿੰਨ ਕਮਿਊਨਿਟੀ ਹੈਲਥ ਸੈਂਟਰਾਂ ਵਿਖੇ ਸਥਿਤ 40 ਡਾਇਲਸਿਸ ਕੇਂਦਰਾਂ ਵਿੱਚ 168 ਡਾਇਲਸਿਸ ਮਸ਼ੀਨਾਂ ਉਪਲੱਬਧ ਹਨ। ਅਪ੍ਰੈਲ 2024 ਤੋਂ ਨਵੰਬਰ 2024 ਤੱਕ 4831 ਮਰੀਜ਼ਾਂ ਨੂੰ 32800 ਡਾਇਲਸਿਸ ਸੈਸ਼ਨ ਦਿੱਤੇ ਗਏ।

# ਸੋਨੇ ਦੀਆਂ ਕੀਮਤਾਂ ’ਚ ਲਗਾਤਾਰ ਪੰਜਵੇਂ ਦਿਨ ਤੇਜ਼ੀ, ਚਾਂਦੀ ਸਥਿਰ



ਨਵੀਂ ਦਿੱਲੀ: ਦਿੱਲੀ ਸਰਾਫਾ ਬਾਜ਼ਾਰ ’ਚ ਸੋਮਵਾਰ ਨੂੰ ਸੋਨੇ ਦੀ ਕੀਮਤ 110 ਰੁਪਏ ਦੀ ਤੇਜ਼ੀ ਨਾਲ 80,660 ਰੁਪਏ ਪ੍ਰਤੀ 10 ਗ੍ਰਾਮ ’ਤੇ ਪਹੁੰਚ ਗਈ। ਆਲ ਇੰਡੀਆ ਸਰਾਫਾ ਐਸੋਸੀਏਸ਼ਨ ਨੇ ਇਹ ਜਾਣਕਾਰੀ ਦਿਤੀ ਹੈ। ਪਿਛਲੇ ਕਾਰੋਬਾਰੀ ਸੈਸ਼ਨ ’ਚ ਸੋਨਾ 80,550 ਰੁਪਏ ਪ੍ਰਤੀ 10 ਗ੍ਰਾਮ ’ਤੇ ਬੰਦ ਹੋਇਆ ਸੀ। ਪਿਛਲੇ ਪੰਜ ਕਾਰੋਬਾਰੀ ਸੈਸ਼ਨਾਂ ’ਚ ਸੋਨੇ ਦੀ ਕੀਮਤ 1,660 ਰੁਪਏ ਦੀ ਤੇਜ਼ੀ ਨਾਲ 80,660 ਰੁਪਏ ਪ੍ਰਤੀ 10 ਗ੍ਰਾਮ ’ਤੇ ਪਹੁੰਚ ਗਈ ਹੈ। 99.5 ਫੀ ਸਦੀ ਸ਼ੁੱਧਤਾ ਵਾਲਾ ਸੋਨਾ 110 ਰੁਪਏ ਦੀ ਤੇਜ਼ੀ ਨਾਲ 80,260 ਰੁਪਏ ਪ੍ਰਤੀ 10 ਗ੍ਰਾਮ ’ਤੇ ਪਹੁੰਚ ਗਿਆ। ਐਲ.ਕੇ.ਪੀ. ਸਕਿਓਰਿਟੀਜ਼ ਦੇ ਵਾਈਸ ਪ੍ਰੈਜ਼ੀਡੈਂਟ ਰੀਸਰਚ ਐਨਾਲਿਸਟ (ਕਮੋਡਿਟੀਜ਼ ਐਂਡ ਕਰੰਸੀ) ਜਤਿਨ ਤ੍ਰਿਵੇਦੀ ਨੇ ਕਿਹਾ ਕਿ ਰੁਪਏ ਦੀ ਕੀਮਤ ’ਚ ਗਿਰਾਵਟ ਕਾਰਨ ਸੋਨੇ ਦੀਆਂ ਕੀਮਤਾਂ ਵਧੀਆਂ ਹਨ। ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਵਲੋਂ ਰੂਸ ’ਤੇ ਲਗਾਈਆਂ ਗਈਆਂ ਨਵੀਆਂ ਪਾਬੰਦੀਆਂ ਕਾਰਨ ਕੱਚੇ ਤੇਲ ਦੀਆਂ ਕੀਮਤਾਂ ’ਚ ਤੇਜ਼ੀ ਆਈ ਹੈ, ਜਿਸ ਨਾਲ ਭੂ-ਸਿਆਸੀ ਤਣਾਅ ਵਧ ਗਿਆ ਹੈ। ਤ੍ਰਿਵੇਦੀ ਨੇ ਕਿਹਾ ਕਿ ਰੁਪਏ ’ਚ ਗਿਰਾਵਟ ਨਾਲ ਘਰੇਲੂ ਬਾਜ਼ਾਰ ’ਚ ਸੋਨੇ ਦੀਆਂ ਕੀਮਤਾਂ ਨੂੰ ਸਮਰਥਨ ਮਿਲਿਆ, ਜਿਸ ਨਾਲ ਗਲੋਬਲ ਸੰਕੇਤਾਂ ’ਤੇ ਅਸਰ ਪਿਆ। ਹਾਲਾਂਕਿ, ਚਾਂਦੀ ਸੋਮਵਾਰ ਨੂੰ ਲਗਾਤਾਰ ਦੂਜੇ ਸੈਸ਼ਨ ’ਚ 93,000 ਰੁਪਏ ਪ੍ਰਤੀ ਕਿਲੋਗ੍ਰਾਮ ’ਤੇ ਸਥਿਰ ਰਹੀ। ਕੌਮਾਂਤਰੀ ਬਾਜ਼ਾਰਾਂ ’ਚ ਕਾਮੈਕਸ ਸੋਨਾ ਵਾਇਦਾ 10.70 ਡਾਲਰ ਪ੍ਰਤੀ ਔਂਸ ਦੀ ਗਿਰਾਵਟ ਨਾਲ 2,704.30 ਡਾਲਰ ਪ੍ਰਤੀ ਔਂਸ ’ਤੇ ਆ ਗਿਆ। ਐਚ.ਡੀ.ਐਫ.ਸੀ. ਸਕਿਓਰਿਟੀਜ਼ ਦੇ ਸੀਨੀਅਰ ਵਿਸ਼ਲੇਸ਼ਕ (ਕਮੋਡਿਟੀਜ਼) ਸੌਮਿਲ ਗਾਂਧੀ ਨੇ ਕਿਹਾ ਕਿ ਪਿਛਲੇ ਹਫਤੇ ਸੋਨੇ ਦੀਆਂ ਕੀਮਤਾਂ 1.95 ਫੀ ਸਦੀ ਵਧਣ ਤੋਂ ਬਾਅਦ ਸਥਿਰ ਰਹੀਆਂ। ਮਹਿੰਗਾਈ ਦੇ ਡਰ ਕਾਰਨ ਕੀਮਤਾਂ ’ਚ ਵਾਧਾ ਹੋਇਆ ਹੈ। ਏਸ਼ੀਆ ’ਚ ਕਾਮੈਕਸ ਚਾਂਦੀ ਦਾ ਵਾਅਦਾ 1.4 ਫੀ ਸਦੀ ਡਿੱਗ ਕੇ 30.88 ਡਾਲਰ ਪ੍ਰਤੀ ਔਂਸ ’ਤੇ ਆ ਗਿਆ।

# ਪਹਿਲੇ ਦਿਨ 1.65 ਕਰੋੜ ਸ਼ਰਧਾਲੂਆਂ ਨੇ ਇਸ਼ਨਾਨ ਕੀਤਾ

## ਵਿਦੇਸ਼ਾਂ ਤੋਂ ਆਏ ਵੱਡੀ ਗਿਣਤੀ ਸ਼ਰਧਾਲੂ ਬਣ ਰਹੇ ਨੇ ਅਧਿਆਤਮਕ ਮਾਹੌਲ ਦੇ ਗਵਾਹ




ਮਹਾਕੁੰਭ ਨਗਰ: ਇੱਥੇ ਅੱਜ ਦੁਨੀਆ ਦਾ ਸਭ ਤੋਂ ਵੱਡਾ ਮਹਾਕੁੰਭ ਮੇਲਾ ਸ਼ੁਰੂ ਹੋ ਗਿਆ ਹੈ। ਇਸ ਦੌਰਾਨ 1.65 ਕਰੋੜ ਦੇ ਕਰੀਬ ਸ਼ਰਧਾਲੂਆਂ ਨੇ ‘ਮੋਕਸ਼’ ਦੀ ਭਾਲ ਵਿੱਚ ਗੰਗਾ, ਯਮੁਨਾ ਤੇ ਸਰਸਵਤੀ ਨਦੀਆਂ ਦੇ ਸੰਗਮ ’ਚ ਡੁਬਕੀ ਲਾਈ। 12 ਸਾਲ ਬਾਅਦ ਲੱਗਣ ਵਾਲੇ ਇਸ ਮੇਲੇ ਵਿੱਚ 45 ਦਿਨਾਂ ’ਚ 40 ਕਰੋੜ ਤੋਂ ਵੱਧ ਲੋਕਾਂ ਦੇ ਆਉਣ ਦੀ ਉਮੀਦ ਹੈ। ਸਾਧ-ਸੰਤਾਂ ਅਨੁਸਾਰ 144 ਸਾਲ ਮਗਰੋਂ ਗ੍ਰਹਿਆਂ ’ਚ ਤਬਦੀਲੀ ਹੋ ਰਹੀ ਹੈ ਜਿਸ ਕਾਰਨ ਇਸ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ। ਪੋਹ ਦੀ ਪੁੰਨਿਆ ਮੌਕੇ ਸ਼ੰਖਾਂ ਅਤੇ ਭਜਨਾਂ ਰਾਹੀਂ ਇਸ ਮੇਲੇ ਦਾ ਰਸਮੀ ਸ਼ੁਰੂਆਤ ਹੋਇਆ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ ਉਨ੍ਹਾਂ ਲੋਕਾਂ ਲਈ ਬਹੁਤ ਖਾਸ ਦਿਨ ਕਰਾਰ ਦਿੱਤਾ, ਜੋ ਭਾਰਤੀ ਕਦਰਾਂ-ਕੀਮਤਾਂ ਅਤੇ ਸੱਭਿਆਚਾਰ ਨੂੰ ਪਿਆਰ ਕਰਦੇ ਹਨ।

ਪਹਿਲੇ ਦਿਨ 1.65 ਕਰੋੜ ਸ਼ਰਧਾਲੂਆਂ ਨੇ ਸੰਗਮ ’ਚ ਇਸ਼ਨਾਨ ਕੀਤਾ। ਉਨ੍ਹਾਂ ਕਿਹਾ ਕਿ ਇਹ ਵਿਸ਼ਾਲ ਧਾਰਮਿਕ ਸਮਾਗਮ ਭਾਰਤ ਦੀ ਸਦੀਵੀ ਅਧਿਆਤਮਿਕ ਵਿਰਾਸਤ ਦਾ ਪ੍ਰਤੀਕ ਹੈ। ਉੱਤਰ ਪ੍ਰਦੇਸ਼ ਸਰਕਾਰ ਅਨੁਸਾਰ ਸਵੇਰੇ 9.30 ਵਜੇ ਤੱਕ 1.65 ਕਰੋੜ ਤੋਂ ਵੱਧ ਲੋਕਾਂ ਨੇ ਸੰਗਮ ਡੁਬਕੀ ਲਾਈ। ਇਸ ਦੌਰਾਨ ਹਰ ਪਾਸੇ ‘ਜੈ ਸ੍ਰੀ ਰਾਮ’, ‘ਹਰ ਹਰ ਮਹਾਦੇਵ’ ਅਤੇ ‘ਜੈ ਗੰਗਾ ਮਈਆ’ ਦੇ ਜੈਕਾਰੇ ਸੁਣਾਈ ਦੇ ਰਹੇ ਸਨ। ਦੇਸ਼ ਭਰ ਦੇ ਵੱਖ-ਵੱਖ ਰਾਜਾਂ ਤੋਂ ਆਏ ਲੋਕ ਪ੍ਰਯਾਗਰਾਜ ਦੇ ਵੱਖ-ਵੱਖ ਘਾਟਾਂ ’ਤੇ ਨਜ਼ਰ ਆਏ। ਮਹਾਕੁੰਭ ਵਿੱਚ ਵੱਖ-ਵੱਖ ਸੰਪਰਦਾਵਾਂ ਦੇ ਸੰਤਾਂ ਦੇ 13 ਅਖਾੜੇ ਹਿੱਸਾ ਲੈ ਰਹੇ ਹਨ। ਹਿਮਾਚਲ ਪ੍ਰਦੇਸ਼ ਦੇ ਹਮੀਰਪੁਰ ਤੋਂ ਆਏ ਕੈਲਾਸ਼ ਨਾਰਾਇਣ ਸ਼ੁਕਲਾ ਨੇ ਕਿਹਾ, ‘ਤੀਰਥ ਯਾਤਰੀਆਂ ਲਈ ਸ਼ਾਨਦਾਰ ਪ੍ਰਬੰਧ ਕੀਤੇ ਗਏ ਹਨ। ਸਾਨੂੰ ਇਸ਼ਨਾਨ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਆਈ।’ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਕਿਹਾ, ‘ਇੱਥੇ ਜਿੱਥੇ ਸੱਭਿਆਚਾਰਾਂ ਦਾ ਸੰਗਮ ਹੁੰਦਾ ਹੈ, ਉੱਥੇ ਵਿਸ਼ਵਾਸ ਤੇ ਸਦਭਾਵਨਾ ਦਾ ਵੀ ਸੰਗਮ ਹੁੰਦਾ ਹੈ’’। ਵਿਦੇਸ਼ਾਂ ਤੋਂ ਆਏ ਵੱਡੀ ਗਿਣਤੀ ਸ਼ਰਧਾਲੂ ਵੀ ਬਣ ਰਹੇ ਨੇ ਅਧਿਆਤਮਕ ਮਾਹੌਲ ਦੇ ਗਵਾਹ। ਮਹਾਕੁੰਭ ਮੌਕੇ ਗੰਗਾ, ਯਮੁਨਾ ਤੇ ਸਰਸਵਤੀ ਨਦੀਆਂ ਦੇ ਸੰਗਮ ’ਚ ਡੁਬਕੀ ਲਾਉਣ ਵਾਲੇ ਲੱਖਾਂ ਸ਼ਰਧਾਲੂਆਂ ’ਚ ਵਿਦੇਸ਼ਾਂ ਤੋਂ ਆਏ ਸ਼ਰਧਾਲੂ ਵੀ ਸ਼ਾਮਲ ਹਨ। ਅਮਰੀਕੀ ਫੌਜ ਦਾ ਸਾਬਕਾ ਜਵਾਨ ਮਾਈਕਲ, ਜਿਸ ਨੂੰ ਹੁਣ ਬਾਬਾ ਮੋਕਸ਼ਪੁਰੀ ਵਜੋਂ ਜਾਣਿਆ ਜਾਂਦਾ ਹੈ, ਨੇ ਜੂਨਾ ਅਖਾੜਾ ਵਿੱਚ ਸ਼ਾਮਲ ਹੋਣ ਦਾ ਆਪਣਾ ਸਫ਼ਰ ਸਾਂਝਾ ਕੀਤਾ। ਉਸ ਨੇ ਕਿਹਾ, ‘ਮੈਂ ਇੱਕ ਸਾਧਾਰਨ ਲੜਕਾ ਸੀ, ਜਿਸ ਦਾ ਆਪਣਾ ਪਰਿਵਾਰ ਅਤੇ ਕਰੀਅਰ ਸੀ। ਪਰ ਮੈਨੂੰ ਅਹਿਸਾਸ ਹੋਇਆ ਕਿ ਜ਼ਿੰਦਗੀ ਵਿੱਚ ਕੁਝ ਵੀ ਸਥਾਈ ਨਹੀਂ ਹੈ ਅਤੇ ਮੈਂ ਮੁਕਤੀ ਦੀ ਭਾਲ ਵਿੱਚ ਨਿਕਲ ਪਿਆ। ਮੈਂ ਆਪਣਾ ਜੀਵਨ ਸਨਾਤਨ ਧਰਮ ਦੇ ਪ੍ਰਚਾਰ ਲਈ ਸਮਰਪਿਤ ਕਰ ਦਿੱਤਾ।’ ਮਾਈਕਲ ਨੇ ਕਿਹਾ, ‘ਇਹ ਪ੍ਰਯਾਗਰਾਜ ਵਿੱਚ ਮੇਰਾ ਪਹਿਲਾ ਮਹਾਕੁੰਭ ਹੈ। ਇੱਥੋਂ ਦੀ ਅਧਿਆਤਮਿਕ ਭਾਵਨਾ ਅਸਾਧਾਰਨ ਅਤੇ ਬੇਮਿਸਾਲ ਹੈ।’ ਇਸੇ ਤਰ੍ਹਾਂ ਸਪੇਨ ਤੋਂ ਆਈ ਕ੍ਰਿਸਟੀਨਾ ਨੇ ਕਿਹਾ, ‘ਇਹ ਸ਼ਾਨਦਾਰ ਪਲ ਹੈ। ਅਜਿਹਾ ਮੈਂ ਪਹਿਲਾਂ ਕਦੇ ਨਹੀਂ ਦੇਖਿਆ।’

# ਕਰਜ਼ੇ ਤੋਂ ਤੰਗ ਆ ਕੇ ਨੌਜਵਾਨ ਨੇ ਆਪਣੇ ਆਪ ਨੂੰ ਗੋਲੀ ਮਾਰ ਕੇ ਕੀਤੀ ਖ਼ੁਦਕੁਸ਼ੀ

ਮੋਗਾ: ਮੋਗਾ ਜ਼ਿਲ੍ਹੇ ਦੇ ਪਿੰਡ ਰਾਊਕੇ ਕਲਾਂ ਵਿਖੇ ਮਾਨਸਿਕ ਪਰੇਸ਼ਾਨੀ ਚੱਲਦਿਆਂ ਗਗਨਦੀਪ ਸਿੰਘ 35 ਸਾਲ ਪੁੱਤਰ ਗੁਰਮੇਲ ਸਿੰਘ ਨੇ ਬੀਤੇ ਕੱਲ ਆਪਣੇ ਘਰ ਵਿੱਚ ਆਪਣੇ ਲਾਇਸੈਂਸੀ ਹਥਿਆਰ ਨਾਲ ਆਪਣੇ ਆਪ ਨੂੰ ਗੋਲੀ ਮਾਰ ਲਈ। ਜਿਸ ਤੋਂ ਬਾਅਦ ਉਸ ਨੂੰ ਜ਼ਖ਼ਮੀ ਹਾਲਤ ਵਿੱਚ ਮੋਗਾ ਦੇ ਇੱਕ ਪ੍ਰਾਈਵੇਟ ਹਸਪਤਾਲ ਲਿਆਂਦਾ ਗਿਆ ਪਰੰਤੂ ਸਿਰ ਵਿੱਚ ਗੋਲੀ ਵੱਜਣ ਕਰਕੇ ਅੱਜ ਉਸ ਨੇ ਦਮ ਤੋੜ ਗਿਆ।

ਮ੍ਰਿਤਕ ਦੇ ਦੋ ਛੋਟੇ ਛੋਟੇ ਹਨ ਅਤੇ ਅਤੇ ਮ੍ਰਿਤਕ ਗਗਨਦੀਪ ਸਿੰਘ ਅਮਰੀਕਾ ਵਿੱਚ ਪੰਜ ਸਾਲ ਲਗਾ ਕੇ ਵਾਪਸ ਆਪਣੇ ਪਿੰਡ ਆਇਆ ਸੀ। ਪੁਲਿਸ ਵਲੋ ਮ੍ਰਿਤਕ ਦੇ ਪਰਿਵਾਰਿਕ ਮੈਂਬਰਾਂ ਦੇ ਆਧਾਰ 'ਤੇ ਕਾਰਵਾਈ ਕੀਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਮ੍ਰਿਤਕ ਗਗਨਦੀਪ ਸਿੰਘ ਅਮਰੀਕਾ ਵਿੱਚ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਉਥੇ ਗਗਨਦੀਪ ਦੀ ਸੈਟਿੰਗ ਨਹੀਂ ਹੋਈ ਸੀ ਅਤੇ ਉਹ ਪੰਜ ਸਾਲ ਅਮਰੀਕਾ ਵਿੱਚ ਲਗਾ ਕੇ ਦੋ ਮਹੀਨੇ ਪਹਿਲਾਂ ਵਾਪਸ ਆਇਆ ਸੀ। ਦੱਸਿਆ ਇਹ ਵੀ ਜਾ ਰਿਹਾ ਹੈ ਕਿ ਉਸ ਨੇ ਲੋਕਾਂ ਤੋਂ ਕਾਫ਼ੀ ਕਰਜ਼ਾ ਲਿਆ ਹੋਇਆ ਸੀ ਅਤੇ ਜਦੋਂ ਲੋਕ ਆਪਣੇ ਪੈਸੇ ਮੰਗਣ ਲੱਗੇ ਤਾਂ ਉਹ ਦਿਮਾਗੀ ਤੌਰ 'ਤੇ ਪਰੇਸ਼ਾਨ ਰਹਿਣ ਲੱਗ ਗਿਆ। 11 ਜਨਵਰੀ ਦੇਰ ਰਾਤ ਉਸ ਨੇ ਆਪਣੀ ਲਾਇਸੈਂਸੀ ਰਿਵਾਲਵਰ ਨਾਲ ਆਪਣੇ ਆਪ ਨੂੰ ਗੋਲੀ ਮਾਰ ਲਈ। ਜਿਸ ਨੂੰ ਇਲਾਜ ਲਈ ਨਿੱਜੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਜਿੱਥੇ ਉਸ ਦੀ ਇਲਾਜ ਦੌਰਾਨ ਮੌਤ ਹੋ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਥਾਣਾ ਬੱਧਨੀ ਕਲਾਂ ਦੇ ਇੰਸਪੈਕਟਰ ਗੁਰਮੇਲ ਸਿੰਘ ਨੇ ਦੱਸਿਆ ਕਿ ਗਗਨਦੀਪ ਸਿੰਘ ਪਿੰਡ ਰਾਊਕੇ ਕਲਾਂ ਦਾ ਰਹਿਣ ਵਾਲਾ ਸੀ ਅਤੇ ਦਿਮਾਗੀ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਉਸਨੇ ਆਪਣੇ ਲਾਇਸੈਂਸੀ ਰਿਵਾਲਵਰ ਨਾਲ ਆਪਣੇ ਆਪ ਨੂੰ ਗੋਲੀ ਮਾਰ ਲਈ।

# ਵਿਦੇਸ਼ ਮੰਤਰਾਲੇ ਵੱਲੋਂ ਬੰਗਲਾਦੇਸ਼ ਦਾ ਡਿਪਟੀ ਹਾਈ ਕਮਿਸ਼ਨਰ ਤਲਬ



ਨਵੀਂ ਦਿੱਲੀ: ਵਿਦੇਸ਼ ਮੰਤਰਾਲੇ ਵੱਲੋਂ ਅੱਜ ਭਾਰਤ ਵਿੱਚ ਬੰਗਲਾਦੇਸ਼ ਦੇ ਡਿਪਟੀ ਹਾਈ ਕਮਿਸ਼ਨਰ ਮੁਹੰਮਦ ਨੂਰਲ ਇਸਲਾਮ ਨੂੰ ਤਲਬ ਕੀਤਾ ਗਿਆ। ਢਾਕਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਪ੍ਰਣਯ ਵਰਮਾ ਨੂੰ ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਵੱਲੋਂ ਤਲਬ ਕੀਤੇ ਜਾਣ ਤੋਂ ਇਕ ਦਿਨ ਬਾਅਦ ਅੱਜ ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਵੀ ਭਾਰਤ ’ਚ ਬੰਗਲਾਦੇਸ਼ ਦੇ ਡਿਪਟੀ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਗਿਆ।

ਬੰਗਲਾਦੇਸ਼ ਵਿਦੇਸ਼ ਮੰਤਰਾਲੇ ਨੇ ਭਾਰਤ-ਬੰਗਲਾਦੇਸ਼ ਸਰਹੱਦ ਦੇ ਨਾਲ ਹਾਲ ਹੀ ਵਿੱਚ ਕੀਤੀ ਚਾਰਦੀਵਾਰੀ ’ਤੇ ਡੂੰਘੀ ਚਿੰਤਾ ਜ਼ਾਹਿਰ ਕੀਤੀ ਸੀ ਅਤੇ ਆਪਣਾ ਇਤਰਾਜ਼ ਦਾਇਰ ਕਰਨ ਲਈ ਭਾਰਤ ਦੇ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਸੀ।

ਬੰਗਲਾਦੇਸ਼ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਵਿੱਚ ਕਿਹਾ, “ਬੰਗਲਾਦੇਸ਼ ਦੇ ਵਿਦੇਸ਼ ਸਕੱਤਰ ਰਾਜਦੂਤ ਮੁਹੰਮਦ ਜਾਸ਼ਿਮ ਉੱਦਿਨ ਨੇ ਐਤਵਾਰ ਨੂੰ ਭਾਰਤ ਦੇ ਹਾਈ ਕਮਿਸ਼ਨਰ ਪ੍ਰਣਯ ਵਰਮਾ ਕੋਲ ਹਾਲ ਹੀ ਵਿੱਚ ਬੰਗਲਾਦੇਸ਼-ਭਾਰਤ ਸਰਹੱਦ ਦੇ ਨਾਲ ਭਾਰਤ ਦੇ ਸੀਮਾ ਸੁਰੱਖਿਆ ਬਲ ਵੱਲੋਂ ਕੀਤੀਆਂ ਗਈਆਂ ਗਤੀਵਿਧੀਆਂ ਬਾਰੇ ਬੰਗਲਾਦੇਸ਼ ਸਰਕਾਰ ਵੱਲੋਂ ਡੂੰਘੀ ਚਿੰਤਾ ਜ਼ਾਹਿਰ ਕੀਤੀ।” ਉਨ੍ਹਾਂ ਜ਼ੋਰ ਦੇ ਕੇ ਕਿਹਾ ਸੀ ਕਿ ਅਜਿਹੀਆਂ ਗਤੀਵਿਧੀਆਂ, ਖ਼ਾਸ ਕਰ ਕੇ ਚਾਰਦੀਵਾਰੀ ਵਰਗੀ ਗੈਰ-ਕਾਨੂੰਨੀ ਕੋਸ਼ਿਸ਼ ਅਤੇ ਬੀਐੱਸਐੱਫ ਵੱਲੋਂ ਅਜਿਹੀਆਂ ਹੋਰ ਕਾਰਵਾਈਆਂ ਕੀਤੇ ਜਾਣ ਕਾਰਨ ਸਰਹੱਦ ਦੇ ਨਾਲ ਤਣਾਅ ਤੇ ਗੜਬੜ ਪੈਦਾ ਹੋ ਗਈ ਹੈ।

## ਤਾਲਿਬਾਨ ’ਤੇ ਇਜ਼ਰਾਈਲ ਵਿਰੁਧ ਗਰਜੀ ਮਲਾਲਾ ਯੂਸਫ਼ਜ਼ਈ



ਇਸਲਾਮਾਬਾਦ: ਨੋਬਲ ਸ਼ਾਂਤੀ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਨੇ ਐਤਵਾਰ ਨੂੰ ਅਫਗਾਨ ਤਾਲਿਬਾਨ ਸਰਕਾਰ ਦੀ ਆਲੋਚਨਾ ਕੀਤੀ ਕਿ ਉਹ ਸਭਿਆਚਾਰ ਅਤੇ ਧਰਮ ਦੇ ਨਾਂ ’ਤੇ ਔਰਤਾਂ ਵਿਰੁਧ ਲਿੰਗ ਵਿਤਕਰੇ ਦੀ ਪ੍ਰਣਾਲੀ ਸਥਾਪਤ ਕਰ ਰਹੀ ਹੈ। ਇਸਲਾਮਾਬਾਦ ’ਚ ਕੌਮਾਂਤਰੀ ਕਾਨਫ਼ਰੰਸ ਦੇ ਦੂਜੇ ਅਤੇ ਆਖ਼ਰੀ ਦਿਨ ਮੁਸਲਮਾਨ ਦੇਸ਼ਾਂ ’ਚ ਕੁੜੀਆਂ ਦੀ ਸਿੱਖਿਆ ਦੇ ਮਾਮਲੇ ’ਤੇ ਬੋਲਦਿਆਂ ਮਲਾਲਾ ਨੇ ਕਿਹਾ, “ਸਿੱਧੇ ਸ਼ਬਦਾਂ ’ਚ ਕਹੀਏ ਤਾਂ ਤਾਲਿਬਾਨ ਔਰਤਾਂ ਨੂੰ ਇਨਸਾਨ ਦੇ ਰੂਪ ’ਚ ਨਹੀਂ ਦੇਖਦਾ। ਉਹ ਅਪਣੇ ਜੁਰਮਾਂ ਨੂੰ ਸਭਿਆਚਾਰਕ ਅਤੇ ਧਾਰਮਕ ਜਾਇਜ਼ਤਾ ’ਚ ਲੁਕਾਉਂਦੇ ਹਨ। ਇਹ ਨੀਤੀਆਂ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹਨ ਅਤੇ ਇਸਲਾਮਿਕ ਸਿੱਖਿਆਵਾਂ ਵਿਚ ਇਨ੍ਹਾਂ ਦਾ ਕੋਈ ਆਧਾਰ ਨਹੀਂ ਹੈ।” ਤਾਲਿਬਾਨ ਨੇ 2021 ਵਿਚ ਅਸ਼ਰਫ ਗਨੀ ਦੀ ਸਰਕਾਰ ਨੂੰ ਹਟਾ ਕੇ ਸੱਤਾ ’ਤੇ ਮੁੜ ਕਬਜ਼ਾ ਕਰ ਲਿਆ ਸੀ ਅਤੇ ਉਦੋਂ ਤੋਂ ਅਫਗਾਨਿਸਤਾਨ ’ਤੇ ਕਈ ਮਹਿਲਾ ਵਿਰੋਧੀ ਨੀਤੀਆਂ ਨੂੰ ਕਾਨੂੰਨੀ ਰੂਪ ਦਿਤਾ ਸੀ, ਜਿਸ ਵਿਚ ਉਨ੍ਹਾਂ ਨੂੰ ਸਿੱਖਿਆ ਦੇ ਅਧਿਕਾਰ ਤੋਂ ਵਾਂਝਾ ਕਰਨਾ ਵੀ ਸ਼ਾਮਲ ਸੀ। 27 ਸਾਲ ਦੀ ਨੋਬਲ ਪੁਰਸਕਾਰ ਜੇਤੂ ਨੇ ਅਫਗਾਨ ਸਰਕਾਰ ’ਤੇ ਦੇਸ਼ ’ਚ ਇਸਲਾਮਿਕ ਪ੍ਰਣਾਲੀ ਲਾਗੂ ਕਰਨ ਦੇ ਦਾਅਵੇ ’ਤੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ ਅਤੇ ਕੋਈ ਵੀ ਸਭਿਆਚਾਰਕ ਜਾਂ ਧਾਰਮਕ ਬਹਾਨਾ ਇਨ੍ਹਾਂ ਨੂੰ ਜਾਇਜ਼ ਨਹੀਂ ਠਹਿਰਾ ਸਕਦਾ।

ਉਨ੍ਹਾਂ ਮੁਸਲਿਮ ਨੇਤਾਵਾਂ ਨੂੰ ਅਪੀਲ ਕੀਤੀ ਕਿ ਉਹ ਅਫਗਾਨਿਸਤਾਨ ਵਿਚ ਤਾਲਿਬਾਨ ਦੀ ਸਰਕਾਰ ਨੂੰ ਮਾਨਤਾ ਦੇਣ ਤੋਂ ਪਰਹੇਜ਼ ਕਰਨ ਅਤੇ ਔਰਤਾਂ ਤੇ ਕੁੜੀਆਂ ਲਈ ਸਿੱਖਿਆ ਨੂੰ ਸੀਮਤ ਕਰਨ ਵਾਲੀਆਂ ਉਨ੍ਹਾਂ ਦੀਆਂ ਨੀਤੀਆਂ ਦੇ ਵਿਰੁਧ ਖੜ੍ਹੇ ਹੋ ਕੇ ਸੱਚੀ ਅਗਵਾਈ ਦਾ ਪ੍ਰਦਰਸ਼ਨ ਕਰਨ। ਉਨ੍ਹਾਂ ਨੇ ਤਾਲਿਬਾਨ ਸ਼ਾਸਨ ਨੂੰ ‘ਲਿੰਗ ਵਿਤਕਰੇ ਦੇ ਦੋਸ਼ੀ’ ਕਰਾਰ ਦਿੰਦੇ ਹੋਏ ਮੁਸਲਿਮ ਨੇਤਾਵਾਂ ਨੂੰ ਕਿਹਾ, “ਉਨ੍ਹਾਂ ਨੂੰ ਜਾਇਜ਼ ਨਾ ਠਹਿਰਾਇਆ ਜਾਵੇ। ਅਫਗਾਨਿਸਤਾਨ ’ਚ ਕੁੜੀਆਂ ਦੀ ਇਕ ਪੂਰੀ ਪੀੜ੍ਹੀ ਦਾ ਭਵਿੱਖ ਲੁੱਟਿਆ ਜਾ ਰਿਹਾ ਹੈ।” ਉਨ੍ਹਾਂ ਕਿਹਾ, “ਤਾਲਿਬਾਨ ਨੇ ਹਰ ਅਫਗਾਨ ਕੁੜੀ ਤੋਂ ਸਿਖਿਆ ਦੇ ਅਧਿਕਾਰ ਨੂੰ ਖੋਹ ਲਿਆ ਹੈ ਅਤੇ ਉਹ ਜਨਤਕ ਜੀਵਨ ਦੇ ਹਰ ਪਹਿਲੂ ਤੋਂ ਔਰਤਾਂ ਅਤੇ ਕੁੜੀਆਂ ਨੂੰ ਖਤਮ ਕਰਨਾ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਸਮਾਜ ਤੋਂ ਮਿਟਾਉਣਾ ਚਾਹੁੰਦੇ ਹਨ।” ਮਲਾਲਾ ਨੇ ਇਹ ਵੀ ਕਿਹਾ ਕਿ 1.2 ਕਰੋੜ ਪਾਕਿਸਤਾਨੀ ਕੁੜੀਆਂ ਸਕੂਲ ਤੋਂ ਬਾਹਰ ਹਨ, ਜੋ ਦੁਨੀਆਂ ’ਚ ਸੱਭ ਤੋਂ ਵੱਧ ਗਿਣਤੀ ’ਚੋਂ ਇਕ ਹੈ। ਮਲਾਲਾ ਨੇ ਗਾਜ਼ਾ ’ਚ ਇਜ਼ਰਾਈਲ ਦੀਆਂ ਕਾਰਵਾਈਆਂ ਦੀ ਵੀ ਆਲੋਚਨਾ ਕੀਤੀ ਅਤੇ ਉਸ ’ਤੇ ਖੇਤਰ ਦੀ ਸਿੱਖਿਆ ਪ੍ਰਣਾਲੀ ਨੂੰ ਖਤਮ ਕਰਨ ਅਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ, ‘‘ਗਾਜ਼ਾ ’ਚ ਇਜ਼ਰਾਈਲ ਨੇ ਪੂਰੀ ਸਿੱਖਿਆ ਪ੍ਰਣਾਲੀ ਨੂੰ ਤਬਾਹ ਕਰ ਦਿਤਾ ਹੈ। ਉਨ੍ਹਾਂ ਨੇ ਸਾਰੀਆਂ ਯੂਨੀਵਰਸਿਟੀਆਂ ’ਤੇ ਬੰਬ ਸੁੱਟੇ ਹਨ, 90 ਫ਼ੀ ਸਦੀ ਤੋਂ ਵੱਧ ਸਕੂਲਾਂ ਨੂੰ ਤਬਾਹ ਕਰ ਦਿਤਾ ਹੈ ਅਤੇ ਸਕੂਲਾਂ ਦੀਆਂ ਇਮਾਰਤਾਂ ’ਚ ਪਨਾਹ ਲੈ ਰਹੇ ਨਾਗਰਿਕਾਂ ’ਤੇ ਅੰਨ੍ਹੇਵਾਹ ਹਮਲਾ ਕੀਤਾ ਹੈ।’’ ਉਸ ਨੇ ਕੌਮਾਂਤਰੀ ਏਕਤਾ ਨੂੰ ਸੰਘਰਸ਼ ਵਾਲੇ ਖੇਤਰਾਂ ’ਚ ਸਿੱਖਿਆ ਦਾ ਸਮਰਥਨ ਕਰਨ ਅਤੇ ਔਰਤਾਂ ਅਤੇ ਲੜਕੀਆਂ ਵਿਰੁਧ ਵਿਤਕਰੇ ਵਾਲੀਆਂ ਰਵਾਇਤਾਂ ਨੂੰ ਖਤਮ ਕਰਨ ਦੀ ਅਪੀਲ ਕੀਤੀ।

ਮਲਾਲਾ ਨੂੰ 15 ਸਾਲ ਦੀ ਉਮਰ ’ਚ ਪਾਕਿਸਤਾਨੀ ਤਾਲਿਬਾਨ ਨੇ ਉਨ੍ਹਾਂ ਦਾ ਵਿਰੋਧ ਕਰਨ ਲਈ ਸਿਰ ’ਤੇ ਗੋਲੀ ਮਾਰ ਦਿਤੀ ਸੀ ਪਰ ਉਹ ਕੁੜੀਆਂ ਦੀ ਸਿੱਖਿਆ ਲਈ ਲਚਕੀਲੇਪਣ ਅਤੇ ਵਕਾਲਤ ਦਾ ਵਿਸ਼ਵਵਿਆਪੀ ਪ੍ਰਤੀਕ ਬਣ ਗਈ ਸੀ। ਉਹ ਦੋ ਦਿਨਾਂ ਸਿਖਰ ਸੰਮੇਲਨ ਵਿਚ ਹਿੱਸਾ ਲੈਣ ਲਈ ਪਾਕਿਸਤਾਨ ਆਈ ਸੀ, ਜਿਸ ਦਾ ਉਦੇਸ਼ ਮੁਸਲਿਮ ਭਾਈਚਾਰਿਆਂ ਵਿਚ ਲੜਕੀਆਂ ਦੀ ਸਿੱਖਿਆ ਵਿਚ ਚੁਣੌਤੀਆਂ ਨਾਲ ਨਜਿੱਠਣਾ ਅਤੇ ਸਿੱਖਿਆ ਤਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਣ ਵਿਚ ਕੌਮਾਂਤਰੀ ਲੀਡਰਸ਼ਿਪ ਦੀ ਭੂਮਿਕਾ ਦੀ ਪੜਚੋਲ ਕਰਨਾ ਸੀ।

## ਯੂਕੇ ਸ਼ੇਖ ਹਸੀਨਾ ਦੀ ਭਤੀਜੀ ਦੇ ਭ੍ਰਿਸ਼ਟਾਚਾਰ ਘੁਟਾਲੇ ਦੀ ਜਾਂਚ ਪੜਤਾਲ ਕਰੇ: ਯੂਨਸ





ਢਾਕਾ: ਬੰਗਲਾਦੇਸ਼ ਦੀ ਅੰਤਰਿਮ ਸਰਕਾਰ ਦੇ ਮੁੱਖ ਸਲਾਹਕਾਰ ਮੁਹੰਮਦ ਯੂਨਸ ਨੇ ਬਰਤਾਨਵੀ ਮੰਤਰੀ ਟਿਊਲਿਪ ਸਿੱਦੀਕੀ ਅਤੇ ਉਸ ਦੇ ਪਰਿਵਾਰ ਦੀਆਂ ਜਾਇਦਾਦਾਂ ਦੀ ਜਾਂਚ ਪੜਤਾਲ ਕਰਨ ਦੀ ਮੰਗ ਕੀਤੀ ਹੈ। ਯੂਨਸ ਨੇ ਸੰਕੇਤ ਦਿੱਤਾ ਕਿ ਸਿੱਦੀਕੀ ਨੇ ਆਪਣੀ ਮਾਸੀ ਸ਼ੇਖ ਹਸੀਨਾ ਦੇ ਬੰਗਲਾਦੇਸ਼ ਦੇ ਪ੍ਰਧਾਨ ਮੰਤਰੀ ਵਜੋਂ ਕਾਰਜਕਾਲ ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਇਹ ਜਾਇਦਾਦ ਬਣਾਈ ਹੋ ਸਕਦੀ ਹੈ। ਟਾਈਮਜ਼ ਅਖ਼ਬਾਰ ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਯੂਨਸ ਨੇ ਸਿੱਦੀਕੀ ਅਤੇ ਉਨ੍ਹਾਂ ਦੇ ਪਰਿਵਾਰ ਨੂੰ ‘ਉਨ੍ਹਾਂ ਦੀ ਮਾਸੀ ਦੇ ਗੱਦੀਓਂ ਲਾਹੇ ਸ਼ਾਸਨ ਦੇ ਸਹਿਯੋਗੀਆਂ’ ਦੁਆਰਾ ਤੋਹਫ਼ੇ ਵਿੱਚ ਦਿੱਤੀਆਂ ਜਾਇਦਾਦਾਂ ਦੀ ਵਰਤੋਂ ਦੀ ਨਿੰਦਾ ਕੀਤੀ। ਉਨ੍ਹਾਂ ਮੰਗ ਕੀਤੀ ਕਿ ਜੇਕਰ ਇਹ ਸਾਬਤ ਹੁੰਦਾ ਹੈ ਕਿ ਟਿਊਲਿਪ ਨੂੰ ‘ਸਿੱਧਾ ਲਾਭ’ ਹੋਇਆ ਹੈ ਤਾਂ ਉਨ੍ਹਾਂ ਦੀ ਜਾਇਦਾਦ ਬੰਗਲਾਦੇਸ਼ ਨੂੰ ਵਾਪਸ ਕੀਤੀ ਜਾਵੇ। ਪਿਛਲੀ ਸਰਕਾਰ ’ਤੇ ਧੋਖਾਧੜੀ ਰਾਹੀਂ ਪੈਸੇ ਦੀ ਹੇਰਾ-ਫੇਰੀ ਕਰਨ ਦੇ ਦੋਸ਼ ਲਾਉਂਦਿਆਂ ਯੂਨਸ ਨੇ ਕਿਹਾ, “ਇਹ ਸਾਫ਼ ਡਕੈਤੀ ਹੈ।” ਬਰਤਾਨਵੀ ਲੇਬਰ ਕੈਬਨਿਟ ਦੀ ਮੈਂਬਰ ਟਿਊਲਿਪ ਸਿੱਦੀਕੀ, ਆਰਥਿਕ ਮਾਮਲਿਆਂ ਦੀ ਮੰਤਰੀ ਵਜੋਂ ਸੇਵਾਵਾਂ ਨਿਭਾ ਰਹੀ ਹੈ, ਜੋ ਬਰਤਾਨੀਆ ਦੇ ਵਿੱਤੀ ਬਾਜ਼ਾਰਾਂ ’ਚ ਭ੍ਰਿਸ਼ਟਾਚਾਰ ਨਾਲ ਨਜਿੱਠਣ ਲਈ ਜ਼ਿੰਮੇਵਾਰ ਹੈ। ਯੂਨਸ ਦੀ ਇੰਟਰਵਿਊ ਪ੍ਰਕਾਸ਼ਿਤ ਹੋਣ ਤੋਂ ਇੱਕ ਦਿਨ ਬਾਅਦ ਇੱਕ ਬਰਤਾਨਵੀ ਅਖ਼ਬਾਰ ਨੇ ਇੱਕ ਹੋਰ ਰਿਪੋਰਟ ਪ੍ਰਕਾਸ਼ਿਤ ਕੀਤੀ ਜਿਸ ਦਾ ਸਿਰਲੇਖ ਸੀ, “ਬੰਗਲਾਦੇਸ਼ੀ ਨੇਤਾ ਦੀ ਫਟਕਾਰ ਤੋਂ ਬਾਅਦ ਯੂਕੇ ਦੇ ਪ੍ਰਧਾਨ ਮੰਤਰੀ ਤੋਂ ਟਿਊਲਿਪ ਸਿੱਦੀਕੀ ਨੂੰ ਬਰਖ਼ਾਸਤ ਕਰਨ ਦੀ ਮੰਗ।”

## ਛੱਤੀਸਗੜ੍ਹ ਦੇ ਬੀਜਾਪੁਰ ’ਚ ਸੁਰੱਖਿਆ ਬਲਾਂ ਨਾਲ ਮੁਕਾਬਲੇ ’ਚ 3 ਨਕਸਲੀ ਹਲਾਕ

ਬੀਜਾਪੁਰ: ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ’ਚ ਐਤਵਾਰ ਨੂੰ ਸੁਰੱਖਿਆ ਬਲਾਂ ਨਾਲ ਮੁਕਾਬਲੇ ’ਚ ਤਿੰਨ ਨਕਸਲੀ ਮਾਰੇ ਗਏ। ਬਸਤਰ ਖੇਤਰ ਦੇ ਪੁਲਿਸ ਇੰਸਪੈਕਟਰ ਜਨਰਲ (ਆਈ.ਜੀ.ਪੀ.) ਸੁੰਦਰਰਾਜ ਪੀ. ਨੇ ਦਸਿਆ ਕਿ ਨਕਸਲ ਵਿਰੋਧੀ ਮੁਹਿੰਮ ’ਤੇ ਗਈ ਸੁਰੱਖਿਆ ਕਰਮਚਾਰੀਆਂ ਦੀ ਇਕ ਸਾਂਝੀ ਟੀਮ ਨੇ ਸਵੇਰੇ ਇੰਦਰਾਵਤੀ ਨੈਸ਼ਨਲ ਪਾਰਕ ਖੇਤਰ ਦੇ ਜੰਗਲ ’ਚ ਨਕਸਲੀਆਂ ਦਾ ਸਾਹਮਣਾ ਕੀਤਾ। ਉਨ੍ਹਾਂ ਦਸਿਆ ਕਿ ਇਸ ਮੁਹਿੰਮ ’ਚ ਜ਼ਿਲ੍ਹਾ ਰਿਜ਼ਰਵ ਗਾਰਡ (ਡੀ.ਆਰ.ਜੀ.), ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਅਤੇ ਜ਼ਿਲ੍ਹਾ ਫੋਰਸ ਦੇ ਜਵਾਨ ਸ਼ਾਮਲ ਸਨ। ਅਧਿਕਾਰੀ ਨੇ ਦਸਿਆ ਕਿ ਰੁਕ-ਰੁਕ ਕੇ ਗੋਲੀਬਾਰੀ ਰੁਕਣ ਤੋਂ ਬਾਅਦ ਮੌਕੇ ਤੋਂ ਤਿੰਨ ਵਰਦੀਧਾਰੀ ਨਕਸਲੀਆਂ ਦੀਆਂ ਲਾਸ਼ਾਂ, ਆਟੋਮੈਟਿਕ ਹਥਿਆਰ ਅਤੇ ਵਿਸਫੋਟਕ ਬਰਾਮਦ ਕੀਤੇ ਗਏ। ਉਨ੍ਹਾਂ ਕਿਹਾ ਕਿ ਇਲਾਕੇ ’ਚ ਤਲਾਸ਼ੀ ਮੁਹਿੰਮ ਅਜੇ ਵੀ ਜਾਰੀ ਹੈ। ਇਸ ਦੇ ਨਾਲ ਹੀ ਇਸ ਸਾਲ ਹੁਣ ਤਕ ਸੂਬੇ ’ਚ ਵੱਖ-ਵੱਖ ਮੁਕਾਬਲਿਆਂ ’ਚ 12 ਨਕਸਲੀ ਮਾਰੇ ਜਾ ਚੁਕੇ ਹਨ।

## ਦੁਨੀਆ ਦਾ ਸਭ ਤੋਂ ਵੱਡਾ ‘ਮਹਾਕੁੰਭ’ ਮੇਲਾ 13 ਜਨਵਰੀ ਤੋਂ



ਪ੍ਰਯਾਗਰਾਜ: ਸਭ ਤੋਂ ਵੱਡੀ ਮਨੁੱਖੀ ਸਭਾ ਵਜੋਂ ਜਾਣਿਆ ਜਾਂਦਾ 45 ਰੋਜ਼ਾ ਮਹਾਕੁੰਭ ਭਲਕੇ 13 ਜਨਵਰੀ ਨੂੰ ਪੋਹ ਦੀ ਪੁੰਨਿਆ ਮੌਕੇ ਸੰਗਮ (ਗੰਗਾ, ਯਮੁਨ ਤੇ ਸਰਸਵਤੀ ਨਦੀਆਂ) ਨੇੜੇ ਪਹਿਲੇ ਪ੍ਰਮੁੱਖ ਧਾਰਮਿਕ ਕਾਰਜ ਜਾਂ ‘ਸ਼ਾਹੀ ਇਸ਼ਨਾਨ’ ਨਾਲ ਸ਼ੁਰੂ ਹੋਵੇਗਾ। ਮੌਜੂਦਾ ਕੁੰਭ 12 ਸਾਲਾਂ ਮਗਰੋਂ ਹੋਣ ਜਾ ਰਿਹਾ ਹੈ ਹਾਲਾਂਕਿ ਸਾਧ-ਸੰਤਾਂ ਅਨੁਸਾਰ 144 ਸਾਲ ਮਗਰੋਂ ਗ੍ਰਹਿਆਂ ’ਚ ਤਬਦੀਲੀ ਹੋ ਰਹੀ ਹੈ ਜਿਸ ਕਾਰਨ ਇਸ ਦਾ ਮਹੱਤਵ ਹੋਰ ਵੀ ਵੱਧ ਗਿਆ ਹੈ। ਉੱਤਰ ਪ੍ਰਦੇਸ਼ ਸਰਕਾਰ ਦਾ ਦਾਅਵਾ ਹੈ ਕਿ ਇਸ ਮੌਕੇ 35 ਕਰੋੜ ਤੋਂ ਵੱਧ ਸ਼ਰਧਾਲੂਆਂ ਦੇ ਪੁੱਜਣ ਦੀ ਉਮੀਦ ਹੈ ਪਰ ਦੱਸਿਆ ਜਾ ਰਿਹਾ ਹੈ ਕਿ ਸਮਾਗਮ ਦੀ ਰਸਮੀ ਸ਼ੁਰੂਆਤ ਤੋਂ ਪਹਿਲਾਂ ਹੀ 25 ਲੱਖ ਤੋਂ ਵੱਧ ਸ਼ਰਧਾਲੂ ਸੰਗਮ ’ਚ ਡੁਬਕੀ ਲਗਾ ਚੁੱਕੇ ਹਨ। ਅਧਿਕਾਰੀਆਂ ਨੇ ਦੱਸਿਆ, ‘ਇਸ ਵਾਰ ਇਹ ਵਿਲੱਖਣ ਮਹਾਕੁੰਭ ਹੋਵੇਗਾ।

ਅਧਿਆਤਮਿਕਤਾ ਦੇ ਨਾਲ ਨਾਲ ਇਹ ਆਧੁਨਿਕਤਾ ਦਾ ਪ੍ਰਦਰਸ਼ਨ ਵੀ ਕਰੇਗਾ ਕਿਉਂਕਿ ਇਸ ਵਾਰ ਇਹ ਇੱਕ ਤਰ੍ਹਾਂ ਦਾ ਡਿਜੀ-ਕੁੰਭ ਹੋਣ ਜਾ ਰਿਹਾ ਹੈ ਜਿਸ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵੱਡੇ ਪੱਧਰ ’ਤੇ ਵਰਤੋਂ ਕੀਤੀ ਜਾਵੇਗੀ।’ ਦੁਨੀਆ ਭਰ ਤੋਂ ਵੱਡੀ ਗਿਣਤੀ ਸਾਧ-ਸੰਤ ਮਹਾਕੁੰਭ ਲਈ ਪਹੁੰਚ ਚੁੱਕੇ ਹਨ। ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਪ੍ਰਯਾਗਰਾਜ ਦੀਆਂ ਆਪਣੀਆਂ ਕਈ ਯਾਤਰਾਵਾਂ ’ਚੋਂ ਇੱਕ ਦੌਰਾਨ ਕਿਹਾ ਸੀ ਕਿ 13 ਜਨਵਰੀ ਤੋਂ 26 ਫਰਵਰੀ ਤੱਕ ਹੋਣ ਵਾਲਾ ਮਹਾਕੁੰਭ ਭਾਰਤ ਦੀ ਪ੍ਰਾਚੀਨ ਸੱਭਿਅਤਾ ਤੇ ਧਾਰਮਿਕ ਰਵਾਇਤਾਂ ਨੂੰ ਆਲਮੀ ਪੱਧਰ ਤੱਕ ਪਹੁੰਚਾਏਗਾ। ਉੱਤਰ ਪ੍ਰਦੇਸ਼ ਦੇ ਮੁੱਖ ਸਕੱਤਰ ਮਨੋਜ ਕੁਮਾਰ ਸਿੰਘ ਨੇ ਕਿਹਾ ਕਿ ਸੰਗਮ ਨੇੜੇ ਹੋਣ ਵਾਲੇ 45 ਰੋਜ਼ਾ ਇੱਕ ਸਮਾਗਮ ’ਚ 35 ਕਰੋੜ ਤੋਂ ਵੱਧ ਸ਼ਰਧਾਲੂਆਂ ਦੇ ਸ਼ਾਮਲ ਹੋਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਮੌਨੀ ਮੱਸਿਆ ਦੌਰਾਨ ਅਨੁਮਾਨਤ 4-5 ਕਰੋੜ ਸ਼ਰਧਾਲੂਆਂ ਦੇ ਪ੍ਰਯਾਗਰਾਜ ਪੁੱਜਣ ਤੇ ਇਸ਼ਨਾਨ ’ਚ ਸ਼ਾਮਲ ਹੋਣ ਦੀ ਉਮੀਦ ਹੈ। ਉਨ੍ਹਾਂ ਦੱਸਿਆ ਕਿ ਮਹਾਕੁੰਭ ਲਈ ਸੂਬੇ ਦਾ ਬਜਟ ਤਕਰੀਬਨ ਸੱਤ ਹਜ਼ਾਰ ਕਰੋੜ ਰੁਪਏ ਦਾ ਹੈ। ਉਨ੍ਹਾਂ ਕਿਹਾ, ‘ਪਿਛਲਾ ਕੁੰਭ ਸਵੱਛਤਾ ਲਈ ਜਾਣਿਆ ਜਾਂਦਾ ਸੀ। ਇਸ ਵਾਰ ਇਹ ਸਵੱਛਤਾ, ਸੁਰੱਖਿਆ ਤੇ ਡਿਜੀਟਲ ਕੁੰਭ ਹੈ।’ ਉਨ੍ਹਾਂ ਦੱਸਿਆ, ‘2019 ’ਚ ਕੁੰਭ ਹੋਇਆ ਸੀ। ਇਹ ਮਹਾਕੁੰਭ ਹੈ ਅਤੇ ਪਿਛੇ ਕੁੰਭ ’ਚ 24 ਕਰੋੜ ਸ਼ਰਧਾਲੂ ਆਏ ਸਨ ਜਦਕਿ ਇਸ ਵਾਰ 35 ਕਰੋੜ ਤੋਂ ਵੱਧ ਸ਼ਰਧਾਲੂਆਂ ਦੇ ਆਉਣ ਦੀ ਉਮੀਦ ਹੈ।’

## ਇਸਰੋ ਪੁਲਾੜ ਵਿੱਚ ਇੱਕ ਹੋਰ ਇਤਿਹਾਸ ਰਚੇਗਾ; ‘ਹੱਥ ਮਿਲਾਉਣ’ ਲਈ ਦੋਵੇਂ ਉਪਗ੍ਰਹਿ ਤਿੰਨ ਮੀਟਰ ਦੇ ਨੇੜੇ ਆਏ, ਹੁਣ ਡੌਕਿੰਗ ਦੀਆਂ ਤਿਆਰੀਆਂ





ਬੰਗਲੁਰੂ: ਭਾਰਤ ਆਪਣੇ ਸਪੇਡੈਕਸ ਮਿਸ਼ਨ ਵਿੱਚ ਸਫਲਤਾ ਪ੍ਰਾਪਤ ਕਰਨ ਦੇ ਬਹੁਤ ਨੇੜੇ ਆ ਗਿਆ ਹੈ। ਇਸਰੋ ਨੇ ਕਿਹਾ ਕਿ ਸਪੇਸ ਡੌਕਿੰਗ ਪ੍ਰਯੋਗ (ਸ਼ਫਅਧਓਯ) ਦੇ ਤਹਿਤ, ਦੋਵਾਂ ਪੁਲਾੜ ਯਾਨਾਂ ਨੂੰ 15 ਮੀਟਰ ਦੇ ਨੇੜੇ ਅਤੇ ਹੋਰ 3 ਮੀਟਰ ਤੱਕ ਲਿਆਉਣ ਦਾ ਟੈਸਟ ਸਫਲ ਰਿਹਾ ਹੈ। ਦੋਵੇਂ ਪੁਲਾੜ ਯਾਨ ਵਧੀਆ ਕੰਮ ਕਰ ਰਹੇ ਹਨ। ਇਸਰੋ ਨੇ ਇੱਕ ਪੋਸਟ ਵਿੱਚ ਦੱਸਿਆ ਕਿ ਸਪੇਡੈਕਸ ਡੌਕਿੰਗ ਮਿਸ਼ਨ ਦੇ ਤਹਿਤ, ਦੋਵਾਂ ਪੁਲਾੜ ਯਾਨਾਂ ਵਿਚਕਾਰ 15 ਮੀਟਰ ਅਤੇ ਹੋਰ 3 ਮੀਟਰ ਦੀ ਦੂਰੀ ਤੱਕ ਪਹੁੰਚਣ ਲਈ ਇੱਕ ਟੈਸਟ ਕੋਸ਼ਿਸ਼ ਕੀਤੀ ਗਈ ਹੈ। ਡੌਕਿੰਗ ਪ੍ਰਕਿਰਿਆ ਡੇਟਾ ਦੇ ਹੋਰ ਵਿਸ਼ਲੇਸ਼ਣ ਤੋਂ ਬਾਅਦ ਕੀਤੀ ਜਾਵੇਗੀ। ਡੌਕਿੰਗ ਲਈ, ਦੋਵਾਂ ਪੁਲਾੜ ਯਾਨਾਂ ਨੂੰ 225 ਮੀਟਰ ਤੱਕ ਦੀ ਦੂਰੀ ’ਤੇ ਲਿਆਉਣਾ ਪੈਂਦਾ ਹੈ। ਹਾਲਾਂਕਿ, ਇਸਰੋ ਨੇ ਡੌਕਿੰਗ ਪ੍ਰਯੋਗਾਂ ਲਈ ਕੋਈ ਤਾਰੀਖ਼ ਨਿਰਧਾਰਤ ਨਹੀਂ ਕੀਤੀ ਹੈ। ‘ਸਪੇਡੈਕਸ’ ਮਿਸ਼ਨ ਦੇ ਤਹਿਤ, ਭਾਰਤ ਪੁਲਾੜ ਯਾਨ ਨੂੰ ਡੌਕ ਅਤੇ ਅਨਡੌਕ ਕਰਨ ਦੀ ਸਮਰੱਥਾ ਦਾ ਪ੍ਰਦਰਸ਼ਨ ਕਰੇਗਾ। ਇਸ ਸਫਲਤਾ ਦੇ ਨਾਲ, ਭਾਰਤ ਅਮਰੀਕਾ, ਰੂਸ ਅਤੇ ਚੀਨ ਤੋਂ ਬਾਅਦ ਸਪੇਸ ‘ਡੌਕਿੰਗ’ ਤਕਨਾਲੋਜੀ ਦੇ ਸਮਰੱਥ ਦੁਨੀਆ ਦਾ ਚੌਥਾ ਦੇਸ਼ ਬਣ ਜਾਵੇਗਾ। ਇੱਕ ਪੁਲਾੜ ਯਾਨ ਦੇ ਦੂਜੇ ਨਾਲ ਜੁੜਨ ਨੂੰ ਡੌਕਿੰਗ ਕਿਹਾ ਜਾਂਦਾ ਹੈ ਅਤੇ ਪੁਲਾੜ ਵਿੱਚ ਦੋ ਜੁੜੇ ਪੁਲਾੜ ਯਾਨਾਂ ਨੂੰ ਵੱਖ ਕਰਨ ਨੂੰ ਅਨਡੌਕਿੰਗ ਕਿਹਾ ਜਾਂਦਾ ਹੈ। ਇਹ ਤਕਨਾਲੋਜੀ ਭਾਰਤ ਦੇ ਮਹੱਤਵਾਕਾਂਖੀ ਮਿਸ਼ਨਾਂ ਜਿਵੇਂ ਕਿ ਚੰਦਰਮਾ ਤੋਂ ਨਮੂਨੇ ਵਾਪਸ ਲਿਆਉਣਾ, ਭਾਰਤੀ ਪੁਲਾੜ ਕੇਂਦਰ ਦੀ ਉਸਾਰੀ ਆਦਿ ਲਈ ਬਹੁਤ ਮਹੱਤਵਪੂਰਨ ਹੈ। ਇਸਰੋ ਨੇ ਸ਼ਨੀਵਾਰ ਨੂੰ ਯ ’ਤੇ ਪੋਸਟ ਕੀਤਾ ਕਿ ਦੋਵੇਂ ਪੁਲਾੜ ਯਾਨ 230 ਮੀਟਰ ਦੀ ਅੰਤਰ-ਸੈਟੇਲਾਈਟ ਦੂਰੀ ’ਤੇ ਹਨ। ਸੈਂਸਰ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਪੁਲਾੜ ਯਾਨ ਸਹੀ ਢੰਗ ਨਾਲ ਕੰਮ ਕਰ ਰਿਹਾ ਹੈ। ਸਪੈਡੈਕਸ ਡੌਕਿੰਗ ਪ੍ਰਯੋਗ ਹੁਣ ਤੱਕ ਦੋ ਵਾਰ ਮੁਲਤਵੀ ਕੀਤਾ ਜਾ ਚੁੱਕਾ ਹੈ।ਜਦੋਂ ਮਿਸ਼ਨ ਲਾਂਚ ਕੀਤਾ ਗਿਆ ਸੀ, ਤਾਂ ਡੌਕਿੰਗ ਪ੍ਰਕਿਰਿਆ 7 ਜਨਵਰੀ ਲਈ ਯੋਜਨਾਬੱਧ ਸੀ, ਪਰ ਡੌਕਿੰਗ ਨੂੰ 9 ਜਨਵਰੀ ਤੱਕ ਮੁਲਤਵੀ ਕਰ ਦਿੱਤਾ ਗਿਆ ਸੀ। ਪੁਲਾੜ ਯਾਨ ਨੂੰ ਲੋੜੀਂਦੀ ਦੂਰੀ ਤੱਕ ਲਿਆਉਣ ਵਿੱਚ ਸਫਲਤਾ ਦੇ ਕਾਰਨ ਇਸਨੂੰ ਦੁਬਾਰਾ ਮੁਲਤਵੀ ਕਰ ਦਿੱਤਾ ਗਿਆ। ਇਸਰੋ ਨੇ 30 ਦਸੰਬਰ ਨੂੰ ‘ਸਪੈਡੇਕਸ’ ਮਿਸ਼ਨ ਲਾਂਚ ਕੀਤਾ।

## ਬ੍ਰੇਕ ਫੇਲ੍ਹ ਹੋ ਗਏ, ਤਾਂ ਟ੍ਰੇਲਰ ਹਾਈਵੇਅ ‘ਤੇ ਕਈ ਵਾਹਨਾਂ ਨਾਲ ਟਕਰਾ ਗਿਆ

ਕਰਕ (ਪਾਕਿਸਤਾਨ): ਪਾਕਿਸਤਾਨ ਦੇ ਕਰਕ ਦੇ ਅੰਬਰੀ ਚੌਕ ‘ਤੇ ਸ਼ਨੀਵਾਰ ਨੂੰ ਇੱਕ ਭਿਆਨਕ ਸੜਕ ਹਾਦਸੇ ਵਿੱਚ ਘੱਟੋ-ਘੱਟ 12 ਲੋਕਾਂ ਦੀ ਮੌਤ ਹੋ ਗਈ ਅਤੇ 25 ਹੋਰ ਜ਼ਖਮੀ ਹੋ ਗਏ। ਇਹ ਜਾਣਕਾਰੀ ਮੀਡੀਆ ਰਿਪੋਰਟਾਂ ਵਿੱਚ ਦਿੱਤੀ ਗਈ ਹੈ। ਕਰਕ ਦੇ ਡਿਪਟੀ ਕਮਿਸ਼ਨਰ ਸ਼ਕੀਲ ਜਾਨ ਮਰਵਾਤ ਨੇ ਕਿਹਾ ਕਿ ਇਹ ਹਾਦਸਾ ਟ੍ਰੇਲਰ ਦੇ ਬ੍ਰੇਕ ਫੇਲ ਹੋਣ ਕਾਰਨ ਹੋਇਆ। ਇਸ ਕਾਰਨ, ਟ੍ਰੇਲਰ ਸਿੰਧ ਹਾਈਵੇਅ ‘ਤੇ ਇੱਕ ਯਾਤਰੀ ਕੋਚ ਅਤੇ ਕਈ ਹੋਰ ਵਾਹਨਾਂ ਨਾਲ ਟਕਰਾ ਗਿਆ। ਉਨ੍ਹਾਂ ਕਿਹਾ ਕਿ ਐਮਰਜੈਂਸੀ ਸੇਵਾਵਾਂ ਦੇਣ ਵਾਲਿਆਂ ਨੇ ਜ਼ਖਮੀਆਂ ਨੂੰ ਨੇੜਲੇ ਹਸਪਤਾਲਾਂ ਵਿੱਚ ਪਹੁੰਚਾਇਆ ਜਿੱਥੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ, ਖੈਬਰ ਪਖਤੂਨਖਵਾ ਦੇ ਗਵਰਨਰ ਫੈਜ਼ਲ ਕਰੀਮ ਕੁੰਡੀ ਨੇ ਘਟਨਾ ਦਾ ਨੋਟਿਸ ਲਿਆ ਹੈ ਅਤੇ ਵੇਰਵੇ ਮੰਗੇ ਹਨ। ਉਨ੍ਹਾਂ ਸਿਹਤ ਵਿਭਾਗ ਨੂੰ ਜ਼ਖਮੀਆਂ ਨੂੰ ਤੁਰੰਤ ਡਾਕਟਰੀ ਸਹਾਇਤਾ ਪ੍ਰਦਾਨ ਕਰਨ ਅਤੇ ਹਿਲਾਲ-ਏ-ਅਹਮਰ ਟੀਮਾਂ ਨੂੰ ਅੰਬੀਰੀ ਚੌਕ ‘ਤੇ ਰਾਹਤ ਗਤੀਵਿਧੀਆਂ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਵਰਕਰਾਂ ਨੂੰ ਰਾਹਤ ਕਾਰਜਾਂ ਵਿੱਚ ਸਹਾਇਤਾ ਕਰਨ ਅਤੇ ਪੀੜਤਾਂ ਦੀ ਮਦਦ ਲਈ ਖੂਨਦਾਨ ਕਰਨ ਦੀ ਅਪੀਲ ਵੀ ਕੀਤੀ। ਪੀ.ਪੀ.ਪੀ. ਸੈਨੇਟਰ ਸ਼ੈਰੀ ਰਹਿਮਾਨ ਨੇ ਜਾਨੀ ਨੁਕਸਾਨ ‘ਤੇ ਦੁੱਖ ਪ੍ਰਗਟ ਕੀਤਾ ਅਤੇ ਸਥਾਨਕ ਸਰਕਾਰ ਦੇ ਨਾਲ-ਨਾਲ ਜ਼ਿਲ੍ਹਾ ਪ੍ਰਸ਼ਾਸਨ ਨੂੰ ਪੀੜਤਾਂ ਲਈ ਸਭ ਤੋਂ ਵਧੀਆ ਸੰਭਵ ਰਾਹਤ ਸਹੂਲਤਾਂ ਦਾ ਪ੍ਰਬੰਧ ਯਕੀਨੀ ਬਣਾਉਣ ਦੀ ਅਪੀਲ ਕੀਤੀ।

## ਮਨੀਪੁਰ ’ਚ ਭੀੜ ਦੀ ਹਿੰਸਾ ਤੋਂ ਬਾਅਦ ਅਸਾਮ ਰਾਈਫਲਜ਼ ਨੇ ਕੈਂਪ ਖਾਲੀ ਕੀਤਾ



ਇੰਫਾਲ : ਮਨੀਪੁਰ ਦੇ ਕਾਮਜੋਂਗ ਜ਼ਿਲ੍ਹੇ ’ਚ ਗੁੱਸੇ ’ਚ ਆਈ ਭੀੜ ਵਲੋਂ ਅਸਾਮ ਰਾਈਫਲਜ਼ ਦੇ ਅਸਥਾਈ ਕੈਂਪ ’ਚ ਭੰਨਤੋੜ ਕੀਤੇ ਜਾਣ ਦੇ ਇਕ ਦਿਨ ਬਾਅਦ ਨੀਮ ਫ਼ੌਜੀ ਬਲਾਂ ਦੇ ਜਵਾਨਾਂ ਨੇ ਐਤਵਾਰ ਨੂੰ ਕੈਂਪ ਖਾਲੀ ਕਰ ਦਿਤਾ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿਤੀ। ਸਨਿਚਰਵਾਰ ਨੂੰ ਭੀੜ ਨੇ ਹਾਂਗਬੇਈ ਪਿੰਡ ’ਚ ਕੈਂਪ ’ਤੇ ਹਮਲਾ ਕਰ ਦਿਤਾ ਅਤੇ ਲੱਕੜ ਦੀ ਢੋਆ-ਢੁਆਈ ’ਤੇ ਪਾਬੰਦੀ ਨੂੰ ਲੈ ਕੇ ਕੈਂਪ ਨੂੰ ਤਬਾਹ ਕਰ ਦਿਤਾ। ਇਕ ਅਧਿਕਾਰੀ ਨੇ ਦਸਿਆ ਕਿ ਐਤਵਾਰ ਨੂੰ ਹੋਈ ਬੈਠਕ ਦੌਰਾਨ ਦੋਹਾਂ ਧਿਰਾਂ ਵਿਚਾਲੇ ਸਮਝੌਤਾ ਹੋ ਗਿਆ। ਮੀਟਿੰਗ ’ਚ ਤੰਗਖੁਲ ਨਾਗਾ ਸਿਟੀਜ਼ਨ ਗਰੁੱਪ ਅਤੇ ਅਸਾਮ ਰਾਈਫਲਜ਼ ਦੇ ਨੁਮਾਇੰਦਿਆਂ ਤੋਂ ਇਲਾਵਾ ਕਾਮਜੋਂਗ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਅਤੇ ਡਿਪਟੀ ਕਮਿਸ਼ਨਰ ਨੇ ਹਿੱਸਾ ਲਿਆ। ਅਧਿਕਾਰੀ ਨੇ ਕਿਹਾ, ‘‘ਸਥਿਤੀ ਸ਼ਾਂਤੀਪੂਰਨ ਹੈ ਅਤੇ ਐਤਵਾਰ ਨੂੰ ਕਿਸੇ ਅਣਸੁਖਾਵੀਂ ਘਟਨਾ ਦੀ ਖ਼ਬਰ ਨਹੀਂ ਹੈ।’’ ਅਸਾਮ ਰਾਈਫਲਜ਼ ਨੇ ਹਾਂਗਬੇਈ ਵਿਚ ਇਕ ਚੌਕੀ ਸਥਾਪਤ ਕੀਤੀ ਸੀ ਅਤੇ ਇਕ ਅਸਥਾਈ ਕੈਂਪ ਬਣਾਇਆ ਸੀ, ਜਿਸ ਤੋਂ ਬਾਅਦ ਗੁਆਂਢੀ ਪਿੰਡਾਂ ਦੇ ਵਸਨੀਕਾਂ ਨੇ ਅਰਧ ਸੈਨਿਕ ਬਲ ’ਤੇ ਉਨ੍ਹਾਂ ਦੀ ਆਵਾਜਾਈ ਨੂੰ ਪਰੇਸ਼ਾਨ ਕਰਨ ਅਤੇ ਸੀਮਤ ਕਰਨ ਦਾ ਦੋਸ਼ ਲਾਇਆ ਸੀ। ਨਾਗਾ ਬਹੁਗਿਣਤੀ ਜ਼ਿਲ੍ਹੇ ਦੇ ਕਾਸੋਮ ਖੁਲੇਨ ਬਲਾਕ ਦੇ ਪਿੰਡ ਵਾਸੀਆਂ ਨੇ ਸਨਿਚਰਵਾਰ ਨੂੰ ਅਸਾਮ ਰਾਈਫਲਜ਼ ਦੇ ਇਕ ਅਸਥਾਈ ਕੈਂਪ ’ਤੇ ਹਮਲਾ ਕੀਤਾ ਅਤੇ ਉਸ ਨੂੰ ਢਾਹ ਦਿਤਾ। ਜਦਕਿ ਅਸਾਮ ਰਾਈਫਲਜ਼ ਨੇ ਕਿਹਾ ਕਿ 11 ਜਨਵਰੀ ਨੂੰ ਹਾਂਗਬੇਈ ’ਚ ਇਕ ਚੌਕੀ ’ਤੇ ਤਾਇਨਾਤ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਇਕ ਗੱਡੀ ਦੀ ਜਾਂਚ ਕੀਤੀ ਅਤੇ ਪਾਇਆ ਕਿ ਲੱਕੜ ਨਾਲ ਭਰੇ ਵਾਹਨ ’ਚ ਲਾਜ਼ਮੀ ਦਸਤਾਵੇਜ਼ ਨਹੀਂ ਸਨ। ਪ੍ਰਕਿਰਿਆ ਦੀ ਪਾਲਣਾ ਕਰਦਿਆਂ ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਗੱਡੀ ਨੂੰ ਰੋਕਿਆ। ਨੀਮ ਫ਼ੌਜੀ ਬਲ ਨੇ ਦੋਸ਼ ਲਾਇਆ ਕਿ ਸ਼ਰਾਰਤੀ ਅਨਸਰਾਂ ਨੇ ਸਥਾਨਕ ਲੋਕਾਂ ਨੂੰ ਆਸਾਮ ਰਾਈਫਲਜ਼ ਦੇ ਜਵਾਨਾਂ ’ਤੇ ਗੱਡੀਆਂ ਛੱਡਣ ਲਈ ਦਬਾਅ ਪਾਉਣ ਲਈ ਉਕਸਾਇਆ। ਅਸਾਮ ਰਾਈਫਲਜ਼ ਨੇ ਦਾਅਵਾ ਕੀਤਾ ਕਿ ਭੀੜ ਹਿੰਸਕ ਹੋ ਗਈ, ਜਿਸ ਤੋਂ ਬਾਅਦ ਜਵਾਨਾਂ ਨੇ ਉਚਿਤ ਅਤੇ ਜ਼ਰੂਰੀ ਕਾਰਵਾਈ ਕੀਤੀ। ਅਸਾਮ ਰਾਈਫਲਜ਼ ਦੇ ਜਵਾਨਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਹਵਾ ਵਿਚ ਗੋਲੀਆਂ ਚਲਾਈਆਂ। ਇਸ ਹਾਦਸੇ ’ਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

ਅਸਾਮ ਰਾਈਫਲਜ਼ ਮਨੀਪੁਰ ਦੇ ਵੱਖ-ਵੱਖ ਖੇਤਰਾਂ ’ਚ ਤਾਇਨਾਤ ਕੇਂਦਰੀ ਬਲਾਂ ’ਚੋਂ ਇਕ ਹੈ। ਮਈ 2023 ਤੋਂ ਲੈ ਕੇ ਹੁਣ ਤਕ ਸੂਬੇ ਵਿਚ ਕੁਕੀ ਅਤੇ ਮੇਈਤੇਈ ਭਾਈਚਾਰਿਆਂ ਵਿਚਾਲੇ ਨਸਲੀ ਹਿੰਸਾ ਵਿਚ 250 ਤੋਂ ਵੱਧ ਲੋਕ ਮਾਰੇ ਗਏ ਸਨ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ ਸਨ।

## ਉੱਤਰਾਖੰਡ: ਪੌੜੀ ’ਚ ਸੜਕ ਹਾਦਸੇ ’ਚ 5 ਲੋਕਾਂ ਦੀ ਮੌਤ, 17 ਜ਼ਖਮੀ



ਦੇਹਰਾਦੂਨ: ਉਤਰਾਖੰਡ ਦੇ ਪੌੜੀ ਜ਼ਿਲ੍ਹੇ ਦੇ ਸ੍ਰੀਨਗਰ ਇਲਾਕੇ ’ਚ ਐਤਵਾਰ ਨੂੰ ਇਕ ਬੱਸ ਦੇ ਖੱਡ ’ਚ ਡਿੱਗਣ ਨਾਲ 5 ਲੋਕਾਂ ਦੀ ਮੌਤ ਹੋ ਗਈ ਅਤੇ 17 ਹੋਰ ਜ਼ਖਮੀ ਹੋ ਗਏ। ਸੂਬਾ ਬਿਪਤਾ ਕਾਰਵਾਈ ਫੋਰਸ (ਐੱਸ.ਡੀ.ਆਰ.ਐੱਫ.) ਤੋਂ ਮਿਲੀ ਜਾਣਕਾਰੀ ਮੁਤਾਬਕ ਇਹ ਹਾਦਸਾ ਦਹਲਚੌਰੀ ਨੇੜੇ ਵਾਪਰਿਆ, ਜਿੱਥੇ ਬੱਸ ਕੰਟਰੋਲ ਗੁਆ ਬੈਠੀ ਅਤੇ ਸੜਕ ਤੋਂ 100 ਮੀਟਰ ਹੇਠਾਂ ਖੱਡ ’ਚ ਡਿੱਗ ਗਈ। ਬੱਸ ਪੌੜੀ ਤੋਂ ਦਹਲਚੌਰੀ ਜਾ ਰਹੀ ਸੀ ਜਦੋਂ ਇਹ ਹਾਦਸਾ ਵਾਪਰਿਆ ਅਤੇ ਇਸ ’ਚ 22 ਲੋਕ ਸਵਾਰ ਸਨ।ਚਾਰ ਵਿਅਕਤੀਆਂ ਦੀ ਮੌਕੇ ’ਤੇ ਹੀ ਮੌਤ ਹੋ ਗਈ ਜਦਕਿ ਇਕ ਹੋਰ ਨੇ ਬਾਅਦ ਵਿਚ ਦਮ ਤੋੜ ਦਿਤਾ। ਸਥਾਨਕ ਲੋਕਾਂ ਨੇ ਵੀ ਹਾਦਸੇ ਤੋਂ ਬਾਅਦ ਬਚਾਅ ਕਾਰਜਾਂ ’ਚ ਮਦਦ ਕੀਤੀ ਅਤੇ ਜ਼ਖਮੀਆਂ ਨੂੰ ਬਾਹਰ ਕੱਢ ਕੇ ਪੌੜੀ ਦੇ ਜ਼ਿਲ੍ਹਾ ਹਸਪਤਾਲ ਭੇਜਿਆ ਗਿਆ। ਜ਼ਖਮੀਆਂ ਵਿਚੋਂ ਅੱਠ ਨੂੰ ਉੱਚ ਸਿਹਤ ਕੇਂਦਰ ਸ੍ਰੀਨਗਰ ਰੈਫਰ ਕਰ ਦਿਤਾ ਗਿਆ ਹੈ ਕਿਉਂਕਿ ਉਨ੍ਹਾਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ। ਪੌੜੀ ਦੇ ਜ਼ਿਲ੍ਹਾ ਮੈਜਿਸਟਰੇਟ ਡਾਕਟਰ ਆਸ਼ੀਸ਼ ਚੌਹਾਨ ਮੌਕੇ ’ਤੇ ਪਹੁੰਚੇ ਅਤੇ ਅਪਣੀ ਨਿਗਰਾਨੀ ਹੇਠ ਬਚਾਅ ਕਾਰਜ ਕੀਤਾ। ਉਨ੍ਹਾਂ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੂੰ ਹਾਦਸੇ ਦੇ ਕਾਰਨਾਂ ਦੀ ਜਾਂਚ ਕਰਨ ਦੇ ਹੁਕਮ ਦਿਤੇ।

## ਹਿਮਾਚਲ ਪ੍ਰਦੇਸ਼ ਦੇ ਉੱਚੇ ਇਲਾਕਿਆਂ ਵਿੱਚ ਹਲਕੀ ਬਰਫ਼ਬਾਰੀ



ਸ਼ਿਮਲਾ: ਹਿਮਾਚਲ ਪ੍ਰਦੇਸ਼ ਦੇ ਕਬਾਇਲੀ ਇਲਾਕਿਆਂ ਅਤੇ ਹੋਰ ਉੱਚੇ ਖੇਤਰਾਂ ਵਿੱਚ ਹਲਕੀ ਬਰਫ਼ਬਾਰੀ ਹੋਈ ਜਦਕਿ ਵਾਦੀ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਹਲਕਾ ਮੀਂਹ ਪਿਆ। ਇਹ ਜਾਣਕਾਰੀ ਅੱਜ ਅਧਿਕਾਰੀਆਂ ਨੇ ਦਿੱਤੀ। ਮੌਸਮ ਵਿਭਾਗ ਦੇ ਸਥਾਨਕ ਦਫ਼ਤਰ ਨੇ ਦੱਸਿਆ ਕਿ ਸ਼ਨਿਚਰਵਾਰ ਰਾਤ ਨੂੰ ਕਬਾਇਲੀ ਜ਼ਿਲ੍ਹੇ ਲਾਹੌਲ ਤੇ ਸਪਿਤੀ ਵਿੱਚ 6 ਸੈਂਟੀਮੀਟਰ ਬਰਫ਼ਬਾਰੀ ਪਈ। ਉਸ ਤੋਂ ਬਾਅਦ ਕੋਠੀ, ਖਦਰਾਲਾ, ਕੀਲੌਂਗ, ਸ਼ਿਲਾਰੂ ਵਿੱਚ ਪੰਜ-ਪੰਜ ਸੈਂਟੀਮੀਟਰ, ਜੋਤ ਵਿੱਚ 4 ਸੈਂਟੀਮੀਟਰ, ਕਲਪਾ ’ਚ 0.8 ਸੈਂਟੀਮੀਟਰ ਅਤੇ ਕੁਕੁਮਸੇਰੀ ਵਿੱਚ 0.5 ਸੈਂਟੀਮੀਟਰ ਬਰਫ਼ਬਾਰੀ ਹੋਈ। ਇਸੇ ਤਰ੍ਹਾਂ ਕੁੱਲੂ ਜ਼ਿਲ੍ਹੇ ਵਿੱਚ ਪੈਂਦੇ ਮਨਾਲੀ ਅਤੇ ਚੰਬਾ ਜ਼ਿਲ੍ਹੇ ਵਿੱਚ ਭਰਮੌਰ ਦੇ ਉੱਚੇ ਇਲਾਕਿਆਂ ਵਿੱਚ ਵੀ ਬਰਫ਼ਬਾਰੀ ਹੋਈ। ਸੂਬੇ ਦੇ ਕੁਝ ਹਿੱਸਿਆਂ ਵਿੱਚ ਰੁਕ-ਰੁਕ ਕੇ ਮੀਂਹ ਪੈਂਦਾ ਰਿਹਾ। ਸਾਰਾਹ ਵਿੱਚ 18.1 ਮਿਲੀਮੀਟਰ ਬਾਰਿਸ਼ ਦਰਜ ਕੀਤੀ ਗਈ। ਉਸ ਤੋਂ ਬਾਅਦ ਰੋਹੜੂ ਵਿੱਚ 15 ਮਿਲੀਮੀਟਰ, ਮਨਾਲੀ ’ਚ 5 ਮਿਲੀਮੀਟਰ, ਪਾਊਂਟਾ ਸਾਹਿਬ ਵਿੱਚ 4.8 ਮਿਲੀਮੀਟਰ, ਕਸੌਲੀ ’ਚ 4.5 ਮਿਲੀਮੀਟਰ, ਧੌਲਾ ਕੁਆਂ ਵਿੱਚ ਚਾਰ ਮਿਲੀਮੀਟਰ, ਨਾਹਨ ’ਚ 3.8 ਮਿਲੀਮੀਟਰ ਅਤੇ ਸਿਓਬਾਗ ਤੇ ਭੁਨਤਰ ਵਿੱਚ 3 ਮਿਲੀਮੀਟਰ ਮੀਂਹ ਦਰਜ ਕੀਤਾ ਗਿਆ। ਸੁੰਦਰਨਗਰ ਵਿੱਚ ਦਰਮਿਆਨੀ ਧੁੰਦ ਦੇਖੀ ਗਈ ਅਤੇ ਮੰਡੀ ਤੇ ਕਲਪਾ ਵਿੱਚ ਘੱਟ ਧੁੰਦ ਦੇਖੀ ਗਈ। ਮੌਸਮ ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਛੋਟੀਆਂ ਪਹਾੜੀਆਂ ਅਤੇ ਮੈਦਾਨੀ ਇਲਾਕਿਆਂ ਵਿਚਲੀਆਂ ਖਾਲੀ ਥਾਵਾਂ ’ਤੇ ਬੁੱਧਵਾਰ ਤੱਕ ਸੰਘਣੀ ਧੁੰਦ ਪਵੇਗੀ। ਲਾਹੌਲ ਤੇ ਸਪਿਤੀ ਜ਼ਿਲ੍ਹੇ ਵਿੱਚ ਪੈਂਦਾ ਤਾਬੋ ਰਾਤ ਸਮੇਂ ਸਭ ਤੋਂ ਠੰਢਾ ਸਥਾਨ ਰਿਹਾ ਜਿੱਥੇ ਘੱਟੋ-ਘੱਟ ਤਾਪਮਾਨ ਮਨਫ਼ੀ 5.2 ਡਿਗਰੀ ਦਰਜ ਕੀਤਾ ਗਿਆ।

**ਕਸ਼ਮੀਰ ਵਿੱਚ ਠੰਢ ਤੋਂ ਮਾਮੂਲੀ ਰਾਹਤ**

ਸ੍ਰੀਨਗਰ: ਸਾਰੇ ਕਸ਼ਮੀਰ ਵਿੱਚ ਰਾਤ ਭਰ ਬੱਦਲਵਾਈ ਰਹਿਣ ਕਾਰਨ ਤਾਪਮਾਨ ਵਿੱਚ ਮਾਮੂਲੀ ਵਾਧਾ ਹੋਇਆ ਪਰ ਇਹ ਅਜੇ ਵੀ ਜੰਮਣ ਵਾਲੇ ਬਿੰਦੂ ਤੋਂ ਹੇਠਾਂ ਹੈ। ਇਹ ਜਾਣਕਾਰੀ ਅੱਜ ਅਧਿਕਾਰੀਆਂ ਨੇ ਦਿੱਤੀ। ਸ੍ਰੀਨਗਰ ਵਿੱਚ ਸ਼ਨਿਚਰਵਾਰ ਰਾਤ ਨੂੰ ਘੱਟੋ ਘੱਟ ਤਾਪਮਾਨ ਮਨਫ਼ੀ 3 ਡਿਗਰੀ ਦਰਜ ਕੀਤਾ ਗਿਆ। ਵਾਦੀ ਵਿੱਚ ਸਭ ਤੋਂ ਠੰਢੀ ਜਗ੍ਹਾ ਪਹਿਲਗਾਮ ਰਹੀ, ਜਿੱਥੇ ਘੱਟੋ ਘੱਟ ਤਾਪਮਾਨ ਮਨਫ਼ੀ 6.2 ਡਿਗਰੀ ਦਰਜ ਕੀਤਾ ਗਿਆ।

## ਰਾਸ਼ਟਰਪਤੀ ਮੁਰਮੂ ਵੱਲੋਂ ਦੇਸ਼ ਵਾਸੀਆਂ ਨੂੰ ਲੋਹੜੀ ਤੇ ਮਾਘੀ ਦੀ ਵਧਾਈ



ਨਵੀਂ ਦਿੱਲੀ: ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਦੇਸ਼ ਵਾਸੀਆਂ ਨੂੰ ਲੋਹੜੀ, ਮਾਘੀ, ਪੋਂਗਲ ਤੇ ਮਾਘ ਬਿਹੂ ਦੀਆਂ ਵਧਾਈਆਂ ਦਿੱਤੀਆਂ ਅਤੇ ਉਮੀਦ ਜ਼ਾਹਿਰ ਕੀਤੀ ਕਿ ਇਹ ਤਿਉਹਾਰ ਹਰ ਕਿਸੇ ਦੀ ਜ਼ਿੰਦਗੀ ’ਚ ਖ਼ੁਸ਼ੀ ਤੇ ਖ਼ੁਸ਼ਹਾਲੀ ਲਿਆਉਣ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ ਦੇ ਪ੍ਰਤੀਕ ਹਨ ਅਤੇ ਆਪਣੇ ਨਾਲ ਆਨੰਦ ਤੇ ਉਤਸ਼ਾਹ ਲਿਆਉਂਦੇ ਹਨ। ਉਨ੍ਹਾਂ ਕਿਹਾ, ‘ਭਾਰਤ ਦੇ ਵੱਖ ਵੱਖ ਹਿੱਸਿਆਂ ’ਚ ਵੱਖ ਵੱਖ ਢੰਗਾਂ ਨਾਲ ਮਨਾਏ ਜਾਣ ਵਾਲੇ ਇਹ ਤਿਉਹਾਰ ਕੁਦਰਤ ਦੇ ਨਾਲ ਸਾਡੇ ਸੁਹਿਰਦ ਸਬੰਧਾਂ ਨੂੰ ਦਰਸਾਉਂਦੇ ਹਨ। ਲੋਕ ਇਨ੍ਹਾਂ ਮੌਕਿਆਂ ’ਤੇ ਪਵਿੱਤਰ ਨਦੀਆਂ ’ਚ ਡੁਬਕੀ ਲਾਉਂਦੇ ਹਨ ਅਤੇ ਦਾਨ-ਪੁੰਨ ਵੀ ਕਰਦੇ ਹਨ।’ ਰਾਸ਼ਟਰਪਤੀ ਨੇ ਕਿਹਾ, ‘ਇਨ੍ਹਾਂ ਤਿਉਹਾਰਾਂ ਰਾਹੀਂ ਜੋ ਫਸਲਾਂ ਨਾਲ ਵੀ ਜੁੜੇ ਹੋਏ ਹਨ, ਅਸੀਂ ਮਿਹਨਤੀ ਕਿਸਾਨਾਂ ਪ੍ਰਤੀ ਆਪਣਾ ਸ਼ੁਕਰਾਨਾ ਜ਼ਾਹਿਰ ਕਰਦੇ ਹਾਂ ਜੋ ਦੇਸ਼ ਦਾ ਢਿੱਡ ਭਰਨ ਲਈ ਅਣਥੱਕ ਮਿਹਨਤ ਕਰਦੇ ਹਾਂ।

## ਅਮਰੀਕਾ: ਟਰੰਪ ਦੇ ਹਲਫ਼ਦਾਰੀ ਸਮਾਗਮ ’ਚ ਸ਼ਾਮਲ ਹੋਣਗੇ ਜੈਸ਼ੰਕਰ



ਨਵੀਂ ਦਿੱਲੀ: ਵਿਦੇਸ਼ ਮੰਤਰੀ ਐੱਸ. ਜੈਸ਼ੰਕਰ 20 ਜਨਵਰੀ ਨੂੰ ਵਾਸ਼ਿੰਗਟਨ ਡੀਸੀ ਵਿਚ ਅਮਰੀਕਾ ਦੇ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਦੇ ਹਲਫ਼ਦਾਰੀ ਸਮਾਗਮ ਵਿਚ ਭਾਰਤ ਦੀ ਨੁਮਾਇੰਦਗੀ ਕਰਨਗੇ। ਟਰੰਪ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣਗੇ।ਵਿਦੇਸ਼ ਮੰਤਰਾਲੇ ਨੇ ਅੱਜ ਦੱਸਿਆ ਕਿ ਆਪਣੀ ਇਸ ਫੇਰੀ ਦੌਰਾਨ ਜੈਸ਼ੰਕਰ ਅਗਾਮੀ ਟਰੰਪ ਪ੍ਰਸ਼ਾਸਨ ਦੇ ਨੁਮਾਇੰਦਿਆਂ ਨੂੰ ਵੀ ਮਿਲਣਗੇ। ਪਿਛਲੇ ਸਾਲ ਨਵੰਬਰ ’ਚ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਹੋਈਆਂ ਚੋਣਾਂ ’ਚ ਟਰੰਪ ਨੇ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਹਰਾਇਆ ਸੀ। ਜੈਸ਼ੰਕਰ ਨੇ ਪਿਛਲੇ ਮਹੀਨੇ ਕਿਹਾ ਸੀ ਕਿ ਟਰੰਪ ਦਾ ਭਾਰਤ ਪ੍ਰਤੀ ਸਕਾਰਾਤਮਕ ਰਾਜਨੀਤਕ ਨਜ਼ਰੀਆ ਰਿਹਾ ਹੈ ਅਤੇ ਭਾਰਤ ਉਨ੍ਹਾਂ ਦੇ ਪ੍ਰਸ਼ਾਸਨ ਨਾਲ ਡੂੰਘੇ ਸਬੰਧ ਬਣਾਉਣ ਅਤੇ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਲਈ ਕਈ ਹੋਰ ਮੁਲਕਾਂ ਮੁਕਾਬਲੇ ਵੱਧ ਲਾਭਦਾਇਕ ਸਥਿਤੀ ਵਿੱਚ ਹੈ।ਵਿਦੇਸ਼ ਮੰਤਰਾਲੇ ਨੇ ਅੱਜ ਇਹ ਐਲਾਨ ਕਰਦਿਆਂ ਕਿਹਾ ਕਿ ‘ਟਰੰਪ-ਵਾਂਸ (ਜੇਡੀ ਵਾਂਸ) ਉਦਘਾਟਨੀ ਕਮੇਟੀ ਦੇ ਸੱਦੇ ਉੱਤੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਮਨੋਨੀਤ ਰਾਸ਼ਟਰਪਤੀ ਡੋਨਲਡ ਟਰੰਪ ਦੇ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਹਲਫ਼ਦਾਰੀ ਸਮਾਗਮ ’ਚ ਭਾਰਤ ਸਰਕਾਰ ਦੇ ਨੁਮਾਇੰਦੇ ਵਜੋਂ ਸ਼ਿਰਕਤ ਕਰਨਗੇ।’ ਜੇਡੀ ਵਾਂਸ ਅਮਰੀਕਾ ਦੇ ਨਵੇਂ ਉਪ ਰਾਸ਼ਟਰਪਤੀ ਹੋਣਗੇ।

## ਆੜ੍ਹਤੀਏ ਦਾ ਗੋਲੀਆਂ ਮਾਰ ਕੇ ਕਤਲ, ਭੱਜੇ ਮੁਲਜ਼ਮਾਂ ਦਾ ਪੁਲਿਸ ਵੱਲੋਂ ਐਨਕਾਊਂਟਰ



ਤਰਨਤਾਰਨ: ਅੱਜ ਕੁਝ ਘੰਟੇ ਪਹਿਲਾਂ ਦਿਨ ਦਿਹਾੜੇ ਹਰੀਕੇ ਵਿਖੇ ਆੜ੍ਹਤੀ ਦਾ ਕਤਲ ਕਰਨ ਵਾਲੇ ਕਾਤਲਾਂ ਦਾ ਪੁਲਿਸ ਨਾਲ ਮੁਕਾਬਲਾ ਹੋ ਗਿਆ ਹੈ। ਇਸ ਦੌਰਾਨ ਦੋਹਾਂ ਪਾਸਿਓਂ ਫ਼ਾਇਰਿੰਗ ਹੋ ਗਈ, ਜਿਸ ’ਚ 2 ਬਦਮਾਸ਼ ਜ਼ਖ਼ਮੀ ਹੋ ਗਏ। ਇਸ ਦੌਰਾਨ ਭੱਜਣ ਦੀ ਕੋਸ਼ਿਸ਼ ਕਰ ਰਹੇ ਇਕ ਬਦਮਾਸ਼ ਦਾ ਪੈਰ ਵੀ ਫ਼ਰੈਕਚਰ ਹੋ ਗਿਆ। ਜ਼ਖ਼ਮੀ ਨੂੰ ਇਲਾਜ ਲੀ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਪੁਲਿਸ ਵੱਲੋਂ ਕਤਲ ਕਰਨ ਵਾਲੇ ਦੋ ਬਦਮਾਸ਼ਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਇਸ ਸਬੰਧੀ ਥਾਣਾ ਹਰੀਕੇ ਦੀ ਪੁਲਿਸ ਵੱਲੋਂ ਆੜ੍ਹਤੀ ਉਪਰ ਹਮਲਾ ਕਰਨ ਵਾਲੇ ਮੁਲਜ਼ਮਾਂ ਦਾ ਪਿੱਛਾ ਕੀਤਾ ਗਿਆ। ਇਸ ਦੌਰਾਨ ਮੋਟਰਸਾਈਕਲ ਉੱਪਰ ਸਵਾਰ 2 ਮੁਲਜ਼ਮ ਜਦੋਂ ਪਿੰਡ ਠੱਠੀਆਂ ਮਹੰਤਾਂ ਵਿਖੇ ਪੁੱਜੇ ਤਾਂ ਪਹਿਲਾਂ ਤੋਂ ਹੀ ਇਨ੍ਹਾਂ ਦਾ ਇੰਤਜ਼ਾਰ ਕਾਰ ਉਪਰ ਸਵਾਰ ਸਾਥੀ ਕਰ ਰਿਹਾ ਸੀ। ਮੋਟਰਸਾਈਕਲ ਨੂੰ ਰਸਤੇ ਉੱਪਰ ਸੁੱਟ ਤਿੰਨੇ ਕਾਰ ਦੀ ਮਦਦ ਨਾਲ ਮੌਕੇ ਤੋਂ ਫ਼ਰਾਰ ਹੋ ਗਏ। ਜਦੋਂ ਤਿੰਨੂੰ ਮੁਲਜ਼ਮਾਂ ਦੀ ਕਾਰ ਪਿੰਡ ਅਲੀਪੁਰ ਵਿਖੇ ਪੁੱਜੀ ਤਾਂ ਅੱਗੇ ਰਸਤਾ ਬੰਦ ਹੋਣ ਦੇ ਚਲਦਿਆਂ ਮੁਲਜ਼ਮ ਖੇਤਾਂ ਵਿਚ ਫ਼ਰਾਰ ਹੋ ਗਏ। ਜਦੋਂ ਪੁਲਿਸ ਵੱਲੋਂ ਇਨ੍ਹਾਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਤਾਂ ਮੁਲਜ਼ਮਾਂ ਵੱਲੋਂ ਪੁਲਿਸ ਉੱਪਰ ਫ਼ਾਇਰਿੰਗ ਕਰਨੀ ਸ਼ੁਰੂ ਕਰ ਦਿੱਤੀ ਗਈ। ਪੁਲਿਸ ਵੱਲੋਂ ਕੀਤੀ ਗਈ ਫਾਇਰਿੰਗ ਦੌਰਾਨ ਦੋ ਮੁਲਜ਼ਮ ਜ਼ਖ਼ਮੀ ਹੋ ਗਏ, ਜਿਨ੍ਹਾਂ ਵਿਚੋਂ ਭੱਜਦੇ ਸਮੇਂ ਇਕ ਦਾ ਪੈਰ ਫ਼ਰੈਕਚਰ ਹੋ ਗਿਆ। ਜਦਕਿ ਤੀਸਰਾ ਮੌਕੇ ਤੋਂ ਫ਼ਰਾਰ ਹੋ ਗਿਆ। ਇਸ ਸਾਰੇ ਮਾਮਲੇ ਨੂੰ ਥਾਣਾ ਹਰੀਕੇ ਦੇ ਮੁਖੀ ਇੰਸਪੈਕਟਰ ਰਣਜੀਤ ਸਿੰਘ ਵੱਲੋਂ ਅੰਜਾਮ ਦਿੱਤਾ ਗਿਆ ਹੈ। ਜਿਨਾਂ ਨੇ ਬਹਾਦਰੀ ਨਾਲ ਪੁਲਿਸ ਪਾਰਟੀ ਦੀ ਮਦਦ ਨਾਲ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ ਇਸ ਸਾਰੇ ਮਾਮਲੇ ਦੇ ਪਿੱਛੇ ਡੋਨੀ ਬਲ ਗੈਂਗ ਦਾ ਹੱਥ ਦੱਸਿਆ ਜਾ ਰਿਹਾ ਹੈ। ਇਸ ਮਾਮਲੇ ਵਿਚ ਫਿਰੌਤੀ ਦਾ ਮਾਮਲਾ ਵੀ ਸਾਹਮਣੇ ਆ ਰਿਹਾ ਹੈ। ਦੱਸਣਾ ਬਣਦਾ ਹੈ ਕਿ ਅੱਜ ਸਵੇਰੇ ਰਾਮ ਗੋਪਾਲ (50) ਪੁੱਤਰ ਕਸ਼ਮੀਰ ਚੰਦ ਦੇ ਵਾਸੀ ਹਰੀਕੇ ਅੱਜ ਸਵੇਰੇ ਆਪਣੀ ਆੜ੍ਹਤੀ ਦੀ ਦੁਕਾਨ ਦੇ ਨੇੜੇ ਉਸਾਰੀ ਅਧੀਨ ਇਮਾਰਤ ਦੇ ਕੋਲ ਖੜ੍ਹਾ ਸੀ, ਜਿੱਥੇ ਅਣਪਛਾਤੇ ਬਾਈਕ ਸਵਾਰ ਹਮਲਾਵਰਾਂ ਨੇ ਆ ਕੇ ਉਸ ’ਤੇ ਫ਼ਾਇਰਿੰਗ ਕਰ ਦਿੱਤੀ। ਉੱਥੇ ਖੜ੍ਹੇ ਪ੍ਰਤੱਖ ਦਰਸ਼ੀਆਂ ਅਨੁਸਾਰ ਟੋਟਲ 5 ਰਾਊਂਡ ਫਾਇਰ ਹੋਏ ਜਿਸ ਵਿਚੋਂ ਤਿੰਨ ਰਾਮ ਗੋਪਾਲ ਦੇ ਸਰੀਰ ਵਿਚ ਲੱਗੇ। ਉਸ ਨੂੰ ਇਲਾਜ ਲਈ ਤੁਰੰਤ ਗੁਰੂ ਨਾਨਕ ਹਸਪਤਾਲ ਰੈਫਰ ਕਰ ਦਿੱਤਾ ਗਿਆ ਸੀ ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

## ਕਨੌਜ ਹਾਦਸਾ: ਮਲਬੇ ਹੇਠੋਂ ਸਾਰੇ 28 ਵਰਕਰ ਸੁਰੱਖਿਅਤ ਕੱਢੇ



ਕਨੌਜ(ਯੂ.ਪੀ.): ਕਨੌਜ ਰੇਲਵੇ ਸਟੇਸ਼ਨ ’ਤੇ ਬੀਤੇ ਦਿਨ ਉਸਾਰੀ ਅਧੀਨ ਇਮਾਰਤ ਦੀ ਛੱਤ ਡਿੱਗਣ ਮਗਰੋਂ ਪਿਛਲੇ 16 ਘੰਟਿਆਂ ਤੋਂ ਜਾਰੀ ਰਾਹਤ ਤੇ ਬਚਾਅ ਕਾਰਜਾਂ ਤੋਂ ਬਾਅਦ ਸਾਰੇ 28 ਵਰਕਰਾਂ ਨੂੰ ਮਲਬੇ ਹੇਠੋਂ ਸੁਰੱਖਿਅਤ ਕੱਢਿਆ ਗਿਆ ਹੈ। ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਕਾਮਿਆਂ ਨੂੰ ਇਲਾਜ ਲਈ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਚੇਤੇ ਰਹੇ ਕਿ ਸ਼ਨਿਚਰਵਾਰ ਬਾਅਦ ਦੁਪਹਿਰ ਰੇਲਵੇ ਸਟੇਸ਼ਨ ’ਤੇ ਉਸਾਰੀ ਅਧੀਨ ਇਮਾਰਤ ਦੀ ਛੱਤ ਡਿੱਗਣ ਕਾਰਨ ਕਈ ਵਰਕਰ ਮਲਬੇ ਹੇਠ ਦੱਬ ਗਏ ਸਨ। ਰਾਹਤ ਕਾਰਜਾਂ ’ਚ ਲੱਗੀਆਂ ਟੀਮਾਂ, ਜਿਨ੍ਹਾਂ ਵਿਚ ਨੈਸ਼ਨਲ ਤੇ ਸਟੇਟ ਡਿਜ਼ਾਸਟਰ ਰਿਸਪੌਂਸ ਫੋਰਸ ਦੇ ਮੈਂਬਰ ਵੀ ਸ਼ਾਮਲ ਸਨ, ਨੇ ਪੂਰੀ ਰਾਤ ਚੱਲੇ ਆਪ੍ਰੇਸ਼ਨ ਦੌਰਾਨ ਮਲਬੇ ਹੇਠ ਫਸੇ ਵਰਕਰਾਂ ਨੂੰ ਬਾਹਰ ਕੱਢਿਆ। ਇਸ ਤੋਂ ਪਹਿਲਾਂ ਅੱਜ ਦਿਨੇ ਜ਼ਿਲ੍ਹਾ ਮੈਜਿਸਟਰੇਟ ਸ਼ੁਭਰਾਂਤ ਕੁਮਾਰ ਸ਼ੁਕਲ ਨੇ ਹਾਦਸੇ ਵਾਲੀ ਥਾਂ ਦਾ ਦੌਰਾ ਕੀਤਾ ਤੇ ਹਾਦਸੇ ਵਿਚ ਗਈਆਂ ਜਾਨਾਂ ’ਤੇ ਦੁੱਖ ਜਤਾਇਆ। ਉੱਤਰ ਪੂਰਬੀ ਰੇਲਵੇ ਨੇ ਸ਼ਨਿਚਰਵਾਰ ਨੂੰ ਹਾਦਸੇ ਦੀ ਜਾਂਚ ਲਈ ਤਿੰਨ ਮੈਂਬਰੀ ਕਮੇਟੀ ਦਾ ਗਠਨ ਕੀਤਾ ਸੀ। ਕਮੇਟੀ ਵਿਚ ਚੀਫ ਇੰਜਨੀਅਰਜ਼ ਪਲਾਨਿੰਗ ਐਂਡ ਡਿਜ਼ਾਈਨ, ਵਧੀਕ ਡਿਵੀਜ਼ਨਲ ਰੇਲਵੇ ਮੈਨੇਜਰ (ਇੱਜ਼ਤਨਗਰ) ਤੇ ਰੇਲਵੇ ਪ੍ਰੋਟੈਕਸ਼ਨ ਫੋਰਸ ਦੇ ਮੁੱਖ ਸੁਰੱਖਿਆ ਕਮਿਸ਼ਨਰ ਸ਼ਾਮਲ ਹਨ। ਉੱਤਰ ਪੂਰਬੀ ਰੇਲਵੇ ਨੇ ਮਾਮੂਲੀ ਜ਼ਖ਼ਮੀਆਂ ਲਈ 50,000 ਤੇ ਗੰਭੀਰ ਜ਼ਖ਼ਮੀਆਂ ਲਈ ਢਾਈ ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ।